# ਬਾਰਹਮਾਹਾ

***ਡਾ. ਜਗਜੀਤ ਸਿੰਘ***

ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਤੁਖਾਰੀ ਰਾਗ ਵਿਚ ਬਾਰਹਮਾਹਾ ਵਿਚੋਂ ਭਾਦਉ ਮਹੀਨੇ ਦਾ ਪਾਠ ਤੇ ਸਰਲ ਵਿਆਖਿਆ –

***ਰਾਗੁ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ***

***ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥***
***ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥***
***ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥***
***ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥***
***ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥***
***ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥***

***ਪੰਨਾ – 1108***

ਭਾਵ – ਜੇਠ ਹਾੜ੍ਹ ਮਹੀਨਿਆਂ ਦੀ ਅਤਿ ਦਰਜੇ ਦੀ ਤਪਸ਼ ਅਤੇ ਗਰਮੀ ਨਾਲ ਮਨੁੱਖ, ਪਸ਼ੂ, ਪੰਛੀ ਅਤੇ ਬਨਸਪਤੀ ਉਤੇ ਜੋ ਸੋਕਾ ਆਇਆ ਸੀ, ਸਾਵਣ ਭਾਦੋਂ ਦੀ ਵਰਖਾ ਨੇ ਉਸ ਨੂੰ ਹਰਿਆ ਭਰਿਆ ਕਰ ਦਿਤਾ। ਚਾਰੋਂ ਪਾਸੇ 'ਜਲ ਥਲ ਨੀਰਿ' ਕਾਲੀਆਂ ਘਟਾਵਾਂ ਅਤੇ ਹਰਿਆਵਲ ਵੇਖ ਕੇ ਦਿਲ ਵਿਚ ਪ੍ਰਭੂ ਪਿਆਰ ਅਤੇ ਮਿਲਾਪ ਲਈ ਉਤਸ਼ਾਹ ਪੈਦਾ ਹੁੰਦਾ ਹੈ ਪਰ ਵਿਛੋੜੇ ਕਾਰਨ ਬਿਰਹਾ ਦੀ ਪੀੜਾ ਹੋਰ ਦੁਖਦਾਈ ਮਹਿਸੂਸ ਹੁੰਦੀ ਹੈ। ਸੁਹਣੇ ਵਾਤਾਵਰਣ ਵਿਚ ਜੀਵ ਰੂਪੀ ਇਸਤ੍ਰੀ ਦਾ ਕੋਮਲ ਹਿਰਦਾ ਪ੍ਰਭੂ–ਪਤੀ–ਪ੍ਰਮੇਸ਼ਵਰ ਦੇ ਦਰਸ਼ਨ–ਦੀਦਾਰ ਅਤੇ ਮਿਲਾਪ ਲਈ ਕਿਵੇਂ ਬਿਹਬਲ ਹੁੰਦਾ ਹੈ, ਇਹ ਭਾਵ ਇਸ ਮਹੀਨੇ ਵਿਚ ਪ੍ਰਗਟ ਹੋਏ ਹਨ।

ਭਾਦਉ ਨੂੰ ਭਰਮਾਂ ਦਾ, ਭਟਕਣਾ ਅਤੇ ਭੁਲੇਖਿਆਂ ਦਾ ਮਹੀਨਾ ਵੀ ਕਹਿੰਦੇ ਹਨ। ਕਾਲੇ ਗਰਜਦੇ ਬੱਦਲ ਵੇਖ ਇੰਜ ਲਗਦਾ ਹੈ ਕਿ ਮੀਂਹ ਵਰ੍ਹਿਆ ਕਿ ਵਰ੍ਹਿਆ। ਬਾਹਰ ਖਿੰਡੀਆਂ ਵਸਤੂਆਂ ਦੀ ਮਨੁੱਖ ਸਾਂਭ ਸੰਭਾਲ ਕਰਦਾ ਹੈ ਤੇ ਐਨੇ ਚਿਰ ਵਿਚ ਕੀ ਵੇਖਦਾ ਹੈ ਕਿ ਬੱਦਲ ਤਾਂ ਛਾਂਈ ਮਾਂਈ ਹੋ ਗਏ। ਓਹੀ ਘੁੰਮ ਤੇ ਤਰਾਟਾ। ਐਸੀ ਹਾਲਤ ਵਿਚ ਵਿਸ਼ੇਸ਼ ਕਰਕੇ ਰਾਤ ਬੜੀ ਦੁਖਦਾਈ ਸਿੱਧ ਹੁੰਦੀ ਹੈ। ਤਾਜ਼ੀ ਹਵਾ ਲੈਣ ਲਈ ਕਦੀ ਮਨੁੱਖ ਬਾਹਰ ਖੁਲ੍ਹੇ ਵਿਚ ਪੈਂਦਾ ਹੈ, ਅੱਖ ਲੱਗਣ ਦੀ ਦੇਰ ਹੈ, ਛਮ ਛਮ ਮੀਂਹ ਵਰ੍ਹਣ ਲਗ ਪੈਂਦਾ ਹੈ। ਮਿੰਟਾਂ ਵਿਚ ਪਤਾ ਨਹੀਂ ਬੱਦਲ ਕਿਥੋਂ ਆਏ, ਕੁਝ ਮਿੰਟ ਵਰ੍ਹ ਵਰ੍ਹਾ ਕੇ ਛਾਂਈ ਮਾਂਈ ਹੋ ਗਏ। ਮਨੁੱਖ ਦੀ ਜ਼ਿੰਦਗੀ ਦੀ ਰਾਤ ਵੀ ਇੰਜ ਹੀ ਭਰਮਾਂ ਭੁਲੇਖਿਆਂ ਵਿਚ ਬੀਤ ਜਾਂਦੀ ਹੈ। ਗੁਰੂ ਕ੍ਰਿਪਾ ਸਦਕਾ ਨਾਮ–ਬਾਣੀ ਰਾਹੀਂ ਜੇ ਅੰਦਰ ਅਡੋਲਤਾ ਆ ਜਾਵੇ ਤਾਂ ਮਨੁੱਖ ਨੂੰ ਮਾਇਕ ਭਰਮ ਤੇ ਛਲਾਵੇ ਤੰਗ ਨਹੀਂ ਕਰਦੇ।

ਸਰਲ ਅਰਥ – ਜਿਵੇਂ ਭਾਦਉ ਦੇ ਮਹੀਨੇ ਰੁੱਤ ਦਾ ਭਰਮ ਪਿਆ ਰਹਿੰਦਾ ਹੈ, ਬੱਦਲ ਆਉਂਦੇ ਹਨ, ਵਰ੍ਹ ਵੀ ਸਕਦੇ ਹਨ, ਬਿਨਾਂ ਵਰ੍ਹਿਆਂ ਉਡ ਪੁਡ ਵੀ ਜਾਂਦੇ ਹਨ। ਤੇਜ਼ ਤਿੱਖੀ ਧੁੱਪ ਪਿੰਡਾ ਲੂੰਹਦੀ ਹੈ, ਝੱਟ ਬੱਦਲ ਆ ਠੰਡ ਪਾ ਜਾਂਦੇ ਹਨ। ਭਾਦਉ ਐਸਾ ਭੁਲੇਖੇ ਵਾਲਾ ਮਹੀਨਾ ਹੈ। ਇੰਝ ਹੀ ਜਿਹੜੀ ਇਸਤ੍ਰੀ ਜੋਬਨ ਦੇ ਮਾਣ ਵਿਚ ਭੁਲੇਖਾ ਖਾ ਗਈ, ਮਾਣ ਵਿਚ ਆ ਗਈ, ਗਲਤੀ ਖਾ ਗਈ, ਮਾਇਆ ਨੇ ਮੋਹ ਲਈ, ਪਤੀ–ਪਿਆਰ–ਮਿਲਾਪ ਦਾ ਲਕਸ਼ ਭੁੱਲ ਗਈ, ਉਸ ਨੂੰ ਅੰਤ ਪਛਤਾਨਾ ਹੀ ਪੈਂਦਾ ਹੈ, ਛਲਾਵਾ ਕਦੀ ਸੁੱਖ ਸ਼ਾਂਤੀ ਨਹੀਂ ਦੇ ਸਕਦਾ। ਜੋਬਨ–ਮਤੀ ਜੀਵ ਇਸਤ੍ਰੀ ਪ੍ਰਭੂ ਪ੍ਰੀਤਮ ਨੂੰ ਭੁੱਲ ਕੇ ਮਾਇਕ ਚਮਕ–ਦਮਕ ਨੂੰ ਹੀ ਜੀਵਨ ਲਕਸ਼ ਸਮਝ ਲੈਂਦੀ ਹੈ ਜਿਸ ਦਾ ਨਤੀਜਾ ਘੋਰ ਪਛਤਾਵੇ ਵਿਚ ਹੁੰਦਾ ਹੈ।

ਭਾਦਉ 'ਬਰਸ ਰੁਤੇ', ਵਰਖਾ ਦੀ ਰੁੱਤ ਦਾ ਮਹੀਨਾ ਹੈ, 'ਰੰਗ ਮਾਣਨ' ਪਿਆਰ, ਖੁਸ਼ੀ, ਮਿਲਾਪ ਮਾਣਨ ਦਾ ਮਹੀਨਾ ਹੈ ਜਦੋਂ ਕਿ ਵਰਖਾ ਕਾਰਨ ਸਭ ਟੋਏ ਟਿੱਬੇ ਪਾਨੀ ਨਾਲ ਭਰਪੂਰ ਹੋਏ ਪਏ ਹਨ। ਸੋਹਣੇ ਸੁੰਦਰ ਨਜ਼ਾਰੇ ਅੰਦਰ ਮਿਲਾਪ ਦੀ ਤਾਂਘ ਪੈਦਾ ਕਰਦੇ ਹਨ। ਪਾਠ, ਭਜਨ, ਬੰਦਗੀ, ਸਿਮਰਨ ਦਾ ਸੁਖਾਵਾਂ ਵਾਤਾਵਰਣ ਬਣਾਉਂਦੇ ਹਨ।

ਕਾਲੀਆਂ ਰਾਤਾਂ ਨੂੰ ਛਮ ਛਮ ਮੀਂਹ ਵਰ੍ਹਦਾ ਹੈ, ਪਾਣੀ ਵਿਚ ਡੱਡੂ ਗੜੈਂ–ਗੜੈਂ ਕਰਦੇ ਹਨ, ਮੋਰ ਪੈਲਾਂ ਪਾਉਂਦੇ ਮਿੱਠੇ ਬੋਲ ਬੋਲਦੇ ਹਨ, ਪਪੀਹਾ ਪ੍ਰਿਉ ਪ੍ਰਿਉ ਕਰਦਾ ਹੈ। ਇਹ ਰੁੱਤ ਸੁਹਾਗਣ ਲਈ ਸੁਹਾਵਣੀ ਹੈ ਪਰ ਪ੍ਰਮੇਸ਼ਵਰ ਤੋਂ ਵਿਛੁੜੀ ਦੁਹਾਗਣ ਲਈ ਦੁਖਦਾਈ ਹੈ, ਸੁੱਖਾਂ ਦਾ ਨਹੀਂ, ਦੁਖਾਂ ਦਾ ਕਾਰਨ ਹੈ। ਉਸ ਦੇ ਧਿਆਨ ਵਿਚ ਡਰ ਦੀ ਭਾਵਨਾ ਹੈ, ਉਸ ਨੂੰ ਇਹੀ ਦਿਸਦਾ ਹੈ ਕਿ ਸੱਪ ਡਸਦੇ ਫਿਰਦੇ ਹਨ, ਮੱਛਰ ਡੰਗ ਮਾਰ ਰਹੇ ਹਨ। ਚੁਫੇਰੇ ਛੱਪੜ–ਤਾਲਾਬ ਮੀਂਹ ਦੇ ਪਾਣੀ ਨਾਲ ਭਰੇ ਉਸ ਨੂੰ ਸੁਹਜ–ਸੁਆਦ ਨਹੀਂ ਦਿੰਦੇ, ਸਗੋਂ ਭਿਆਨਕ ਲਗਦੇ ਹਨ। ਸਭ ਦੁਖ ਦਾ ਕਾਰਨ ਦਿਸਦੇ ਹਨ ਪਰ ਅਸਲ ਕਾਰਨ ਉਸ ਦੀ ਬਿਰਹਾ ਹੈ, ਵਿਛੋੜਾ ਹੈ। ਜੀਵ–ਇਸਤ੍ਰੀ ਦੇ ਅੰਦਰ ਇਹ ਅਹਿਸਾਸ ਜਾਗਣਾ ਜ਼ਰੂਰੀ ਹੈ –

'ਬਿਨੁ ਹਰਿ ਕਿਉ ਸੁਖੁ ਪਾਈਐ॥' ਪਤੀ ਪ੍ਰਮੇਸ਼ਵਰ ਦੇ ਮਿਲਾਪ ਤੋਂ ਬਿਨਾਂ ਜੀਵ ਇਸਤ੍ਰੀ ਕਿਵੇਂ ਸੁਖਾਂ ਦੀ ਭਾਗੀ ਹੋ ਸਕਦੀ ਹੈ ? ਇਸ ਲਈ ਗੁਰੂ ਦੀ ਸਿਖਿਆ ਲੈਣੀ ਜ਼ਰੂਰੀ ਹੈ, ਗੁਰੂ ਦੀ ਸਿਖਿਆ ਅਨੁਸਾਰ ਕਿਰਿਆਸ਼ੀਲ ਹੋਣਾ ਜ਼ਰੂਰੀ ਹੈ। ਜਿਸ ਮਾਰਗ ਤੇ ਚੱਲਿਆਂ ਪ੍ਰਭੂ–ਪਤੀ ਮਿਲ ਸਕਦਾ ਹੋਵੇ, ਉਸ ਮਾਰਗ ਤੇ ਚੱਲਣ ਦੀ ਆਵਸ਼ਕਤਾ ਹੈ 'ਜਹ ਪ੍ਰਭੁ ਤਹ ਹੀ ਜਾਣੀਐ' ਪ੍ਰਭੂ ਮਾਰਗ ਹੀ ਜੀਵ ਇਸਤ੍ਰੀ ਦਾ ਸਹੀ ਮਾਰਗ ਹੈ, ਸੁਖ, ਸ਼ਾਂਤਿ, ਸਹਿਜ ਅਤੇ ਆਤਮਿਕ ਅਨੰਦ ਦਾ ਮਾਰਗ ਹੈ। ਭਾਦਉਂ ਦੇ ਮਹੀਨੇ ਵਿਚ ਜਿਵੇਂ ਰੁੱਤ ਦਾ ਭਰਮ ਬਣਿਆ ਰਹਿੰਦਾ ਹੈ, ਤਿਵੇਂ ਭਰਮਾਂ ਭਰਿਆ ਜੀਵਨ ਤਲਖ ਤੇ ਦੁਖਾਂ ਭਰਿਆ ਹੁੰਦਾ ਹੈ। ਸੁਹਾਗਣ ਕੇਵਲ ਇਕ ਵਿਚ ਲਿਵਲੀਨ ਰਹਿੰਦੀ ਹੈ, ਦੂਜੇ ਸੰਗੀ ਸਾਥੀਆਂ ਨੂੰ ਆਦਰ ਮਾਣ ਦਿੰਦੀ ਹੈ ਪਰ ਪਤੀ–ਪ੍ਰਮੇਸ਼ੂਰ ਤਾਂ ਇਕ ਨੂੰ ਹੀ ਮੰਨਦੀ ਹੈ। ਦਿਲ ਦੀ ਸਾਂਝ ਇਕ ਨਾਲ ਹੀ ਹੁੰਦੀ ਹੈ। ਇਕ ਤੋਂ ਹਟ ਕੇ ਸਭ ਭਟਕਣਾ ਹੈ, ਘੋਰ ਦੁਖ ਹਨ, ਜੀਵਨ ਦਾ ਵਿਨਾਸ਼ ਹੈ। ਜਿਸ ਮਨੁੱਖ ਦੀ ਟੇਕ ਇਕ ਉਪਰ ਹੈ, ਇਕ ਉਪਰ ਹੀ ਪੂਰਨ ਭਰੋਸਾ ਹੈ, ਉਸ ਦੀ ਤਾਂ ਜਮਾਂ ਦੀ ਫਾਹੀ ਵੀ ਕੱਟੀ ਜਾਂਦੀ ਹੈ –

*ਏਕ ਊਪਰਿ ਜਿਸੁ ਜਨ ਕੀ ਆਸਾ॥*
*ਤਿਸ ਕੀ ਕਟੀਐ ਜਮ ਕੀ ਫਾਸਾ॥* *ਪੰਨਾ - 281*

*ਰਾਗ ਮਾਝ ਬਾਰਹਮਾਹਾ ਮਹਲਾ ੫*

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥*
*ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥*
*ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥*
*ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥*
*ਹਥ ਮਰੋੜੈ ਤਨੁ ਕਪੈ ਸਿਆਹਹੁ ਹੋਆ ਸੇਤੁ॥*
*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*
*ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥*
*ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣਵਾਲਾ ਹੇਤੁ॥*
*ਪੰਨਾ - 134*

ਭਾਦਰੋਂ ਦੇ ਮਹੀਨੇ ਵਿਚ ਤ੍ਰਾਟਕੇ ਤੇ ਘੁੰਮੇ ਕਾਰਨ ਮਨੁੱਖ ਬਹੁਤ ਘਬਰਾਂਦਾ ਹੈ, ਅੰਦਰ ਬਾਹਰ ਹੁੰਦਾ ਹੈ, ਰੁੱਤ ਵੀ ਭਰਮ ਭੁਲੇਖੇ ਪੈਦਾ ਕਰਦੀ ਹੈ। ਕੜਕਵੀਂ ਧੁੱਪ ਵਿਚ ਪਿੰਡਾ ਸੜਦਾ ਹੈ, ਚਾਨਚੱਕ ਬੱਦਲ ਆ ਵਰ੍ਹਦੇ ਹਨ। ਕਦੀ ਵਰ੍ਹਦੇ ਬੱਦਲ ਮਿੰਟਾਂ ਵਿਚ ਖਿੰਡ ਪੁੰਡ ਜਾਂਦੇ ਹਨ, ਤਿੱਖੀ ਧੁੱਪ ਆ ਤੰਗ ਕਰਦੀ ਹੈ। ਰਾਤ ਸੁਖ ਚੈਨ ਨਾਲ ਸੋਇਆ ਨਹੀਂ ਜਾਂਦਾ। ਭੁਲੇਖਿਆਂ ਵਿਚ, ਝੂਠੀਆਂ ਆਸ਼ਾਵਾਂ ਵਿਚ ਪਾਸੇ ਮਾਰਦੇ ਰਾਤ ਲੰਘ ਜਾਂਦੀ ਹੈ। ਇੰਜ ਹੀ ਜਿਸ ਜੀਵ-ਇਸਤ੍ਰੀ ਦਾ ਪਿਆਰ ਪ੍ਰਭੂ-ਪਤੀ ਤੋਂ ਬਿਨਾਂ ਕਿਸੇ ਹੋਰ ਨਾਲ ਲਗ ਜਾਵੇ, ਉਸ ਦਾ ਮਨ ਭਟਕ ਜਾਵੇ, ਭਟਕਣਾ ਕਾਰਨ ਜੀਵਨ ਦੇ ਸਹੀ ਰਸਤੇ ਤੋਂ ਖੁੰਝ ਜਾਵੇ, ਤਾਂ ਭਾਵੇਂ ਉਹ ਲੱਖਾਂ ਹਾਰ ਸ਼ਿੰਗਾਰ ਪਈ ਕਰੇ, ਕਿੰਨੀਆਂ ਸਜਾਵਟਾਂ ਪਈ ਬਣਾਏ, ਉਹ ਉਸ ਦੇ ਕਿਸੇ ਕੰਮ ਨਹੀਂ ਆਉਂਦੀਆਂ, ਸਭ ਵਿਅਰਥ ਜਾਂਦੀਆਂ ਹਨ। ਜੀਵ-ਰੂਪੀ ਇਸਤ੍ਰੀ ਵੀ ਸੰਸਾਰਕ ਮਾਇਕ ਪਦਾਰਥਾਂ ਦੀ ਬਾਹਰੀ ਚਮਕ-ਦਮਕ ਵਿਚ ਜੀਵਨ ਦੇ ਸਹੀ ਲਕਸ਼ ਤੋਂ ਭਟਕ ਜਾਂਦੀ ਹੈ ਅਤੇ ਦੁਖ ਭੋਗਦੀ ਹੈ। ਉਸ ਦੇ ਸਾਰੇ ਦੁਨਿਆਵੀ ਸਾਜ਼-ਬਾਜ਼ ਮਾਇਕ ਪਦਾਰਥ, ਕੋਠੀਆਂ ਕਾਰਾਂ, ਪਦਵੀਆਂ ਕਿਸੇ ਕੰਮ ਨਹੀਂ ਆਉਂਦੀਆਂ। ਕਿਉਂਕਿ ਜਿਸ ਦਿਨ ਮਨੁੱਖ ਦੀ ਦੇਹ (ਸਰੀਰ) ਦਾ ਨਾਸ਼ ਹੋਵੇਗਾ, ਅਰਥਾਤ ਜਦੋਂ ਮਨੁੱਖ ਮਰ ਜਾਵੇਗਾ, ਉਸ ਸਮੇਂ ਸਾਰੇ ਅੰਗ-ਸਾਕ, ਕੁੱਲ ਦੁਨੀਆਂ ਕਹਿ ਉਠਦੀ ਹੈ ਕਿ ਇਹ ਹੁਣ ਗੁਜ਼ਰ ਗਿਆ ਹੈ, ਇਸ ਦੀ ਦੇਹ, ਲੋਥ, ਅਪਵਿਤ੍ਰ ਹੋ ਗਈ ਹੈ, ਇਸ ਨੂੰ ਛੇਤੀ ਸ਼ਮਸ਼ਾਨ ਘਾਟ ਲੈ ਚਲੋ। ਯਮਰਾਜ ਦੇ ਭੇਜੇ ਜਮਦੂਤ ਜਿੰਦ ਨੂੰ ਫੜ ਕੇ ਅੱਗੇ ਲਾ ਲੈਂਦੇ ਹਨ ਅਤੇ ਇਹ ਭੇਤ ਇਹ ਰਾਜ਼ ਕਿਸੇ ਨੂੰ ਨਹੀਂ ਦਸਦੇ ਕਿ ਕਿਥੇ ਲੈ ਚੱਲੇ ਹਾਂ। ਜਿੰਨਾ ਸਾਕ-ਸਨਬੰਧੀਆਂ (ਮਾਤਾ ਪਿਤਾ, ਪਤੀ-ਪਤਨੀ, ਧੀਆਂ ਪੁੱਤਰਾਂ, ਭੈਣ ਭਰਾਵਾਂ) ਨਾਲ ਸਾਰੀ ਉਮਰ ਪਿਆਰ ਪਾਲਿਆ ਸੀ, ਉਹ ਪਲ ਵਿਚ ਹੀ ਸਾਥ ਛੱਡ ਕੇ ਪਾਸੇ ਹੋ ਜਾਂਦੇ ਹਨ। ਜਮਦੂਤਾਂ ਦੀ ਆਮਦ ਤੇ, ਮੌਤ ਆਈ ਵੇਖ ਕੇ, ਮਨੁੱਖ ਬਹੁਤ ਪਛਤਾਂਦਾ ਹੈ, ਉਸ ਦਾ ਸਰੀਰ ਔਖਾ ਹੁੰਦਾ ਹੈ, ਅੰਦਰ ਬਾਹਰ ਘਬਰਾਹਟ ਛਾ ਜਾਂਦੀ ਹੈ, ਰੰਗ ਕਾਲੇ ਤੋਂ ਚਿੱਟਾ-ਬੱਗਾ ਹੋ ਜਾਂਦਾ ਹੈ, ਖੂਨ ਸੁੱਕ ਜਾਂਦਾ ਹੈ। ਬੜੀ ਮੰਦੀ ਹਾਲਤ ਬਣ ਜਾਂਦੀ ਹੈ। ਫਰੀਦ ਜੀ ਐਸੀ ਦਸ਼ਾ ਬਿਆਨ ਕਰਦੇ ਕਹਿੰਦੇ ਹਨ, ਜਮਦੂਤ ਹੱਡਾਂ ਨੂੰ ਤੋੜ ਮਰੋੜ ਕੇ ਬੜੇ ਨਿਰਦਈ ਤੇ ਦੁਖਦਾਈ ਢੰਗ ਨਾਲ ਮਿੱਥੇ ਦਿਨ ਨਿਮਾਣੀ ਜਿੰਦ ਨੂੰ ਸਰੀਰ ਵਿਚੋਂ ਕਢਦੇ ਹਨ -

*ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥*
*ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥*
*ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥*
*ਪੰਨਾ - 1377*

ਮਨੁੱਖ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਇਹ ਸਰੀਰ ਮਨੁੱਖ ਦੇ ਕੀਤੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਵਿਚ ਬੀਜਦਾ ਹੈ, ਉਹੀ ਫਸਲ ਵੱਢਦਾ ਹੈ। ਜਿਹੇ ਕਰਮ ਕਰਦਾ ਹੈ ਤੇਹੇ ਫਲ ਭੋਗਦਾ ਹੈ, ਵਿਛੋੜਾ ਵੀ ਆਪਣੇ ਕਰਮਾਂ ਕਰਕੇ ਹੋਇਆ ਹੈ - ਕਿਰਤਿ ਕਰਮ ਕੇ ਵੀਛੁੜੇ (133) ਨਾਮ-ਜਾਪ ਸਿਮਰਨ ਰਾਹੀਂ ਪ੍ਰਭੂ ਪਿਆਰ ਵਿਚ ਜੁੜੇ ਮਨੁੱਖ ਨੂੰ ਜਮਦੂਤ ਕੁਝ ਨਹੀਂ ਕਹਿ ਸਕਦੇ -

*ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥*
*ਪੰਨਾ - 417*

ਗੁਰੂ ਮਹਾਰਾਜ ਆਖਰੀ ਪੰਕਤੀਆਂ ਵਿਚ ਉਪਦੇਸ਼ ਕਰਦੇ ਹਨ ਕਿ ਜੋ ਮਨੁੱਖ ਗੁਰੂ ਦੀ ਸ਼ਰਨ ਵਿਚ ਆ ਜਾਂਦੇ ਹਨ, ਗੁਰੂ ਉਨ੍ਹਾਂ ਦੀ ਰੱਖਿਆ ਕਰਦਾ ਹੈ, ਉਹ ਜਮਦੂਤਾਂ ਦੇ ਵਸ ਨਹੀਂ ਪੈਂਦੇ, ਉਹ ਨਰਕਾਂ ਵਿਚ ਨਹੀਂ ਜਾਂਦੇ। ਉਹ ਗੁਰੂ ਦੀ ਕ੍ਰਿਪਾ ਦੇ ਪਾਤਰ ਬਣਦੇ ਹਨ, ਉਹ ਸਦਾ ਗੁਰੂ ਚਰਨਾਂ ਨਾਲ ਜੁੜੇ ਰਹਿੰਦੇ ਹਨ, ਗੁਰੂ ਚਰਨਾਂ ਦੇ ਜਹਾਜ਼ ਵਿਚ ਚੜ੍ਹ ਕੇ ਉਨ੍ਹਾਂ ਦਾ ਪਾਰ ਉਤਾਰਾ ਹੋ ਜਾਂਦਾ ਹੈ।

ਭਾਦਰੋਂ ਦਾ ਮੁੱਖ ਉਪਦੇਸ਼ ਇਹ ਹੈ ਕਿ ਗੁਰੂ ਚਰਨਾਂ ਨਾਲ ਜੁੜੀਏ, ਗੁਰੂ ਪਿਆਰ ਨੂੰ ਮਾਣੀਏ, ਫਿਰ ਮੌਤ, ਜਮਦੂਤ, ਨਰਕ ਮਨੁੱਖ ਦਾ ਕੁਝ ਨਹੀਂ ਵਿਗਾੜ ਸਕਦੇ, ਗੁਰੂ ਰੱਖਿਆ ਕਰਦਾ ਹੈ।

---

ਪੁਸਤਕ **'ਹੋਵੈ ਅਨੰਦ ਘਣਾ'** ਵਿਚ ਪ੍ਰਾਪਤ ਭਾਦਉ ਮਹੀਨੇ ਸਬੰਧੀ ਮਹਾਂਪੁਰਸ਼ਾਂ ਦੇ ਸ਼ੁਭ ਵਿਚਾਰ -

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ।।*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ।।*
*ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ।।*
*ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ।।*
*ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ।।*
*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ।।*
*ਜੇਹਾ ਬੀਜੈ ਸੁ ਲੁਣੈ ਕਰਮਾ ਸੰਦੜਾ ਖੇਤੁ।।*
*ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ।।*
*ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣਵਾਲਾ ਹੇਤੁ।।*
*ਪੰਨਾ - 134*

ਸਾਵਣ ਝੜੀਆਂ ਲਾਉਂਦਾ, ਠੰਢਾਂ ਵੰਡਦਾ, ਰਸ, ਰੰਗ ਵਿਚ ਰੱਤੇ ਕਰਨ ਵਾਲਾ ਆਪਣੀ ਚਾਲ ਪਿਆ, ਆਪਣਾ ਦ੍ਰਿਸ਼ ਦਿਖਾ ਕੇ ਸਮੇਂ ਦੇ ਪੜਦੇ ਓਹਲੇ ਛੁਪ ਗਿਆ। ਹੁਣ

ਵਾਰੀ ਆਈ - ਭਾਦੋਂ ਦੇ ਮਹੀਨੇ ਦੀ ਜਿਸ ਵਿਚ ਹੁੱਸੜ ਪੈਂਦੇ ਹਨ ਅਤੇ ਗਰਮੀ ਵਧ ਜਾਂਦੀ ਹੈ, ਦਮ ਘੁਟਦਾ ਹੈ, ਚਲਦੇ ਰਾਹੀ ਦਰਖਤਾਂ ਦੀ ਸੰਘਣੀ ਛਾਂ ਹੇਠ ਬੈਠ ਕੇ ਹਵਾ ਦੀ ਆਸ ਰਖਦੇ ਹਨ। ਅਨੇਕ ਜੀਵ - ਸੱਪ, ਬਿੱਛੂ, ਕੀੜੇ-ਮਕੌੜੇ ਧਰਤੀ ਦੇ ਹੁੱਸੜ ਵਿਚੋਂ ਬਾਹਰ ਆ ਕੇ ਠੰਢਕ ਦੀ ਆਸ ਰਖਦੇ ਹਨ। ਮੀਂਹ ਆਉਂਦੇ ਹਨ - ਛਰਾਟਿਆਂ ਦੇ ਰੂਪ ਵਿਚ; ਹਵਾ ਬੰਦ ਹੋ ਜਾਂਦੀ ਹੈ, ਮੀਂਹ ਤੋਂ ਬਾਦ ਵੱਟ ਪੈ ਜਾਂਦਾ ਹੈ; ਮੀਂਹ ਦੀ ਠੰਢਕ ਮਹਿਸੂਸ ਨਹੀਂ ਹੁੰਦੀ। ਉਹ ਸਾਵਣ ਹੀ ਸੀ ਜਿਸ ਵਿਚ ਮੀਂਹ ਦੇ ਨਾਲ ਠੰਢੀ ਹਵਾ ਵੀ ਰੁਮਕਦੀ ਸੀ। ਪ੍ਰਭੂ ਦੇ ਪਿਆਰ ਨੂੰ ਭੁੱਲ ਕੇ ਮਾਇਆ ਦੇ ਪਿਆਰ ਵਿਚ ਇਹ ਜੀਵ ਗਲਤਾਨ ਹੋ ਗਿਆ। ਅੰਦਰਲਾ ਗਿਆਨ ਅਲੋਪ ਹੋ ਗਿਆ। ਮਾਇਆ ਦੇ ਰਸਾਂ ਵਿਚ ਉਲਝ ਗਿਆ ਅਤੇ ਭਰਮ ਵਿਚ ਪੈ ਕੇ ਪ੍ਰਮ ਤੱਤ ਤੋਂ ਅਸੂਝ ਹੋ ਗਿਆ। ਭੇਦ ਭਰਮ ਨੇ ਪੈਦਾ ਹੋ ਕੇ ਇਸ ਅਖੰਡ ਜੋਤ ਤੋਂ ਆਪਣੇ ਆਪ ਨੂੰ ਵਖਰਾ ਸਮਝ ਲਿਆ ਜਿਵੇਂ ਸੂਰਜ, ਚੰਦਰਮਾ, ਗਗਨ ਵਿਚ ਚਮਕ ਰਹੇ ਹਨ। ਉਨ੍ਹਾਂ ਦਾ ਪਰਛਾਵਾਂ ਪਾਣੀ ਨਾਲ ਭਰੇ ਬਰਤਨਾਂ ਵਿਚ ਪੈ ਰਿਹਾ ਹੈ। ਉਸ ਬਿੰਬ ਦਾ ਪ੍ਰਤੀਬਿੰਬ, ਬਿੰਬ ਨਾਲੋਂ ਵਖਰਾ ਪ੍ਰਤੀਤ ਦਿੰਦਾ ਹੈ। ਪਾਣੀ ਹਿਲਦਾ ਹੈ ਤਾਂ ਪਰਛਾਵੇਂ ਦਾ ਚੰਦਰਮਾ ਤੇ ਸੂਰਜ ਵੀ ਹਿਲਦੇ ਨਜ਼ਰ ਆਉਂਦੇ ਹਨ ਪਰ ਸੂਰਜ ਤੇ ਚੰਦਰਮਾ ਆਪਣੀ ਥਾਂ ਤੇ ਅਡੋਲ ਹਨ, ਉਨ੍ਹਾਂ ਦੇ ਅੰਦਰ ਕੋਈ ਲਹਿਰਾਓ ਨਹੀਂ; ਇਹ ਹਿਲ-ਜੁਲ ਪ੍ਰਤੀਤ ਦੇ ਰਹੀ ਹੈ ਕੇਵਲ ਪ੍ਰਤੀਬਿੰਬ ਵਿਚ। ਇਸੇ ਤਰ੍ਹਾਂ ਨਾਲ ਪ੍ਰਮ ਚੇਤਨ ਜੋਤ ਆਪਣਾ ਖੇਲ੍ਹ ਕਰ ਰਹੀ ਹੈ, ਉਸਦਾ ਪ੍ਰਤੀਬਿੰਬ ਅਸਾਡੇ ਅੰਤਸ਼ਕਰਣ ਵਿਚ ਪੈ ਰਿਹਾ ਹੈ ਅਤੇ ਹਉਮੈ ਦੀ ਵਲਗਣ ਵਿਚ ਇਕ ਵਖਰੀ ਹੋਸ਼ ਅਸਾਡੇ ਵਿਚ ਪੈਦਾ ਹੋ ਗਈ ਜਿਸ ਨੂੰ ਹਉਮੈ ਦੀ ਸੁਰਤ ਆਖਿਆ ਜਾਂਦਾ ਹੈ ਜਿਸ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਭੋਲਿਆ ਹਉਮੈ ਸੁਰਤਿ ਵਿਸਾਰਿ॥***
***ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ॥***
***ਪੰਨਾ - 1168***

ਇਸੇ ਤਰ੍ਹਾਂ ਨਾਲ ਕਰਤੱਤਵ ਕਰਮ ਦਾ ਭਰਮ ਪੈ ਗਿਆ। ਦੁਖ-ਸੁਖ, ਖੁਸ਼ੀ-ਗਮੀ, ਆਪਣਾ-ਪਰਾਇਆ, ਜਾਤ-ਜਨਮ, ਦੇਸ-ਪ੍ਰਦੇਸ, ਆਪਣੇ-ਬੇਗਾਨੇ ਉਸ ਸੁਰਤ ਵਿਚੋਂ ਦਿਸਣ ਲਗ ਗਏ ਅਤੇ ਭਰਮ ਵਿਚ ਪਿਆ ਇਹ ਬਿਲਕੁਲ ਅਗਿਆਨਤਾ ਦੇ ਅੰਨ੍ਹੇ ਖੂਹ ਵਿਚ ਗਿਰ ਕੇ ਬੇ-ਵਸ ਹੋ ਕੇ ਰੋਂਦਾ ਕੁਰਲਾਉਂਦਾ ਹੈ। ਇਸ ਦਾ ਪਿਆਰ ਉਨ੍ਹਾਂ ਚੀਜ਼ਾਂ ਨਾਲ ਹੋ ਗਿਆ ਜਿਹੜੀਆਂ ਸੰਜੋਗ ਨਾਲ ਪ੍ਰਾਪਤ ਹੁੰਦੀਆਂ ਹਨ ਅਤੇ ਵਿਜੋਗ ਦੇ ਵੱਸ ਹੋ ਕੇ ਵਿਛੜ ਜਾਇਆ ਕਰਦੀਆਂ ਹਨ। ਇਹ ਜਾਦੂ ਦਾ ਜਾਲ, ਜਾਦੂ ਦੇ ਮਿਲਾਪ ਤੇ ਵਿਛੋੜੇ ਇਸ ਦੇ ਮਨ ਵਿਚ ਹਿਤ ਤੇ ਅਹਿਤ ਪੈਦਾ ਕਰ ਰਹੇ ਹਨ। ਕੁਝ ਚੀਜ਼ਾਂ ਨਾਲ ਰਾਗ ਹੋ ਗਿਆ ਅਤੇ ਕੁਝ ਚੀਜ਼ਾਂ ਨਾਲ ਦ੍ਵੈਸ਼ ਹੋ ਗਈ। ਵਾਹਿਗੁਰੂ ਨੂੰ ਛੱਡ ਕੇ, ਜੋ ਇਸ ਦੇ ਸਦਾ ਹੀ ਸੰਗ ਸਹਾਈ ਰਹਿੰਦਾ ਹੈ, ਉਨ੍ਹਾਂ ਚੀਜ਼ਾਂ ਨਾਲ ਇਸ ਦਾ ਪਿਆਰ ਪੈ ਗਿਆ ਜੋ ਇਸ ਨੂੰ ਜਨਮ ਮਰਨ ਦੀਆਂ ਘੁਮੇਟਣੀਆਂ ਵਿਚ ਦੁਖੀ ਕਰਦੀਆਂ ਹਨ -

***ਸੰਗਿ ਸਹਾਈ ਸੁ ਆਵੈ ਨ ਚੀਤਿ॥***
***ਜੋ ਬੈਰਾਈ ਤਾ ਸਿਉ ਪ੍ਰੀਤਿ॥ ਪੰਨਾ - 267***

ਮਹਾਰਾਜ ਜੀ ਨੇ ਭਾਦੋਂ ਦੇ ਮਹੀਨੇ ਵਿਚ ਇਸ ਭੁੱਲੜ ਜੀਵ ਨੂੰ ਪ੍ਰਗਟ ਕਰਦਿਆਂ ਫੁਰਮਾਨ ਕੀਤਾ ਹੈ ਕਿ ਐ ਜੀਵ! ਤੂੰ ਉਨ੍ਹਾਂ ਚੀਜ਼ਾਂ ਵਿਚ ਪਰਚ ਗਿਆ ਹੈਂ ਜਿਨ੍ਹਾਂ ਨੇ ਤੇਰੇ ਨਾਲ ਨਹੀਂ ਨਿਭਣਾ। ਤੈਨੂੰ ਚਾਹੀਦਾ ਤਾਂ ਸੀ ਕਿ ਤੂੰ ਉਹ ਸ਼ਿੰਗਾਰ ਬਣਾਉਂਦਾ ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਤੈਨੂੰ ਏਕੰਕਾਰ ਜੀ ਦਾ ਸੱਚਾ-ਸੁੱਚਾ ਪਿਆਰ ਪ੍ਰਾਪਤ ਹੁੰਦਾ -

***ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥***
***ਪੰਨਾ - 722***

ਪਰ ਇਸ ਦੇ ਵਿਪਰੀਤ ਤੂੰ ਆਪਣੇ ਚੋਲੇ ਨੂੰ ਮਾਇਆ ਦੇ ਬਦਬੂਦਾਰ ਕੋਹਜ਼ੇ ਰੰਗ ਵਿਚ ਰੰਗ ਲਿਆ। ਹੁਣ ਦੱਸ, ਐਨੀ ਬਦਬੂ ਵਾਲੇ ਨੂੰ ਕੌਣ ਨੇੜੇ ਆਉਣ ਦੇਵੇ ਕਿਉਂਕਿ ਉਸ ਸੱਚੇ ਕੰਤ ਨੂੰ ਕਾਮ, ਕ੍ਰੋਧ, ਲੋਭ, ਮੋਹ, ਈਰਖਾ, ਨਿੰਦਿਆ, ਚੁਗਲੀ, ਆਸਾ, ਤ੍ਰਿਸ਼ਨਾ, ਅੰਦੇਸਾ, ਡਰ, ਬੇ-ਪ੍ਰਤੀਤੀ ਦੇ ਭੱਦੇ ਅਤੇ ਬਦਬੂਦਾਰ ਰੰਗਾਂ ਵਿਚ ਰੰਗਿਆ ਚੋਲਾ ਕਿਵੇਂ ਭਾਵੇ?

***ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥***
***ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ॥***
***ਪੰਨਾ - 721***

ਸੋ ਜਿਨ੍ਹਾਂ ਸ਼ਿੰਗਾਰਾਂ ਨਾਲ ਆਪਣੀ ਦੇਹੀ ਨੂੰ ਸ਼ਿੰਗਾਰਦਾ ਹੈ - ਵਧੀਆ ਤੋਂ ਵਧੀਆ ਪਾਊਡਰ ਆਦਿ ਵਰਤ ਕੇ, ਸੋਹਣੇ ਤੋਂ ਸੋਹਣੇ ਕਪੜੇ ਪਹਿਨ ਕੇ, ਹੋਰ ਅਨੇਕਾਂ ਸ਼ਿੰਗਾਰ ਲਾ ਕੇ, ਪਰ ਪਿਆਰਿਆ! ਤੂੰ ਆਪਣੇ ਅੰਤਸ਼ਕਰਣ ਨੂੰ ਨਾ ਸ਼ਿੰਗਾਰਿਆ, ਉਸਨੂੰ ਸ਼ੁੱਧ ਨਾ ਕੀਤਾ; ਉਸਨੂੰ ਨਾਮ ਦਾ ਸਾਬਣ ਲਾ ਕੇ ਸਾਫ ਨਾ ਕੀਤਾ ਤਾਂ ਫੇਰ ਦੱਸ ਇਨ੍ਹਾਂ ਬਦਬੂਦਾਰ ਸ਼ਿੰਗਾਰਾਂ ਨੂੰ ਦੇਖ ਕੇ ਤਾਂ ਪ੍ਰਭੂ ਨੇ ਆਪਣਾ ਪਿਆਰ ਤੈਨੂੰ ਨਹੀਂ ਬਖਸ਼ ਦੇਣਾ! ਇਸ ਦੀ ਥਾਂ ਇਸ ਸ਼ਿੰਗਾਰੀ ਦੇਹ ਨੇ ਇਕ ਰਸ ਨਹੀਂ ਰਹਿਣਾ, ਇਹਦੇ ਵਿਚ ਤਿੰਨ ਰੰਗ ਅਵੱਸ਼ ਆਉਂਦੇ ਹਨ -

***ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥***
***ਪੰਨਾ - 1428***

ਤੇ ਚੌਥੀ ਅਵਸਥਾ ਇਸ ਦੇ ਬਿਨਸਣ ਦੀ ਹੁੰਦੀ ਹੈ। ਇਹ ਬਿਨਸਿਆ ਹੋਇਆ ਬਡਰੂਪ ਹੋ ਜਾਂਦਾ ਹੈ ਅਤੇ ਪ੍ਰੇਤ ਕਹਾਉਂਦਾ ਹੈ। ਕਰਮਾਂ ਦਾ ਫਲ ਦੇਣ ਵਾਲੀਆਂ ਸ਼ਕਤੀਆਂ, ਗੁਪਤ ਤਾਕਤਾਂ, ਅਵਿਅਕਤ ਰੂਪ ਵਿਚ ਆ ਕੇ ਇਸ ਭੁੱਲੜ ਜੀਵ-ਆਤਮਾ ਨੂੰ ਗ੍ਰਸ ਲੈਂਦੀਆਂ ਹਨ। ਰੋਂਦਾ-ਕੁਰਲਾਂਦਾ ਪਰਲੋਕ ਨੂੰ ਜਾਂਦਾ ਹੈ -

***ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥***
***ਪੰਨਾ - 520***

ਜਿਨ੍ਹਾਂ ਦੇ ਵਾਸਤੇ ਸਾਰਾ ਜੀਵਨ ਬਰਬਾਦ ਕਰ ਦਿਤਾ ਅਤੇ ਗਲਤੀ ਨਾਲ ਇਸ ਗੱਲ ਵਿਚ ਪਰਚਿਆ ਰਿਹਾ ਕਿ ਮੈਂ ਆਪਣਾ ਹਲਤ ਸਵਾਰਨਾ ਹੈ, ਪੈਸੇ ਇਕੱਠੇ ਕਰਨੇ ਹਨ, ਕੋਠੀਆਂ, ਦੁਕਾਨਾਂ, ਇੰਡਸਟਰੀਆਂ ਤੇ ਜ਼ਮੀਨਾਂ ਬਣਾਉਣੀਆਂ ਹਨ। ਮਾਇਆ, ਪਾਪਾਂ ਬਾਝਹੁ ਹੱਥ ਨਹੀਂ ਆਉਂਦੀ। ਸੋ ਬਹੁ ਪਰਪੰਚ ਕਰਕੇ ਧਨ ਇਕੱਠਾ ਕਰਦਾ ਰਿਹਾ ਅਤੇ ਹਲਤ ਵਿਚ ਪਰਚਿਆ ਰਿਹਾ, ਹਲਤ ਨੂੰ

ਸੰਵਾਰਦਾ ਰਿਹਾ। ਇਸ ਨੂੰ ਸੋਝੀ ਨਹੀਂ ਸੀ ਕਿ ਮੈਂ ਇਸ ਸੰਸਾਰ ਵਿਚ ਰਹਿੰਦਾ ਹੋਇਆ ਪਰਲੋਕ ਨੂੰ ਸ਼ਿੰਗਾਰ ਲਵਾਂ ਜਿਥੇ ਜਾ ਕੇ ਮੈਂ ਰਹਿਣਾ ਤੇ ਵਸਣਾ ਹੈ। ਮੂਰਖ ਹੋ ਕੇ ਦੁਨੀਆਂ ਵਿਚ ਉਲਝਿਆ ਰਿਹਾ ਪਰ ਜੇ ਇਹ ਪਰਲੋਕ ਨੂੰ ਸੰਵਾਰ ਲੈਂਦਾ ਤਾਂ ਇਥੋਂ ਜਾਣ ਵੇਲੇ ਇਸ ਨੂੰ ਮੌਤ ਵਰਗੀ ਭਿਆਨਕ ਘਟਨਾ ਤੋਂ ਬਿਲਕੁਲ ਡਰ ਨਾ ਲਗਦਾ ਕਿਉਂਕਿ ਉਸਨੇ ਪਹਿਲਾਂ ਹੀ ਆਪਣਾ ਪ੍ਰਲੋਕ ਰਾਸ ਕਰ ਲਿਆ ਸੀ।

ਇਕ ਸਾਖੀ ਆਉਂਦੀ ਹੈ ਕਿ ਇਕ ਰਾਜ ਵਿਚ ਪਬਲਿਕ ਨੇ ਇਹ ਕਾਨੂੰਨ ਬਣਾ ਦਿਤਾ ਸੀ ਕਿ ਕੋਈ ਭੀ ਰਾਜਾ ਦਸ ਸਾਲ ਤੋਂ ਵੱਧ ਤਖਤ ਤੇ ਨਹੀਂ ਬੈਠ ਸਕਦਾ। ਦਸ ਸਾਲ ਪਿਛੋਂ ਉਸਨੂੰ ਤਖਤ ਤੋਂ ਉਤਾਰ ਕੇ ਦੂਜਾ ਰਾਜਾ ਉਸ ਦੀ ਥਾਂ ਥਾਪ ਦਿਤਾ ਜਾਂਦਾ ਅਤੇ ਪਹਿਲੇ ਰਾਜੇ ਨੂੰ, ਜਿਸਨੇ ਰਾਜ ਸੁਖਾਂ ਦਾ ਅਨੰਦ ਮਾਣਿਆ, ਵਿਸ਼ੇ ਭੋਗਾਂ ਦੇ ਫਿਕੇ ਰਸਾਂ ਵਿਚ ਗਲਤਾਨ ਰਿਹਾ, ਵਿਸ਼ੇ ਵਿਕਾਰਾਂ ਦੀ ਹਨੇਰ੍ਹੀ ਵਿਚ ਰੁਲਿਆ ਰਿਹਾ; ਹੁਣ ਜਦ ਉਸਨੂੰ ਨਿਰਜਨ ਟਾਪੂ ਵਿਚ ਭੇਜਣ ਲਈ ਸਮੁੰਦਰੀ ਜਹਾਜ਼ ਵਿਚ ਬਿਠਾ ਰਹੇ ਹਨ ਤਾਂ ਉਹ ਰੋਂਦਾ-ਕੁਰਲਾਉਂਦਾ ਹੈ ਕਿ ਉਥੇ ਤਾਂ ਨਿਰਜਨ ਵਣ ਹੈ, ਕੁਝ ਖਾਣ ਪੀਣ ਨੂੰ ਨਹੀਂ ਮਿਲਦਾ, ਫੁਲ ਵਿਹੂਣੇ ਬ੍ਰਿਛ ਹਨ, ਵੱਡੇ-ਵੱਡੇ ਜੰਗਲੀ ਜਾਨਵਰਾਂ ਨਾਲ ਭਰਿਆ ਪਿਆ ਹੈ, ਮੈਂ ਕਿਥੇ ਬੈਠਾਂਗਾ, ਕਿਥੇ ਸੌਂਵਾਂਗਾ: ਮੇਰੀ ਰਾਖੀ ਐਥੇ ਤਾਂ ਅੰਗ ਰਖਸ਼ਕ ਕਰਦੇ ਸਨ, ਹੁਣ ਮੇਰੀ ਰਾਖੀ ਕੌਣ ਕਰੇਗਾ, ਕੋਈ ਸ਼ਸਤਰ ਵੀ ਤੁਸੀਂ ਮੈਨੂੰ ਲਿਜਾਣ ਨਹੀਂ ਦਿੰਦੇ; ਉਥੇ ਨਾਲ ਲਿਜਾਣ ਲਈ ਕੁਝ ਵੀ ਪੱਲੇ ਨਹੀਂ ਬੰਨ੍ਹਣ ਦਿੰਦੇ। ਹਾਇ! ਮੇਰੇ ਮੰਦੇ ਭਾਗ, ਮੈਂ ਪਹਿਲਾਂ ਕਿਉਂ ਨਾ ਸੋਚਿਆ। ਜੇ ਮੈਂ ਪਹਿਲਾਂ ਧਿਆਨ ਦਿਤਾ ਹੁੰਦਾ ਤਾਂ ਮੈਂ ਜ਼ਰੂਰ ਕੋਈ ਉਪਰਾਲਾ ਕਰਦਾ, ਕੁਝ ਸੋਚਦਾ, ਉਸ ਅਸਥਾਨ ਨੂੰ ਸ਼ਿੰਗਾਰਦਾ, ਜਿਥੇ ਜਾ ਕੇ ਅੰਤਲੀ ਘੜੀ ਤਕ ਰਹਿਣਾ ਸੀ। ਸੋ ਇਸ ਤਰ੍ਹਾਂ ਰੋਂਦੇ-ਕੁਰਲਾਂਦੇ ਨੂੰ ਉਸ ਨਿਰਜਨ ਟਾਪੂ ਵਿਚ ਲਿਜਾ ਕੇ ਛੱਡ ਦਿਤਾ ਜਾਂਦਾ। ਉਥੇ ਤੜਫ-ਤੜਫ ਕੇ, ਭੁੱਖਾ, ਪਿਆਸਾ ਰਹਿ ਕੇ ਕਿਸੇ ਨਾ ਕਿਸੇ ਜੰਗਲੀ ਜਾਨਵਰ ਦੀ ਖੁਰਾਕ ਬਣ ਜਾਂਦਾ। ਉਸ ਦੀ ਥਾਂ ਦੂਸਰਾ ਰਾਜਾ ਬਣਾ ਲਿਆ ਜਾਂਦਾ।

ਇਕ ਰਾਜਾ ਜਦੋਂ ਤਖਤ ਤੇ ਬੈਠਾ ਤਾਂ ਉਸਨੇ ਜਿਥੇ ਤਖਤ ਤੋਂ ਲਹਿ ਕੇ ਜਾਣਾ ਸੀ, ਉਸ ਬਾਰੇ ਪੂਰੀ ਵਾਕਫੀਅਤ ਹਾਸਲ ਕੀਤੀ ਅਤੇ ਆਪਣੇ ਰਾਜ ਦੇ ਸਮੇਂ ਵਿਚ ਹੀ ਵੱਡੇ-ਵੱਡੇ ਲਾਇਕ ਇੰਜਨੀਅਰ ਭੇਜ ਕੇ ਉਸ ਨਿਰਜਨ ਵਣ ਨੂੰ ਅਜਿਹਾ ਸ਼ਿੰਗਾਰਿਆ ਕਿ ਉਸ ਨੂੰ ਵੇਖ ਕੇ ਯਾਤਰੀ ਬਹੁਤ ਹੀ ਆਕਰਸ਼ਿਤ ਹੁੰਦੇ। ਭਵਨਾਂ ਦਾ ਨਿਰਮਾਣ ਕਰ ਦਿਤਾ, ਕਿਤੇ ਵੱਡੇ-ਵੱਡੇ ਸੋਹਣੇ ਪਾਰਕ, ਕਿਤੇ ਠੰਢ ਦੇਣ ਵਾਲੇ ਵੱਡੇ ਫੁਹਾਰੇ, ਕਿਤੇ ਫਲ ਦੇਣਹਾਰੇ ਅਨੇਕ ਕਿਸਮ ਦੇ ਬ੍ਰਿਛ ਲਗਵਾ ਦਿਤੇ, ਖੇਤੀਬਾੜੀ ਲਈ ਜ਼ਮੀਨਾਂ ਪੱਧਰ ਕਰਾ ਦਿਤੀਆਂ ਅਤੇ ਆਪਣੇ ਮਿਤਰਾਂ, ਸਹਿਯੋਗੀਆਂ, ਸੂਝਵਾਨ ਵਿਅਕਤੀਆਂ ਨੂੰ ਇਕ ਬਹੁਤ ਹੀ ਸੁੰਦਰ ਸ਼ਹਿਰ ਬਣਾ ਕੇ ਕੋਠੀਆਂ ਦੇ ਦਿਤੀਆਂ, ਪੜ੍ਹਾਈ ਕਰਨ ਲਈ ਉਚ ਕੋਟੀ ਦੀ ਯੂਨੀਵਰਸਿਟੀ ਸਥਾਪਿਤ ਕਰ ਦਿਤੀ। ਹਰ ਕਿਸੇ ਦਾ ਜੀਅ ਕਰੇ ਕਿ ਜਾ ਕੇ ਉਸ ਪੁਰਾਣੇ ਨਿਰਜਨ ਵਣ ਵਿਚ ਵਸਣਾ ਸ਼ੁਰੂ ਕਰ ਦੇਵੇ। ਦੂਰ-ਦਰਾਜ਼ ਤੋਂ ਸਾਰੀ ਦੁਨੀਆਂ ਦੇ ਲੋਕ ਉਸ ਆਕਰਸ਼ਕ ਟਾਪੂ ਨੂੰ ਦੇਖਣ ਆਉਂਦੇ ਅਤੇ ਅਜਿਹਾ ਦ੍ਰਿਸ਼ ਦੇਖ ਕੇ ਮੋਹਿਤ ਹੁੰਦੇ। ਉਨ੍ਹਾਂ ਦਾ ਜੀਅ ਕਰਦਾ ਕਿ ਉਥੇ ਹੀ ਰਿਹਾਇਸ਼ ਕਰ ਲਈ ਜਾਵੇ। ਦਸ ਸਾਲ ਦੇ ਅੰਦਰ ਇਕ ਬੈਕੁੰਠ ਪੁਰੀ ਬਣਾ ਦਿਤੀ। ਖਰਚਾਂ ਲਈ ਮਾਇਆ ਜਮ੍ਹਾਂ ਕਰਾ ਦਿਤੀ, ਬੈਂਕ ਭਰ ਦਿਤੇ - ਕਿਤੇ ਤੋਟਾ ਨਾ ਆਵੇ। ਜਦੋਂ ਰਾਜੇ ਦੇ ਦੋ ਮਹੀਨੇ ਆਪਣੇ ਜਾਣ ਤੋਂ ਪਹਿਲਾਂ ਰਹਿੰਦੇ ਸਨ ਤਾਂ ਉਸ ਨੇ ਆਪਣੀ ਪ੍ਰਜਾ ਨੂੰ ਕਿਹਾ ਕਿ ਤੁਸੀਂ ਮੈਨੂੰ ਛੁੱਟੀ ਦੇਵੋ ਅਤੇ ਆਪਣਾ ਨਵਾਂ ਰਾਜਾ ਚੁਣ ਲਵੋ।

ਪਬਲਿਕ ਬਹੁਤ ਸਿਆਣੀ ਸੀ, ਉਨ੍ਹਾਂ ਨੇ ਕਿਹਾ ਕਿ ਮਹਾਰਾਜ! ਹੁਣ ਆਪ ਨੂੰ ਤਖਤ ਛੱਡਣ ਦੀ ਲੋੜ ਨਹੀਂ। ਤੁਹਾਡੇ ਵਰਗਾ ਰਾਜਾ ਅਸਾਨੂੰ ਵੀ ਨਹੀਂ ਮਿਲਣਾ, ਤੁਸੀਂ ਏਥੇ ਹੀ ਰਹੋ। ਪਰ ਉਹ ਰਾਜਾ ਉਥੇ ਜਾਣ ਵਿਚ ਬਹੁਤ ਹੀ ਖੁਸ਼ੀ ਮਹਿਸੂਸ ਕਰ ਰਿਹਾ ਸੀ।

ਹੁਣ ਤੁਸੀਂ ਆਪ ਹੀ ਸੋਚੋ ਕਿ ਉਸ ਰਾਜੇ ਨੇ ਇਸ ਰਾਜ ਵਿਚ ਰਹਿੰਦਿਆਂ, ਜਿਥੇ ਜਾ ਕੇ ਬਾਅਦ ਵਿਚ ਰਹਿਣਾ-ਵਸਣਾ ਸੀ, ਸੰਵਾਰ ਲਿਆ। ਇਸੇ ਤਰ੍ਹਾਂ ਜਿਨ੍ਹਾਂ ਨੂੰ ਜੀਵਨ ਜੁਗਤੀ ਦੀ ਸੋਝੀ ਹੋ ਗਈ ਹੈ, ਉਹ ਆਪਣਾ ਪਰਲੋਕ ਸ਼ੁੱਧ ਕਰਦੇ ਹਨ, ਜਿਥੇ ਜਾ ਕੇ ਉਨ੍ਹਾਂ ਦਾ ਆਦਰ ਸਤਿਕਾਰ ਹੋਣਾ ਹੈ। ਉਨ੍ਹਾਂ ਨੂੰ ਇਹ ਜਗਤ ਛੱਡਣ ਵੇਲੇ ਕੋਈ ਦੁਖ ਨਹੀਂ ਹੋਇਆ ਕਰਦਾ, ਸਗੋਂ ਖੁਸ਼ੀ ਮਹਿਸੂਸ ਹੁੰਦੀ ਹੈ। ਇਸ ਥਾਂ ਦੇ ਲੋਕ ਵੀ ਉਸ ਦੇ ਪਿਆਰ ਵਿਚ ਸਦੀਆਂ ਲੰਘ ਜਾਣ ਤੋਂ ਪਿਛੋਂ ਨਹੀਂ ਭੁਲਦੇ, ਉਸਦੀਆਂ ਬਰਸੀਆਂ ਮਨਾਉਂਦੇ ਹਨ, ਯਾਦਾਂ ਮਨਾਉਂਦੇ ਹਨ, ਉਪਦੇਸ਼ਾਂ ਨੂੰ ਇਕੱਠੇ ਕਰਕੇ ਮਾਰਗ ਢੂੰਡਦੇ ਹਨ। ਉਹ ਇਥੇ ਭੀ ਖੁਸ਼ ਹਨ ਅਤੇ ਅੱਗੇ ਵੀ ਖੁਸ਼ੀ-ਖੁਸ਼ੀ ਜਾ ਰਹਿੰਦੇ ਹਨ -

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***

***ਪੰਨਾ - 1365***

***ਕਬੀਰ ਜਾ ਤੂੰ ਜਨਮਿਆ ਜਗ ਮਹਿ ਜਗ ਹਸੈ ਤੂੰ ਰੋਇ॥***
***ਐਸੀ ਕਰਨੀ ਕਰ ਚਲਉ ਪਿਆਰੇ ਤੂੰ ਹਸੈ ਜਗ ਰੋਇ॥***

ਸੋ ਇਹ ਇਕ ਦ੍ਰਿਸ਼ਟਾਂਤ ਹੈ - ਗੱਲ ਨੂੰ ਭਲੀਭਾਂਤ ਸਮਝ ਵਿਚ ਲਿਆਉਣ ਲਈ, ਜੋ ਇਸ ਮਹੀਨੇ ਵਿਚ ਗੁਰੂ ਮਹਾਰਾਜ ਜੀ ਨੇ ਦੱਸਿਆ ਹੈ। ਇਹ ਜੀਵਨ ਦੇ ਦੋਏ ਪੱਖ ਹਨ। ਭਾਦੋਂ ਦੇ ਮਹੀਨੇ ਵਿਚ ਉਨ੍ਹਾਂ ਮੰਦ ਭਾਗੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਸੰਸਾਰ ਵਿਚ ਆ ਕੇ 'ਆਹ ਜਗ ਮਿੱਠਾ ਅਗਲਾ ਕਿਨ ਡਿੱਠਾ' ਦੇ ਧੁੰਧਲੇ ਖਿਆਲ ਅਨੁਸਾਰ ਆਪਣਾ ਜੀਵਨ ਨਸ਼ਟ ਕਰ ਲਿਆ। ਉਸ ਦਾ ਸੰਸਾਰ ਤੇ ਆਉਣ ਦਾ ਪ੍ਰਮ ਮਨੋਰਥ ਪ੍ਰਭੂ ਪ੍ਰਾਪਤੀ ਸੀ -

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥***
***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ॥***
***ਮਾਨਸ ਜਨਮ ਕਾ ਏਹੀ ਲਾਹੁ॥*** ***ਪੰਨਾ - 1159***

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥* *ਪੰਨਾ - 12*

ਪਰ ਇਸਦੀ ਥਾਂ, ਭਰਮ ਵਿਚ ਭੁੱਲ ਕੇ ਮਾਇਆ ਨਾਲ ਹੇਤ ਲਾ ਲਿਆ। ਮਾਇਆ ਦੇ ਪਿਆਰ ਵਿਚ ਦੁਖ ਹੀ ਦੁਖ ਹੁੰਦਾ ਹੈ, ਸੁਖ ਦਾ ਨਾਮ ਨਿਸ਼ਾਨ ਨਹੀਂ ਹੁੰਦਾ। ਜਿਵੇਂ ਰੇਤੇ ਵਿਚੋਂ ਤੇਲ ਨਹੀਂ ਨਿਕਲਿਆ ਕਰਦਾ, ਇਵੇਂ ਮਾਇਕ ਪਦਾਰਥਾਂ ਵਿਚੋਂ ਕਦੇ ਵੀ ਸੁਖ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ।

ਭਾਦੋਂ ਦੇ ਮਹੀਨੇ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥*
*ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥*
*ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥*
*ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥*
*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥*
*ਪੰਨਾ - 134*

ਸੋ ਇਹ ਜੀਵ ਐਨਾ ਭੁੱਲਿਆ ਕਿ ਇਸ ਨੂੰ ਇਹ ਭੁੱਲ ਹੀ ਗਿਆ ਕਿ ਮੈਂ ਇਸ ਸੰਸਾਰ ਵਿਚੋਂ ਜਾਣਾ ਹੈ, ਭੁੱਲ ਗਿਆ ਵਾਹਿਗੁਰੂ ਜੀ ਦੀ ਕੁਦਰਤ ਨੂੰ, ਅਟੱਲ ਨਿਯਮ ਨੂੰ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*
*ਪੰਨਾ - 135*

ਇਹ ਤਾਂ ਆਮ ਅਸੂਲ ਹੈ ਕਿ ਜ਼ਮੀਨ ਦੇ ਵਿਚ ਜੇ ਅਸੀਂ ਕਿੱਕਰਾਂ ਬੀਜੀਏ ਤੇ ਕਿੱਕਰਾਂ ਤੋਂ ਅੰਗੂਰ ਪ੍ਰਾਪਤ ਕਰਨ ਦੀ ਆਸ ਰੱਖੀਏ, ਇਹ ਮੂਰਖਤਾ ਵਾਲੀ ਗੱਲ ਹੋਵੇਗੀ। ਸਾਰਾ ਸਾਲ ਉੱਨ ਦੀ ਕਤਾਈ ਕੀਤੀ ਜਾਵੇ ਤੇ ਮਨ ਵਿਚ ਲੋਚਾ ਰੱਖੀ ਜਾਵੇ ਕਿ ਰੇਸ਼ਮ ਪਹਿਨਾਂਗੇ; ਇਹ ਕਿਸ ਤਰ੍ਹਾਂ ਹੋ ਸਕਦਾ ਹੈ?

*ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥*
*ਪੰਨਾ - 1379*

ਇਹ ਤਾਂ ਤੂੰ ਇਸ ਧਰਤੀ ਵਿਚ ਜੋ ਬੀਜੇਂਗਾ, ਉਹੀ ਫਲ ਤੈਨੂੰ ਪ੍ਰਾਪਤ ਹੋਏਗਾ। ਅੱਕ ਬੀਜ ਕੇ, ਅੱਕ ਦੀਆਂ ਡੋਡੀਆਂ ਕਦੇ ਵੀ ਅੰਬ ਦੀ ਮਿਠਾਸ ਪੈਦਾ ਨਹੀਂ ਕਰਦੀਆਂ। ਅੰਬ ਖਾਣ ਲਈ ਤੈਨੂੰ ਪਹਿਲਾਂ ਹੀ ਪੂਰੀ ਸਾਵਧਾਨੀ ਨਾਲ ਉਹ ਅੰਬ ਬੀਜਣੇ ਪੈਣਗੇ ਜਿਨ੍ਹਾਂ ਦੀ ਮਿਠਾਸ, ਜਿਨ੍ਹਾਂ ਦਾ ਗੁੱਦਾ ਅੰਦਰ, ਅਨੰਦ ਪੈਦਾ ਕਰਦਾ ਹੈ। ਭੋਗਾਂ ਦੇ ਬੀਜ ਬੀਜ ਕੇ ਕਦੇ ਵੀ ਨਾਮ ਰਸ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਅੰਤ ਵਿਚ ਸਾਨੂੰ ਆਪ ਜੀ ਪ੍ਰੇਰਨਾ ਦਿੰਦੇ ਹਨ ਕਿ ਤੁਸੀਂ ਨਿਗੁਰੇ ਰਹਿ ਕੇ ਆਪਣਾ ਜੀਵਨ ਬਰਬਾਦ ਨਾ ਕਰੋ। ਪ੍ਰਭੂ ਦਾ ਨਾਮ ਭਵਜਲ ਪਾਰ ਕਰਨ ਲਈ ਵੱਡਾ ਜਹਾਜ਼ ਹੈ ਅਤੇ ਗੁਰੂ ਦਾ ਪਿਆਰ, ਨਰਕਾਂ ਦੀ ਅੱਗ ਨੂੰ ਨੇੜੇ ਨਹੀਂ ਆਉਣ ਦਿੰਦਾ।

*ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥*
*ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣਵਾਲਾ ਹੇਤੁ॥*
*ਪੰਨਾ - 135*

*ਰੇ ਰੇ ਦਰਗਹ ਕਹੈ ਨ ਕੋਊ॥*
*ਆਉ ਬੈਠੁ ਆਦਰੁ ਸುਭ ਦੇਊ॥* *ਪੰਨਾ - 252*

ਜਿਸ ਕੰਮ ਨੂੰ ਕਰਨ ਵਾਸਤੇ ਅਸੀਂ ਸੰਸਾਰ ਵਿਚ ਆਏ ਹਾਂ, ਸਾਵਧਾਨ ਹੋ ਕੇ ਵਿਸ਼ੇ ਵਿਕਾਰਾਂ ਨੂੰ ਪਿੱਠ ਦੇ ਕੇ, ਵਿਸ਼ੇ ਵਿਕਾਰਾਂ ਦੀ ਅਸਲੀਅਤ ਨੂੰ ਸਮਝ ਕੇ ਉਹ ਕੰਮ ਕਰੋ ਜਿਸ ਨਾਲ ਸਾਨੂੰ ਖ਼ੁਸ਼ੀਆਂ ਪ੍ਰਾਪਤ ਹੋਣ। ਉਹ ਹੈ ਪ੍ਰਭੂ ਦਾ ਸਿਮਰਨ, ਪ੍ਰਭੂ ਦੇ ਪਿਆਰ ਦੀ ਪ੍ਰਾਪਤੀ ਜੋ ਪ੍ਰਭੂ ਦੇ ਪਿਆਰਿਆਂ ਪਾਸੋਂ ਪ੍ਰਾਪਤ ਹੁੰਦੀ ਹੈ।

*ਜਿਸੁ ਵਖਰ ਕਉ ਲੈਨਿ ਤੂ ਆਇਆ॥*
*ਰਾਮ ਨਾਮੁ ਸੰਤਨ ਘਰਿ ਪਾਇਆ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ॥*
*ਰਾਮ ਨਾਮੁ ਹਿਰਦੇ ਮਹਿ ਤੋਲਿ॥*
*ਲਾਦਿ ਖੇਪ ਸੰਤਹ ਸੰਗਿ ਚਾਲੁ॥*
*ਅਵਰ ਤਿਆਗਿ ਬਿਖਿਆ ਜੰਜਾਲ॥*
*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥* *ਪੰਨਾ - 283*

ਆਪ ਇਨ੍ਹਾਂ ਅਟੱਲ ਸਚਾਈਆਂ ਨੂੰ ਸਮਝੋ, ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰੋ! ਜਿਨ੍ਹਾਂ ਦੇ ਅੰਦਰ ਰਾਗ ਦ੍ਵੈਸ਼ ਦੀ ਇਕ ਕਣੀ ਵੀ ਨਹੀਂ ਹੋਇਆ ਕਰਦੀ, ਉਨ੍ਹਾਂ ਦੀ ਸੰਗਤ ਕਰੋ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉਪਰ ਇਮਾਨ ਲਿਆਓ। ਬਾਣੀ ਨੂੰ ਸਤਿ-ਸਤਿ ਕਰਕੇ ਮੰਨੋ, ਬਾਣੀ ਨੂੰ ਕਮਾਓ। ਬਾਣੀ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਨ ਲਈ ਬਾਰ-ਬਾਰ ਭੇਜਦੀ ਹੈ- ਪ੍ਰਭੂ ਪਿਆਰਿਆਂ ਦੀ ਮਹੱਤਤਾ ਦਸਦੀ ਹੋਈ। ਫੁਰਮਾਨ ਹੈ ਕਿ -

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥*
*ਸਾਧ ਕੀ ਉਪਮਾ ਰਹੀ ਭਰਪੂਰਿ॥*
*ਸਾਧ ਕੀ ਸੋਭਾ ਕਾ ਨਾਹੀ ਅੰਤ॥*
*ਸਾਧ ਕੀ ਸੋਭਾ ਸਦਾ ਬੇਅੰਤ॥*
*ਸਾਧ ਕੀ ਸੋਭਾ ਊਚ ਤੇ ਊਚੀ॥*
*ਸਾਧ ਕੀ ਸੋਭਾ ਮੂਚ ਤੇ ਮੂਚੀ॥*
*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥* *ਪੰਨਾ - 272*

ਪਰ ਅਫਸੋਸ, ਇਹ ਨਾਮ ਵਪਾਰ ਵਿਰਲੇ ਹੀ ਕਰਦੇ ਹਨ। ਬਲਿਹਾਰ ਹਾਂ ਉਨ੍ਹਾਂ ਤੋਂ ਜੋ ਨਾਮ ਦੇ ਵਪਾਰੀ ਹਨ; ਆਪ ਤਰਦੇ ਹਨ, ਸੰਸਾਰ ਨੂੰ ਤਾਰਦੇ ਹਨ।

# ਸੰਪਾਦਕੀ

***ਡਾ. ਜਗਜੀਤ ਸਿੰਘ***

ਅਧਿਆਤਮਕ ਖੇਤਰ ਵਿਚ ਇਹ ਵਿਚਾਰ ਬਹੁਤ ਪ੍ਰਬਲ ਹੈ ਕਿ ਮਨੁੱਖ ਸਰੀਰ ਨਹੀਂ, ਆਤਮਾ ਹੈ, ਸਰੀਰ ਤਾਂ ਪੰਜ ਤੱਤਾਂ ਦੀ ਬਿਨਸਨਹਾਰ ਦੇਹੀ ਹੈ। ਆਮ ਤੌਰ ਤੇ ਇਸ ਸਰੀਰ ਦੇ ਪਾਲਨ ਪੋਸਨ ਤੇ ਹਾਰ ਸ਼ਿੰਗਾਰ ਨੂੰ ਨਿਰਾਰਥਕ ਭਾਸ਼ਾ ਰਾਹੀਂ ਦਰਸਾਇਆ ਜਾਂਦਾ ਹੈ। ਕਈ ਭਗਤ, ਸਾਧੂ ਸੰਤ ਅਤੇ ਯੋਗੀ ਕਰੜੀ ਸਾਧਨਾ ਰਾਹੀਂ ਸਰੀਰਕ ਕਸ਼ਟ ਸਹਾਰਦੇ ਹਨ, ਸਰਦੀਆਂ ਵਿਚ ਬਰਫਾਨੀ ਠੰਢੇ ਯਖ ਪਾਨੀ ਵਿਚ ਕਿੰਨਾ ਕਿੰਨਾ ਚਿਰ ਖੜ੍ਹੇ ਤਪ ਸਾਧਦੇ ਹਨ, ਗਰਮੀਆਂ ਵਿਚ ਨੰਗੇ ਪਿੰਡੇ ਗਰਮੀ ਅਤੇ ਤਪਸ਼ ਨਾਲ ਸਰੀਰ ਲੂਹ ਲੈਂਦੇ ਹਨ, ਯੋਗੀ ਕਪੜੇ ਨਹੀਂ ਪਹਿਨਦੇ, ਪਿੰਡੇ ਤੇ ਸੁਆਹ ਮਲ ਕੇ ਰਖਦੇ ਹਨ, ਜੈਨੀ ਸਾਧੂ ਨੰਗੇ ਪੈਰੀਂ ਚਲਦੇ ਹਨ, ਜ਼ੋਹਦ, ਤਪ, ਚਲੀਹੇ ਇਸੇ ਭਾਵਨਾ ਅਧੀਨ ਰੱਖੇ ਜਾਂਦੇ ਹਨ। ਬਾਬਾ ਫਰੀਦ ਸਬੰਧੀ ਵੀ ਮਸ਼ਹੂਰ ਹੈ ਕਿ ਉਹ 12 ਸਾਲ ਖੂਹ ਵਿਚ ਪੁੱਠੇ ਲਟਕਦੇ ਰਹੇ, ਉਨ੍ਹਾਂ ਦਾ ਤਨ ਸੁੱਕ ਕੇ ਪਿੰਜਰ ਹੋ ਗਿਆ ਪਰ ਬਾਬਾ ਫਰੀਦ ਨੇ ਅਖੀਰ ਇਹ ਗੱਲ ਮੰਨ ਲਈ –

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥***
***ਪੰਨਾ – 1378***

ਗੁਰਮਤਿ ਵਿਚ ਮਨੁੱਖਾ ਸਰੀਰ ਨੂੰ ਵਡਮੁੱਲੀ ਦਾਤ ਕਿਹਾ ਹੈ। ਇਸ ਦੀ ਸੰਭਾਲ ਨਾਲ ਪ੍ਰਭੂ ਸਿਮਰਨ ਨਾਮ ਜਾਪ ਹੋ ਸਕਦਾ ਹੈ। ਇਸ ਲਈ ਹੁਕਮ ਹੈ –

***ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥***
***ਪੰਨਾ – 554***

ਤਾਂ ਹੀ ਸਰੀਰ ਨੂੰ ਕਸ਼ਟ ਦੇਣ ਵਾਲੇ ਸਾਰੇ ਸਾਧਨ ਗੁਰੂ ਜੀ ਨੇ ਅਸਵੀਕਾਰ ਕੀਤੇ ਹਨ, ਸਗੋਂ ਉਨ੍ਹਾਂ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਗੁਰੂ ਨਾਨਕ ਦੇਵ ਜੀ ਆਸਾ ਜੀ ਦੀ ਵਾਰ ਵਿਚ ਕਹਿੰਦੇ ਹਨ ਕਿ ਤੀਰਥਾਂ ਦੀ ਯਾਤਰਾ ਆਪਣੇ ਅਹੰਕਾਰ ਵਿਚ ਵਾਧਾ ਕਰਨ ਦਾ ਸਾਧਨ ਹੈ, ਸਰੀਰ ਦੇ ਸਾਰੇ ਭੇਖ ਅਤੇ ਕਸ਼ਟ ਕਿਰਿਆਵਾਂ ਰੱਬ ਦੇ ਦਰ ਤੇ ਕਬੂਲ ਨਹੀਂ ਸਗੋਂ ਆਪਣੇ ਕੀਤੇ ਮਾੜੇ ਕਰਮਾਂ ਦਾ ਭੋਗ ਹੈ। ਅੰਨ ਛੱਡ ਦੇਣਾ ਕੋਈ ਭਗਤੀ ਨਹੀਂ, ਸਗੋਂ ਜੀਵਨ ਨੂੰ ਤਲਖ ਬਣਾਉਣਾ ਤੇ ਦੁਖ ਸਹਾਰਨਾ ਹੈ, ਇਸ ਨਾਲ ਰੱਬ ਦਾ ਪਿਆਰ ਜਾਂ ਖੁਸ਼ੀ ਨਹੀਂ ਮਿਲਦੀ। ਕਈ ਲੋਕ ਸਾਫ ਸੁਥਰਾ ਚੰਗਾ ਭੋਜਨ ਛੱਡ ਕੇ ਜੂਠਾ ਮੂਠਾ ਖਾਂਦੇ ਹਨ ਅਤੇ ਇਸ ਨੂੰ ਹੀ ਭਗਤੀ ਸਮਝਦੇ ਹਨ ਪਰ ਗੁਰੂ ਜੀ ਇਨ੍ਹਾਂ ਦੀ ਕਰੜੀ ਤਾੜਨਾ ਕਰਦੇ ਕਹਿੰਦੇ ਹਨ ਕਿ ਐਸੇ ਲੋਕ ਭਗਤੀ ਨਹੀਂ ਕਰਦੇ ਸਗੋਂ ਸਿਰ ਸੁਆਹ ਪਾਂਦੇ ਹਨ, ਉਹ ਅਗਿਆਨੀ ਹਨ, ਮੂਰਖ ਹਨ, ਆਪਣੀ ਪੱਤ ਗਵਾ ਰਹੇ ਹਨ। ਇੰਜ ਹੀ ਘਰ ਪਰਿਵਾਰ ਛੱਡ ਕੇ ਅੰਨ੍ਹੇ ਮੂਰਖ ਉਜਾੜਾਂ ਵਿਚ, ਮੜ੍ਹੀਆਂ, ਮਸਾਣਾਂ ਵਿਚ ਰਹਿੰਦੇ ਹਨ, ਇਹ ਕੋਈ ਰੱਬੀ ਰਾਹ ਨਹੀਂ, ਸਗੋਂ ਅਮੋਲਕ ਜਨਮ ਦੀ ਬਰਬਾਦੀ ਹੈ। ਅਸਲ ਰਾਹ ਗੁਰੂ ਦੀ ਸ਼ਰਨ ਤੋਂ ਮਿਲਦਾ ਹੈ ਜੋ ਅੰਦਰ ਵਸਦੇ ਰੱਬ ਦੇ ਮਿਲਾਪ ਦਾ ਸਾਧਨ ਦਸਦਾ ਹੈ। ਫਿਰ ਘਰ ਗ੍ਰਹਿਸਤੀ ਵਿਚ ਹੀ ਨਾਮ-ਜਪ-ਸਿਮਰਨ ਰਾਹੀਂ ਸੁਖ ਸਾਂਤੀ ਤੇ ਸਹਿਜਮਈ ਜੀਵਨ ਪ੍ਰਾਪਤ ਹੁੰਦਾ ਹੈ। ਪੂਰਾ ਸ਼ਬਦ ਇਸ ਪ੍ਰਕਾਰ ਹੈ –

***ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥***
***ਬਹੁ ਤੀਰਥ ਭਵਿਆ॥ ਤੇਤੋ ਲਵਿਆ॥***
***ਬਹੁ ਭੇਖ ਕੀਆ ਦੇਹੀ ਦੁਖੁ ਦੀਆ॥***
***ਸਹੁ ਵੇ ਜੀਆ ਅਪਣਾ ਕੀਆ॥***
***ਅੰਨੁ ਨ ਖਾਇਆ ਸਾਦੁ ਗਵਾਇਆ॥***
***ਬਹੁ ਦੁਖੁ ਪਾਇਆ ਦੂਜਾ ਭਾਇਆ॥***
***ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥***
***ਮੋਨਿ ਵਿਗੂਤਾ॥ ਕਿਉ ਜਾਗੈ ਗੁਰ ਬਿਨੁ ਸੂਤਾ॥***
***ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥***
***ਅਲੁ ਮਲੁ ਖਾਈ ਸਿਰ ਛਾਈ ਪਾਈ॥***
***ਮੂਰਖਿ ਅੰਧੈ ਪਤਿ ਗਵਾਈ॥***
***ਵਿਣੁ ਨਾਵੈ ਕਿਛੁ ਥਾਇ ਨ ਪਾਈ॥***
***ਰਹੈ ਬੇਬਾਣੀ ਮੜੀ ਮਸਾਣੀ॥***
***ਅੰਧੁ ਨ ਜਾਣੈ ਫਿਰਿ ਪਛੁਤਾਣੀ॥***
***ਸਤਿਗੁਰੁ ਭੇਟੇ ਸੋ ਸੁਖੁ ਪਾਏ॥***
***ਹਰਿ ਕਾ ਨਾਮੁ ਮੰਨਿ ਵਸਾਏ॥***
***ਨਾਨਕ ਨਦਰਿ ਕਰੇ ਸੋ ਪਾਏ॥***
***ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ॥***
***ਪੰਨਾ – 468***

ਪਿਆਰੇ ਪਾਠਕੋ! ਆਪ ਜੀ ਉਪਰ ਗੁਰੂ ਦੀਆਂ ਕਿੰਨੀਆਂ ਬਖਸ਼ਿਸ਼ਾਂ ਹਨ। ਆਪ ਜੀ ਨੂੰ ਗੁਰੂ ਮਹਾਰਾਜ ਸਾਫ ਸੁਥਰੀ ਸੋਹਣੀ ਸੁਚੱਜੀ ਜੀਵਨ ਜਾਚ ਬਖਸ਼ਦੇ ਹਨ। ਇਸ ਸਰੀਰ ਵਿਚ ਹੀ ਸਾਡਾ ਪ੍ਰਭੂ ਪ੍ਰਮੇਸ਼ਵਰ ਵਸਦਾ ਹੈ, ਇਸ ਨੂੰ ਦੁਰਲੱਭ ਦੇਹ ਕਿਹਾ ਹੈ। ਇਸ ਦੀ ਠੀਕ ਪਾਲਨਾ ਕਰਨੀ ਸਾਡਾ ਧਰਮ ਹੈ ਕਿਉਂਕਿ ਸਵੱਸਥ ਸਰੀਰ ਰਾਹੀਂ ਨਾਮ-ਜਾਪ-ਸਿਮਰਨ-ਭਗਤੀ ਸੰਭਵ ਹੈ।

ਸੋਹਣਾ ਸਾਫ ਪੌਸ਼ਟਿਕ ਭੋਜਨ ਛਕੋ, ਇਸੇ ਲਈ ਦੇਗ ਅਤੇ ਲੰਗਰ, ਸੰਗਤ ਅਤੇ ਪੰਗਤ ਦੀ ਪ੍ਰਥਾ ਕਾਇਮ ਕੀਤੀ ਗਈ ਹੈ। ਐਸਾ ਭੋਜਨ ਨਾ ਖਾਓ ਜਿਸ ਨਾਲ ਸਰੀਰ ਨੂੰ ਕਸ਼ਟ ਹੋਵੇ ਅਤੇ ਮਨ ਵਿਚ ਵਿਕਾਰ ਪੈਦਾ ਹੋਣ। ਐਸਾ ਨਿਯਮ ਹੀ ਵਸਤਰ ਪਹਿਨਣ ਅਤੇ ਸਵਾਰੀ ਪ੍ਰਤੀ ਹੈ –

***ਬਾਬ ਹੋਰੁ ਖਾਣਾ ਖੁਸੀ ਖੁਆਰੁ॥***
***ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥***

..............................................

***ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥***
***ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥***

..............................................

***ਬਾਬਾ ਹੋਰੁ ਚੜਣਾ ਖੁਸੀ ਖੁਆਰੁ॥***
***ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥***

..............................................

***ਬਾਬਾ ਹੋਰੁ ਸਉਣਾ ਖੁਸੀ ਖੁਆਰੁ॥***
***ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥***
***ਪੰਨਾ – 16***

ਏਥੋਂ ਤਕ ਕਿ ਗੁਰੂ ਮਹਾਰਾਜ ਤਾਂ ਇਸ ਸਰੀਰ ਨੂੰ 'ਹਰੀ ਮੰਦਰ' ਪ੍ਰਭੂ ਦਾ ਸੋਹਣਾ ਨਿਵਾਸ-ਅਸਥਾਨ ਕਹਿੰਦੇ ਹਨ। ਕਿੰਨੀ ਵਡਿਆਈ ਹੈ ਉਸ ਅਸਥਾਨ ਦੀ ਜਿਥੇ ਪ੍ਰਭੂ ਬਿਰਾਜਮਾਨ ਹੁੰਦੇ ਹਨ।

ਆਪ ਸੂਝਵਾਨ ਪਾਠਕ ਹੋ। ਦੇਰ ਤੋਂ ਮਹਾਂਪੁਰਸ਼ਾਂ ਦੀ ਸੰਗਤ ਵਿਚ ਹੋ, ਉਨ੍ਹਾਂ ਦੇ ਉਤਮ ਵਿਚਾਰ, ਪ੍ਰਵਚਨ ਸੁਣਨ ਪੜ੍ਹਨ ਨਾਲ ਆਪ ਜੀ ਅੰਦਰ ਗੁਰਬਾਣੀ ਗਿਆਨ ਪ੍ਰਕਾਸ਼ਮਾਨ ਹੋ ਰਿਹਾ ਹੈ। ਨਿਮਨ ਸ਼ਬਦ ਆਪ ਜੀ ਦੇ ਦ੍ਰਿਸ਼ਟੀਗੋਚਰ ਹੈ ਜਿਸ ਦੇ ਭਾਵ ਸੁਤੇ ਸਿਧ ਸਪਸ਼ਟ ਹੋ ਰਹੇ ਹਨ –

***ਪ੍ਰਭਾਤੀ ਮਹਲਾ ੩ ਬਿਭਾਸ***
***ਗੁਰਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ॥***
***ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮਾਲਿ॥੧॥***
***ਮਨ ਮੇਰੇ ਸਬਦਿ ਰਪੈ ਰੰਗੁ ਹੋਇ॥***
***ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ॥੧॥ਰਹਾਉ॥***
***ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥***
***ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ॥੨॥***

***ਪੰਨਾ – 1346***

ਅਰਥਾਤ ਗੁਰੂ ਦੀ ਕ੍ਰਿਪਾ ਨਾਲ ਇਹ ਸੋਝੀ ਮਿਲਦੀ ਹੈ ਕਿ ਪ੍ਰਮਾਤਮਾ ਦਾ ਘਰ ਤੇਰੇ ਅੰਦਰ ਹੀ ਹੈ। ਇਸ 'ਹਰਿ ਮੰਦਰ' ਨੂੰ ਗੁਰੂ ਦੀ ਕ੍ਰਿਪਾ ਰਾਹੀਂ ਹੀ ਲੱਭਿਆ ਜਾ ਸਕਦਾ ਹੈ। ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਮਾਤਮਾ ਦਾ ਨਾਮ ਆਪਣੇ ਅੰਦਰ ਸੰਭਾਲ ਕੇ ਰੱਖ ਕਿਉਂਕਿ ਜਿਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਰੰਗਿਆ ਜਾਂਦਾ ਹੈ, ਉਸ ਦੇ ਮਨ ਨੂੰ ਭਗਤੀ ਦਾ ਰੰਗ ਚੜ੍ਹਦਾ ਹੈ ਅਤੇ ਉਸ ਦੀ ਸੋਭਾ ਲੋਕ ਪ੍ਰਲੋਕ ਵਿਚ ਫੈਲ ਜਾਂਦੀ ਹੈ ਅਤੇ ਇਸ ਦਾ ਸਰੀਰ ਪ੍ਰਮਾਤਮਾ ਦਾ ਸਥਿਰ ਮੰਦਰ ਬਣ ਜਾਂਦਾ ਹੈ ਜਿਸ ਨੂੰ ਵਿਕਾਰਾਂ ਦਾ ਝੱਖੜ ਹਿਲਾ ਨਹੀਂ ਸਕਦਾ। ਇਹ ਸੱਚ ਜਾਣੋ ਕਿ ਮਨੁੱਖ ਦਾ ਇਹ ਸਰੀਰ 'ਹਰਿਮੰਦਰ' ਹੈ ਪਰ ਇਹ ਭੇਤ ਸਤਿਗੁਰੂ ਦੀ ਬਖਸ਼ੀ ਆਤਮਿਕ ਸੂਝ ਰਾਹੀਂ ਖੁਲ੍ਹਦਾ ਹੈ। ਆਪਣੇ ਮਨ ਦੇ ਪਿਛੇ ਲੱਗਣ ਵਾਲੇ ਮਨਮੁਖ, ਪ੍ਰਮਾਤਮਾ ਨਾਲ ਸਾਂਝ ਨਾ ਹੋਣ ਕਾਰਨ ਇਹ ਸਮਝਦੇ ਹਨ ਕਿ ਮਨੁੱਖ ਦਾ ਸਰੀਰ ਕਿਵੇਂ 'ਹਰੀ ਮੰਦਰ' ਹੋ ਸਕਦਾ ਹੈ?

***ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ॥***
***ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ॥੩॥***
***ਸਬਦੁ ਚੀਨਿ ਸੁਖੁ ਪਾਇਆ ਸਚੈ ਨਾਇ ਪਿਆਰ॥***
***ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ॥੪॥***
***ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ॥***
***ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ॥੫॥***

***ਪੰਨਾ – 1346***

ਅਰਥਾਤ ਮਨੁੱਖਾ ਸਰੀਰ ਰੂਪੀ ਹਰਿਮੰਦਰ ਪਰਮਾਤਮਾ ਨੇ ਆਪ ਬਣਾਇਆ ਹੈ, ਆਪਣੇ ਹੁਕਮ ਨਾਲ ਸਾਜਿਆ ਹੈ, ਧੁਰ ਤੋਂ ਲਿਖੇ ਲੇਖਾਂ ਅਨੁਸਾਰ ਹਰੇਕ ਸਰੀਰ ਕਿਰਿਆਸ਼ੀਲ ਹੁੰਦਾ ਹੈ। ਮਨੁੱਖ ਦਾ ਕੋਈ ਹੀਲਾ ਇਸ ਲਿਖੇ ਲੇਖ ਨੂੰ ਬਦਲ ਨਹੀਂ ਸਕਦਾ। ਜਿਹੜਾ ਮਨੁੱਖ ਹਰੀ ਨਾਮ ਨਾਲ ਪਿਆਰ ਪਾਉਂਦਾ ਹੈ, ਗੁਰੂ ਦੇ ਸ਼ਬਦ ਨਾਲ ਸਾਂਝ ਪਾਉਂਦਾ ਹੈ, ਉਹ ਸਦਾ ਆਤਮਿਕ ਅਨੰਦ ਵਿਚ ਵਿਚਰਦਾ ਹੈ। ਇਹ ਹਰਿਮੰਦਰ ਗੁਰੂ ਦੇ ਸ਼ਬਦ ਰਾਹੀਂ ਸੋਹਣਾ ਬਣ ਜਾਂਦਾ ਹੈ, ਪ੍ਰਭੂ ਦੇ ਨਿਵਾਸ ਲਈ ਮਾਨੋ ਸੋਨੇ ਦਾ ਕਿਲ੍ਹਾ ਬਣ ਜਾਂਦਾ ਹੈ। ਹੋਰ ਵਿਸ਼ਾਲ ਦ੍ਰਿਸ਼ਟੀ ਤੋਂ ਵੇਖੀਏ ਤਾਂ ਸਾਰਾ ਸੰਸਾਰ ਹੀ ਹਰੀਮੰਦਰ ਹੈ, ਪ੍ਰਮਾਤਮਾ ਦਾ ਰਹਿਣ-ਘਰ ਹੈ, ਪਰ ਗੁਰੂ ਦੇ ਗਿਆਨ ਬਿਨਾਂ ਏਥੇ ਘੁੱਪ-ਅਨ੍ਹੇਰਾ ਹੀ ਦਿਸਦਾ ਹੈ। ਆਤਮਕ ਜੀਵਨ ਤੋਂ ਅੰਨ੍ਹੇ ਮਨੁੱਖ ਦ੍ਵੈਤ ਵਿਚ ਭਟਕਦੇ ਰਹਿੰਦੇ ਹਨ। ਸ਼ਬਦ ਦੇ ਬਾਕੀ ਅੰਗ 6–10 ਇਸੇ ਭਾਵ ਨੂੰ ਹੋਰ ਤੀਖਣਤਾ ਨਾਲ ਉਜਾਗਰ ਕਰਦੇ ਹਨ।

ਗੁਰਮਤਿ ਦੇ ਮਹਾਨ ਸੰਕਲਪ ਹੀ 'ਆਤਮ ਮਾਰਗ' ਦੇ ਲੇਖਾਂ ਰਾਹੀਂ ਆਪ ਜੀ ਪਾਸ ਹਰ ਮਹੀਨੇ ਪੁੱਜ ਰਹੇ ਹਨ। ਆਪ ਜੀ ਉਤਮ ਭਾਗਾਂ ਵਾਲੇ ਹੋ ਜੋ ਮਹਾਂਪੁਰਸ਼ਾਂ ਦੀ ਘਾਲਨਾ ਰਾਹੀਂ ਗੁਰਮਤਿ ਦੇ ਉਚੇ ਵੀਚਾਰ ਆਪ ਜੀ ਨਾਲ ਸਾਂਝੇ ਕੀਤੇ ਜਾ ਰਹੇ ਹਨ। ਮਹਾਂਪੁਰਸ਼ਾਂ ਨੇ ਅਪਾਰ ਕ੍ਰਿਪਾ ਕਰਕੇ ਅੱਜ ਤੋਂ 11 ਸਾਲ ਪਹਿਲਾਂ **ਸਾਲਾਨਾ ਗੁਰਮਤਿ ਸਮਾਗਮ** ਦੀ ਪਰਪਾਟੀ ਪ੍ਰਾਰੰਭ ਕੀਤੀ ਸੀ ਜਿਸ ਵਿਚ ਦੇਸ ਪ੍ਰਦੇਸ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਇਕੱਤਰ ਹੁੰਦੀਆਂ ਹਨ ਅਤੇ ਸੰਤਾਂ, ਮਹਾਤਮਾਵਾਂ, ਉਚੀਆਂ ਸੁੱਚੀਆਂ ਆਤਮਾਵਾਂ ਦੇ ਦਰਸ਼ਨ ਦੀਦਾਰ ਕਰਦੀਆਂ ਤ੍ਰਿਪਤ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਮਨੋਹਰ ਪ੍ਰਵਚਨ ਅਤੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਸਰਵਣ ਕਰਕੇ ਜਨਮ ਸਫਲਾ ਕਰਦੀਆਂ ਹਨ। ਆਪ ਜੀ ਨੂੰ ਪਤਾ ਹੀ ਹੈ ਕਿ ਮਹਾਂਪੁਰਸ਼ ਪਿਛਲੇ ਸਾਲ 31 ਅਕਤੂਬਰ 2001 ਨੂੰ ਬ੍ਰਹਮਲੀਨ ਹੋ ਗਏ ਸੀ। ਇਸ ਲਈ **12ਵਾਂ ਸਾਲਾਨਾ ਗੁਰਮਤਿ ਸਮਾਗਮ** ਉਨ੍ਹਾਂ ਦੀ ਪਿਆਰੀ ਮਿੱਠੀ ਯਾਦ ਨੂੰ ਸਮਰਪਿਤ ਕਰਦਿਆਂ **30 ਅਕਤੂਬਰ ਤੋਂ 2 ਨਵੰਬਰ 2002 ਤਕ** ਮਨਾਇਆ ਜਾ ਰਿਹਾ ਹੈ। ਆਪ ਜੀ ਨੇ ਹੁਣ ਤੋਂ ਤਿਆਰੀਆਂ ਕਰਕੇ ਇਸ ਵਿਚ ਸ਼ਾਮਲ ਹੋਣਾ ਹੈ, ਗੁਰੂ ਦੀਆਂ ਖੁਸ਼ੀਆਂ ਲੈਣੀਆਂ ਹਨ। ਇਸ ਸਬੰਧ ਵਿਚ ਪਹਿਲੀ ਮੀਟਿੰਗ 15 ਅਗਸਤ ਸਵੇਰੇ 11.00 ਵਜੇ ਰਤਵਾੜਾ ਸਾਹਿਬ ਹੋ ਰਹੀ ਹੈ। ਆਪ ਜੀ ਨੇ ਇਸ ਵਿਚ ਪੂਰਾ ਪੂਰਾ ਯੋਗਦਾਨ ਪਾਉਣਾ ਹੈ। ਆਪਣੇ ਅਨਮੋਲ ਸੁਝਾਅ ਵੀ ਦੇਣੇ ਹਨ। ਦੇਸ ਪ੍ਰਦੇਸ ਦੀਆਂ ਸੰਗਤਾਂ ਪਹਿਲੇ ਨਾਲੋਂ ਵੱਧ ਉਤਸ਼ਾਹ ਵਿਚ ਇਕੱਤਰ ਹੋ ਰਹੀਆਂ ਹਨ। ਮਹਾਂਪੁਰਸ਼ਾਂ ਦਾ ਪਿਆਰ ਅਮਰ ਹੈ, ਹਰੇਕ ਹਿਰਦੇ ਵਿਚ ਜੀਵਤ ਹੈ। ਉਨ੍ਹਾਂ ਨੇ ਸੰਗਤਾਂ ਨੂੰ ਗੁਰਮਤਿ ਨਾਲ ਜੋੜਿਆ, ਗੁਰਮਤਿ ਦੀ ਸੋਝੀ ਬਖਸ਼ੀ, ਭਗਤੀ ਵਿਚ ਲਾਇਆ ਅਤੇ ਜੀਅ-ਦਾਨ ਦਿਤਾ –

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***

***ਪੰਨਾ – 749***

ਉਨ੍ਹਾਂ ਦੇ ਪਿਆਰ ਸਤਿਕਾਰ ਵਿਚ ਇਕੱਤਰ ਹੋਈਏ –

***ਹੋਇ ਇਕਤ੍ਰ ਮਿਲਹੁ ਮੇਰੇ ਭਾਈ***
***ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਪੰਨਾ – 1185***

# ਗੁਰ ਕੀ ਪ੍ਰਤੀਤ

**(ਬਾਬਾ ਜੀ ਦੇ ਬ੍ਰਹਮਲੀਨ ਹੋਣ ਤੋਂ ਪਹਿਲਾਂ ਮਿਤੀ 14-10-2001 ਦੇ ਅਮੋਲਕ ਬਚਨ)**

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ ਮਿਸ਼ਨ***

ਸਾਧ ਸੰਗਤ ਜੀ!

***ਵਾਹਿਗੁਰੂ ਜੀ ਕਾ ਖਾਲਸਾ॥***
***ਵਾਹਿਗੁਰੂ ਜੀ ਕੀ ਫਤਹਿ॥***

ਬਹੁਤ ਹੀ ਪਿਆਰ ਵਾਲਾ ਜ਼ਿਕਰ ਹੋ ਰਿਹਾ ਸੀ। ਜੋ ਗੱਲ ਮੁੱਢਲੀ ਹੈ, ਜਿਥੋਂ ਅਸੀਂ ਤਰੱਕੀ ਕਰਨੀ ਹੈ, ਉਸ ਦਾ ਜ਼ਿਕਰ ਚੱਲ ਰਿਹਾ ਹੈ ਪਰ ਪ੍ਰਤੀਤ ਆਉਣੀ ਬਹੁਤ ਔਖੀ ਹੈ, ਥੋੜ੍ਹੀ ਨਹੀਂ। ਗੁਰੂ ਤੇ ਪ੍ਰਤੀਤ, ਪਹਿਲਾਂ ਤਾਂ ਸਾਨੂੰ ਇਹ ਨਹੀਂ ਪਤਾ ਕਿ ਜਿਹੜਾ ਮੇਰਾ ਗੁਰੂ ਹੈ ਇਹ ਪੂਰਾ ਹੈ ਜਾਂ ਅਧੂਰਾ। ਚਾਹੇ ਤੁਸੀਂ ਕਿਸੇ ਦੇਹਧਾਰੀ ਗੁਰੂ ਦੀ ਗੱਲ ਕਰ ਲਓ, ਚਾਹੇ ਤੁਸੀਂ ਕਿਸੇ ਸਾਧੂ ਮਹਾਤਮਾ ਦੀ ਗੱਲ ਕਰ ਲਓ, ਚਾਹੇ ਗੁਰੂ ਗ੍ਰੰਥ ਸਾਹਿਬ ਦੀ ਗੱਲ ਕਰ ਲਓ, ਜਦੋਂ ਤੱਕ ਗੁਰੂ ਨੂੰ ਸਮਝਿਆ ਨਹੀਂ ਜਾਂਦਾ ਓਨੀ ਦੇਰ ਤੱਕ ਪ੍ਰਤੀਤ ਨਹੀਂ ਬਣ ਸਕਦੀ। ਸਾਡਾ ਗੁਰੂ ਪ੍ਰਮੇਸ਼੍ਵਰ ਕਿੰਨਾ ਸਮਰੱਥ ਹੈ? ਇਉਂ ਪੜ੍ਹ ਲਉ -

***ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨਾ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੌ ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***
***ਤ੍ਵਪ੍ਰਸਾਦਿ ਸਵੱਯੇ***

***ਦੀਨਨ ਕੀ ਪ੍ਰਤਿਪਾਲ ਕਰੈ ਨਿਤ, ਸੰਤ ਉਬਾਰ ਗਨੀਮਨ ਗਾਰੈ॥***
***ਪੱਛ ਪਸੂ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ॥***
***ਪੋਖਤ ਹੈ ਜਲ ਮੈ ਥਲ ਮੈ ਪਲ ਮੈ, ਕਲਿ ਕੇ ਨਹੀਂ ਕਰਮ ਬਿਚਾਰੈ॥***
***ਦੀਨ ਦਇਆਲ ਦਇਆ ਨਿਧਿ, ਦੋਖਨ ਦੇਖਤ ਹੈ ਪਰ ਦੇਤ ਨ ਹਾਰੈ॥***
***ਤ੍ਵਪ੍ਰਸਾਦਿ ਸ੍ਵਯੇ***

ਗੁਰੂ ਜਿੰਨਾਂ ਕੋਈ ਸਮਰੱਥ ਨਹੀਂ ਹੁੰਦਾ।

ਗੁਰੂ ਨਾਨਕ ਸਾਹਿਬ ਦਸ ਜਾਮਿਆਂ ਦੇ ਵਿਚ ਪਾਰਬ੍ਰਹਮ ਪਰਮੇਸ਼ਰ ਆਏ ਸੀ, ਜੋਤ ਅੱਗੇ ਚਲ ਪੈਂਦੀ ਸੀ। ਜਨਮ ਨਹੀਂ ਸੀ ਲੈਂਦੇ, ਜਨਮ ਸਰੀਰ ਲੈਂਦਾ ਸੀ। ਗੁਰੂ ਅੰਗਦ ਸਾਹਿਬ ਜਮਾਂਦਰੂ ਗੁਰੂ ਨਹੀਂ ਸੀ, ਓਸ ਵੇਲੇ ਗੁਰੂ ਬਣੇ ਜਦੋਂ ਜੋਤ ਉਨ੍ਹਾਂ ਵਿਚ ਪ੍ਰਵੇਸ਼ ਕਰ ਗਈ। ਗੁਰੂ ਤੀਸਰੇ ਪਾਤਿਸ਼ਾਹ ਜਮਾਂਦਰੂ ਗੁਰੂ ਨਹੀਂ ਸਨ। ਕਦੋਂ ਹੋਏ? ਜਿਸ ਵਕਤ ਬਾਰਾਂ ਸਾਲ ਦਿਨ ਰਾਤ ਗਾਗਰਾਂ ਢੋ ਕੇ ਨਾਮ ਦੀ ਕਮਾਈ ਕਰੀ। ਗੁਰੂ ਅੰਗਦ ਸਾਹਿਬ ਤੋਂ, ਜਿਸ ਵੇਲੇ ਜੁਲਾਹੇ ਵਾਲਾ ਕੌਤਕ ਹੋਇਆ, ਵਰ ਦਿੱਤੇ, ਉਸ ਵੇਲੇ ਗੁਰੂ ਜੋਤ ਸਪਰਸ਼ ਕਰ ਗਈ। ਸੋ ਗੁਰੂ ਜੋਤ ਹੋਇਆ ਕਰਦਾ ਹੈ, ਜਾਤ ਨਹੀਂ। ਜਾਤ ਜਿਹੜੀ ਹੈ ਉਹ ਇਸ ਤਰ੍ਹਾਂ ਹੈ ਜਿਵੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਆਲੇ ਦੁਆਲੇ ਮੰਜੀ ਸਾਹਿਬ ਹੈ, ਰੁਮਾਲੇ ਨੇ, ਇਹ ਹੋਂਦ ਪ੍ਰਗਟ ਕਰਦਾ ਹੈ ਕਿ ਇਸ ਦੇ ਵਿਚ ਕੋਈ ਚੀਜ਼ ਹੈ, ਪਤਰੇ ਨੇ, ਸਿਆਹੀ ਹੈ ਇਹ ਸਾਰੀ ਜਾਤ ਹੈ। ਜੋਤ ਉਹ ਹੈ ਜਿਹੜੀ ਬਾਣੀ ਹੈ। ਅਸੀਂ ਜੋਤ ਦੇ ਪੁਜਾਰੀ ਹਾਂ। ਇਵੇਂ ਜਿਵੇਂ ਜਿਹੜੇ ਮਹਾਂਪੁਰਸ਼ਾਂ ਵਿਚ ਤਿੰਨ ਗੱਲਾਂ ਆ ਗਈਆਂ - ਬ੍ਰਹਮ ਨੇਸ਼ਟੀ, ਬ੍ਰਹਮ ਬਕਤਾ, ਬ੍ਰਹਮ ਸ੍ਰੋਤ੍ਰੀ; ਬ੍ਰਹਮ ਨੇਸ਼ਟੀ ਕਹਿੰਦੇ ਨੇ ਕਿ ਜਦੋਂ ਦੇਖਦਾ ਹੈ ਸੰਸਾਰ ਨੂੰ, ਉਸ ਨੂੰ ਆਪਣੇ ਬਿਗਾਨੇ ਤੋਂ ਉਪਰ ਹੋ ਕੇ ਪਰਮੇਸ਼ਰ ਦਿਸਦਾ ਹੈ, ਹੋਰ ਕੋਈ ਨਹੀਂ ਦਿਸਦਾ, ਨਿਸਚੇ ਪੂਰਬਕ ਹੁੰਦਾ ਹੈ ਕਿ -

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ.............॥***
***ਪੰਨਾ - 485***

ਬ੍ਰਹਮ ਦੀ ਬਾਤ ਸੁਣਦਾ ਹੈ। ਲੋਕਾਂ ਦੀਆਂ ਚੁਗਲੀਆਂ ਨਹੀਂ ਸੁਣਦਾ, ਇਹ ਸਾਧੂਆਂ ਦਾ ਕੰਮ ਨਹੀਂ ਹੁੰਦਾ। ਸਾਧੂ ਜਦੋਂ ਵੀ ਸੁਣੇਗਾ, ਪਰਮੇਸ਼ਰ ਦੀ ਗੱਲ ਸੁਣੇਗਾ।

ਫੇਰ ਹੈ 'ਬ੍ਰਹਮ ਬਕਤਾ'। ਇਹ ਤਿੰਨ ਸਿਫਤਾਂ ਜਿਸ ਦੇ ਵਿਚ ਹੋਣ - ਬ੍ਰਹਮ ਦੀ ਬਾਤ ਕਰਦਾ ਹੋਵੇ, ਬ੍ਰਹਮ ਦੀ ਗੱਲ ਸੁਣਦਾ ਹੋਵੇ, ਨੇਸ਼ਟਾ ਬ੍ਰਹਮ ਦਾ ਹੀ ਹੋਵੇ ਕਿ ਇਥੇ ਵਾਹਿਗੁਰੂ ਬਿਨਾ ਹੋਰ ਕੋਈ ਨਹੀਂ ਹੈ, ਉਸ ਸਰੀਰ ਦੇ ਅੰਦਰ ਜਿਹੜੀ ਜੋਤ ਹੈ ਉਹ ਗੁਰੂ ਹੈ ਕਿਉਂਕਿ ਉਸ ਦੇ ਉਤੇ 'ਮੈਂ' ਦਾ ਜੋ ਪੜਦਾ ਸੀ ਉਹ ਤੋੜ ਦਿੱਤਾ, ਫੇਰ ਦਿਸਿਆ ਕੀ? ਕਿ ਇਥੇ ਤਾਂ ਇਕ ਵਾਹਿਗੁਰੂ ਪਰੀਪੂਰਨ ਹੈ -

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ, ਨਾ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਗੁਰੂ ਗ੍ਰੰਥ ਸਾਹਿਬ ਵਿਚ ਜਿਕਰ ਆਉਂਦਾ ਹੈ ਕਿ ਧ੍ਰੂ ਨੂੰ ਉਪਦੇਸ਼ ਕਰ ਦਿੱਤਾ ਨਾਰਦ ਨੇ। ਨਾਰਦ ਨੇ ਗੁਰੂ ਹੋ ਕੇ ਉਪਦੇਸ਼ ਕਰਿਆ।

***ਨਾਰਦ ਮੁਨਿ ਉਪਦੇਸਿਆ ਨਾਮ ਨਿਧਾਨੁ ਅਮਿਓ ਰਸ ਪੀਤਾ॥***
***ਭਾਈ ਗੁਰਦਾਸ ਜੀ ਦੀ ਵਾਰ 10/1***

ਜੇ ਨਾਰਦ ਉਪਦੇਸ਼ ਨਾ ਕਰਦਾ, ਧਰੂ ਨੂੰ ਪ੍ਰਮੇਸ਼ਰ ਮਿਲ ਨਹੀਂ ਸੀ ਸਕਦਾ ਕਿਉਂਕਿ ਗੁਰੂ ਤੋਂ ਬਗੈਰ ਪਰਮੇਸ਼ਰ ਨਹੀਂ ਮਿਲਦਾ। ਕਬੀਰ ਸਾਹਿਬ ਨੂੰ ਗੁਰੂ ਨਾ ਮਿਲਣ ਕਰਕੇ ਦਿੱਕਤ ਖੜ੍ਹੀ ਹੋ ਗਈ, ਜਾ ਕੇ ਲੰਮਾ ਪੈ ਗਿਆ ਗੰਗਾ ਦੇ ਘਾਟ ਤੇ। ਜਦੋਂ ਠੋਕਰ ਲੱਗੀ ਤਾਂ ਰਾਮਾ ਨੰਦ ਜੀ ਨੇ ਮੋਢੇ ਤੋਂ ਫੜ ਕੇ ਕਿਹਾ, "ਉਠ ਰਾਮ ਕੇ! ਕਹੁ ਰਾਮ।" ਇਕੋ ਵਾਰੀ ਰਾਮ ਕਹਾਇਆ ਉਸ ਨੂੰ ਕਿਉਂਕਿ ਪੂਰਾ ਸੀ, ਜੋਤ ਜਗਮਗ-ਜਗਮਗ ਕਰ ਰਹੀ ਸੀ ਉਸ ਸਰੀਰ ਦੇ ਅੰਦਰ। ਸਰੀਰ ਗੁਰੂ ਨਹੀਂ ਹੁੰਦਾ, ਜੋਤ ਗੁਰੂ ਹੁੰਦੀ ਹੈ।

***ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥***
***ਪੜਿ ਪੜਿ ਬੇੜੀ ਪਾਈਐ ...........॥ ਪੰਨਾ - 467***

***ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥***
***ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥***
***ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥***
***ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥***
***ਪੰਨਾ - 641***

ਭਾਈ ਰਣਧੀਰ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਤੇ ਪੂਰਾ ਨਿਸ਼ਚਾ ਸੀ। ਉਨ੍ਹਾਂ ਨੇ ਕਿਹਾ ਕਿ ਮੇਰੇ ਗੁਰੂ ਸਮਰੱਥ ਨੇ, ਮੈਨੂੰ ਨਾਮ ਦੇਣ। ਮੈਂ ਤਾਂ ਗੁਰੂ ਤੋਂ ਨਾਮ ਲੈਣਾ ਹੈ। ਪੂਰਾ ਨਿਸਚਾ ਹੋਣ ਕਰਕੇ ਜਿਸ ਵਕਤ ਗੁਰਦੁਆਰੇ ਗਏ ਤਾਂ ਗ੍ਰੰਥੀ ਦੇ ਪੁੱਜਣ ਤੋਂ ਪਹਿਲਾਂ ਹੀ ਦਰਵਾਜ਼ਾ ਖੁੱਲ੍ਹਾ ਪਿਆ ਹੈ। ਅੰਦਰ ਗਏ ਤਾਂ ਮਹਾਰਾਜ ਪ੍ਰਕਾਸ਼ ਸਨ, ਰੁਮਾਲਾ ਚੁੱਕ ਕੇ ਦੇਖਿਆ ਤਾਂ 'ਗੂਜਰੀ ਦੀ ਵਾਰ' ਚੱਲੇ -

ਸ਼ਬਦ ਉਹ ਸੀ ਜਿਸ ਵਿਚ ਵਾਹੁ ਵਾਹੁ ਸ਼ਬਦ ਕਈ ਵਾਰ ਆਉਂਦਾ ਹੈ। ਕੰਧਾਂ ਵੱਲ ਦੇਖਿਆ ਤਾਂ 'ਵਾਹਿਗੁਰੂ ਵਾਹਿਗੁਰੂ' ਜਿਹੜਾ ਮੰਤਰ ਮਿਲਿਆ ਸੀ, ਉਸ ਮੰਤਰ ਦੀ ਕੰਧਾਂ ਤੇ ਸਾਰੇ ਜੋਤ ਜਗੇ, light (ਰੋਸ਼ਨੀ) ਜਗੇ। ਜਦੋਂ ਗ੍ਰੰਥੀ ਆ ਗਿਆ ਤਾਂ ਕਹਿੰਦਾ ਕਿ ਭਾਈ ਸਾਹਿਬ! ਮਹਾਰਾਜ ਤੁਸੀਂ ਪ੍ਰਕਾਸ਼ ਕਰੇ ਨੇ? ਉਹ ਕਹਿੰਦੇ ਕਿ ਨਾ! ਮੈਂ ਤਾਂ ਨਹੀਂ ਕਰੇ। ਕਹਿਣ ਲੱਗੇ ਕਿ ਫੇਰ ਕਿਸ ਨੇ ਕਰੇ? ਆਪ ਨੇ ਕਿਹਾ ਕਿ ਪ੍ਰਕਾਸ਼ ਹੋਏ ਹੋਏ ਸਨ, ਮੈਂ ਤਾਂ ਤਾਅਬੇ ਬੈਠ ਗਿਆਂ।

ਗ੍ਰੰਥੀ ਸਿੰਘ ਕਹਿੰਦਾ, "ਰੋਸ਼ਨੀ ਤੁਸੀਂ ਕਰੀ?"

ਕਹਿੰਦੇ, "ਨਾ! ਮੈਂ ਤਾਂ ਨਹੀਂ ਕਰੀ।"

ਹੁਣ ਗੁਰੂ ਤਾਂ ਸਮਰੱਥ ਹੈ, ਗੁਰੂ ਸ਼ਬਦ ਹੈ, ਸ਼ਬਦ ਵਾਹਿਗੁਰੂ ਹੈ। ਇਸ ਨੂੰ ਕੋਈ ਕੱਟ ਨਹੀਂ ਸਕਦਾ, ਮਾਰ ਨਹੀਂ ਸਕਦਾ, ਜਾਲ ਨਹੀਂ ਸਕਦਾ, ਕੁਝ ਵੀ ਨਹੀਂ ਕਰ ਸਕਦਾ। ਸ਼ਬਦ ਦੇ ਉਤੇ ਭਰੋਸਾ ਆਉਣ ਦੀ ਲੋੜ ਹੈ। ਜੇ ਅਸੀਂ ਸ਼ਬਦ ਸਰੂਪ ਸਮਝ ਲਈਏ ਗੁਰੂ ਨੂੰ, ਅਸਲੀ ਜਿਹੜੀ ਚੀਜ਼ ਹੈ ਸਮਝਣੀ, ਉਹ ਪਾਰਬ੍ਰਹਮ ਪਰਮੇਸ਼ਰ ਹੈ। ਪੰਜਵੇਂ ਪਾਤਿਸ਼ਾਹ ਮਹਾਰਾਜ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ, ਕਿੰਨੇ ਤਸੀਹੇ ਦਿਤੇ। ਜਦੋਂ ਅਸੀਂ ਜੋਤ ਵਿਚ ਜਾਂਦੇ ਹਾਂ ਫੇਰ ਕੁਝ ਵੀ ਨਹੀਂ, ਦੁਖ ਹੀ ਨਹੀਂ ਹੁੰਦਾ। ਸੋ ਇਹ ਪ੍ਰਤੀਤਾਂ ਵਿਚ ਫਰਕ ਹੈ।

ਭਗਤਾਂ ਦੀ ਗੱਲ ਕਰ ਰਹੇ ਸੀ। ਧੰਨਾ ਪਹਿਲਾਂ ਤਾਂ ਪੜ੍ਹਿਆ ਹੋਇਆ ਨਹੀਂ ਸੀ ਐਨਾ, ਜੱਟਾਂ ਦਾ ਮੁੰਡਾ ਸੀ, ਸਕੂਲ ਕਿਹੜੇ ਵੇਲੇ ਜਾਵੇ? ਡੰਗਰ ਹੀ ਸਾਹ ਨਹੀਂ ਸੀ ਲੈਣ ਦਿੰਦੇ ਪਰ ਸਤਿਸੰਗ 'ਚ ਚਲਿਆ ਜਾਂਦਾ ਸੀ। ਉਥੇ ਬਚਨ ਸੁਣ ਲਏ ਕਿ ਨਾਮਦੇਵ ਜੀ ਨਾਲ ਏਸ ਤਰ੍ਹਾਂ ਪਰਮੇਸ਼ਰ ਵਰਤਿਆ, ਕਬੀਰ ਸਾਹਿਬ ਨਾਲ ਇਉਂ ਵਰਤਿਆ, ਰਵਿਦਾਸ ਜੀ ਇਉਂ ਉਚੇ ਉਠੇ, ਸੈਣ ਜੀ ਦੇ ਕੰਮ ਕੀਤੇ ਵਾਹਿਗੁਰੂ ਨੇ ਆ ਕੇ। ਇਸ ਤਰ੍ਹਾਂ ਉਸ ਦਾ ਨਿਸਚਾ ਬਣ ਗਿਆ ਪੂਰਾ। ਜਦੋਂ ਬ੍ਰਾਹਮਣ ਨੇ -

***ਪਥਰੁ ਇਕ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ॥***
***ਭਾਈ ਗੁਰਦਾਸ ਜੀ ਦੀ ਵਾਰ 10/13***

ਉਸ ਨੇ ਆਪਣਾ ਪਿਛਾ ਛੁਡਾਇਆ ਕਿ ਇਹ ਜੱਟ ਮੇਰੇ ਪਿਛੇ ਪੈ ਗਿਆ, ਹਟਦਾ ਹੀ ਨਹੀਂ, ਗਊ ਵੀ ਬੰਨ੍ਹ ਆਇਆਂ ਤੇ ਹੁਣ ਮੈਂ ਕਰਾਂ ਕੀ? ਚਾਰਾ ਨਾ ਕੋਈ ਰਿਹਾ ਉਸ ਦੇ ਕੋਲ। ਕਹਿਣ ਲੱਗਿਆ ਕਿ ਲੈ ਧੰਨਿਆਂ! ਮੇਰਾ ਠਾਕੁਰ ਤਾਂ ਛੋਟਾ ਜਿਹਾ ਹੀ ਹੈ, ਤੈਨੂੰ ਮੈਂ ਵੱਡਾ ਸਾਰਾ ਦਿੰਦਾ ਹਾਂ। ਉਥੇ ਹੀ ਪੱਥਰ ਪਿਆ ਸੀ। ਧੰਨੇ ਨੂੰ ਵਰਗਲਾ ਕੇ ਉਹ ਪੱਥਰ ਫੜਾ ਦਿੱਤਾ। ਹੁਣ ਅੱਗੇ ਜਿਹੜਾ ਸੇਵਕ ਸੀ, ਉਸ ਨੇ ਕਿਹਾ ਕਿ ਮੇਰਾ ਗੁਰੂ ਬਿਲਕੁਲ ਸਹੀ ਗੱਲ ਕਰ ਰਿਹਾ ਹੈ ਤੇ ਮੈਨੂੰ ਠਾਕੁਰ ਦੇ ਦਰਸ਼ਨ ਇਸ ਦੇ ਵਿਚੋਂ ਹੋਣੇ ਨੇ। ਇਉਂ ਤਾਂ ਜਾਣਦਾ ਸੀ ਕਿ ਪੱਥਰ ਹੈ ਪਰ ਉਸ ਨੂੰ ਇਹ ਪਤਾ ਸੀ ਕਿ ਇਸ ਦੇ ਪਿਛੇ ਵਾਹਿਗੁਰੂ ਹੈ। ਜਿੰਨੇ ਤੁਸੀਂ ਬੈਠੇ ਹੋ, ਤੁਹਾਡੇ ਰੂਪ ਨੇ ਸਾਰਿਆਂ ਦੇ। ਰੂਪ ਦੇ ਵਿਚ ਦੋ ਤਹਿਆਂ ਨੇ। ਇਕ matter (ਮਾਦਾ, ਪਦਾਰਥ) ਦੀ ਤਹਿ ਹੈ; ਜਿਥੇ ਪਦਾਰਥ ਖਤਮ ਹੋ ਜਾਂਦਾ ਹੈ, ਉਥੇ spiritual (ਰੂਹਾਨੀ) ਤਹਿ ਆ ਜਾਂਦੀ ਹੈ। ਮਾਦੇ ਦੀ ਤਹਿ ਦੇ ਵਿਚ ਸਾਡਾ ਸੁਭਾਅ ਕੰਮ ਕਰਦਾ ਹੈ। ਉਸ ਦੇ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਬਖੀਲੀ ਬੇਅੰਤ ਕੂੜ ਕਬਾੜ ਪਿਆ ਹੈ ਪਰ ਜਿਥੇ ਮਾਦੇ ਦੀ ਤਹਿ ਮੁਕਦੀ ਹੈ, ਉਥੋਂ ਕੀ ਹੁੰਦਾ ਹੈ, ਨਿਰੋਲ ਜੋਤ ਜਿਹੜੀ ਕੰਮ ਕਰ ਰਹੀ ਹੈ ਸਰੀਰ ਵਿਚ, ਓਹੀ ਹੈ, ਉਹ ਹੈ ਵਾਹਿਗੁਰੂ, ਹੋਰ ਕੋਈ ਹੈ ਨਹੀਂ।

ਸੋ ਇਸ ਤਰ੍ਹਾਂ ਦਾ ਨਿਸਚਾ ਧੰਨੇ ਨੂੰ ਗੁਰੂ ਦੇ ਬਚਨ ਤੇ ਆ ਗਿਆ। ਕਿੰਨੇ ਘੰਟੇ ਬੈਠਾ ਰਿਹਾ? ਇਤਿਹਾਸਾਂ ਵਿਚ ਤਾਂ ਆਉਂਦਾ ਹੈ ਕਿ ਰੋਂਦਾ ਰਿਹਾ, ਕਿਸੇ ਨੇ ਲਿਖਿਆ ਕਿ ਕਈ ਦਿਨ ਰੋਂਦਾ ਰਿਹਾ, ਭੁੱਖਾ ਰਿਹਾ। ਕਵੀਆਂ ਦੀਆਂ ਬਾਤਾਂ ਹੁੰਦੀਆਂ ਨੇ, ਮੰਨੋਰੰਜਨ ਬਣਾਉਣ ਵਾਸਤੇ ਲਿਖਦੇ ਨੇ ਪਰ ਇਹ ਹੈ ਕਿ ਜਦੋਂ ਭਰੋਸਾ ਉਸ ਦਾ ਪੂਰੀ ਸ਼ਕਤੀ 'ਚ ਆ ਗਿਆ, ਫਿਰ ਹੁਣ ਨਹੀਂ ਡੋਲਦਾ, ਉਸ ਵੇਲੇ ਪਰਮਜੋਤ ਜਿਹੜੀ ਸੀ, ਜਿਹੋ ਜਿਹੇ ਰੂਪ ਵਿਚ ਉਹ ਦੇਖਣਾ ਚਾਹੁੰਦਾ ਸੀ, ਉਸ ਦੇ ਵਿਚ ਪਰਗਟ ਹੋ ਗਈ। ਜੇ ਚਾਰ ਬਾਹਾਂ ਵਾਲਾ ਦੇਖਣਾ ਸੀ ਤਾਂ ਚਾਰ ਬਾਹਾਂ ਵਾਲਾ ਆ ਗਿਆ ਪਰ ਉਹ ਸਾਰਿਆਂ ਨਾਲੋਂ ਸੁਖਾਲਾ ਰਹਿੰਦਾ ਹੈ ਜਿਹੜਾ ਵਾਹਿਗੁਰੂ ਨੂੰ ਆਪਣੇ ਗੁਰੂ ਦੇ ਰੂਪ ਵਿਚ ਦੇਖੇ। ਗੁਰੂ ਤੇ ਪਰਮੇਸ਼ਰ ਦੋ ਨਹੀਂ ਹਨ। ਮਹਾਰਾਜ ਜੀ ਕਹਿੰਦੇ ਹਨ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਪੰਨਾ - 442***

ਗੁਰੂ ਤੇ ਗੋਵਿੰਦ ਵਿਚ ਕੋਈ ਭੇਦ ਨਹੀਂ, ਮਹਾਰਾਜ ਜੀ ਕਹਿੰਦੇ -

***ਗੁਰ ਪਰਮੇਸਰੁ ਏਕੋ ਜਾਣੁ॥ ਪੰਨਾ - 864***

ਰੌਲਾ ਪੈਂਦਾ ਹੈ ਜਦੋਂ ਗੁਰੂ ਹੋਰ ਬਣਾ ਲਿਆ, ਰੱਬ ਹੋਰ ਬਣਾ ਲਿਆ। ਸੋ ਇਸ ਦੇ ਵਿਚ ਆਉਂਦਾ ਹੈ ਕਿ -

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਪੰਨਾ - 283***

ਸ਼ਰਤੀਆ ਬਾਤ ਹੈ ਇਹ। ਓਸ ਦੇ ਵਾਹਿਗੁਰੂ ਚਿਤ ਆਉਂਦਾ

ਹੈ ਜਿਸ ਦਾ ਗੁਰੂ ਦੇ ਉਤੇ ਏਸ ਤਰ੍ਹਾਂ ਦਾ ਭਰੋਸਾ ਹੋ ਜਾਵੇ, ਏਸ ਭਰੋਸੇ ਵਿਚ ਜੀਉਣ ਲੱਗ ਜਾਵੇ। ਗੁਰੂ ਨੂੰ ਸਰੀਰ ਨਾ ਸਮਝੇ ਕਿਉਂਕਿ ਜਦੋਂ ਗੁਰੂ ਬਣਾਇਆ ਹੈ ਤਾਂ ਉਹ ਬ੍ਰਹਮ ਨੇਸ਼ਟੀ ਹੈ, ਬ੍ਰਹਮ ਸਰੋਤਰੀ, ਬ੍ਰਹਮ ਬਕਤਾ ਹੈ। ਜੋਤ ਨੂੰ ਗੁਰੂ ਬਣਾਇਆ ਹੈ ਨਾ ਕਿ ਸਰੀਰ ਨੂੰ।

ਸੋ ਭਰੋਸਾ ਵਾਹਿਗੁਰੂ ਦੇ ਉਤੇ ਜਿਹੜਾ ਹੈ, ਵਾਹਿਗੁਰੂ ਆਪ ਹੀ ਹੈ। ਨਾਮਦੇਵ ਜੀ ਦੀ ਸਾਖੀ ਆਉਂਦੀ ਹੈ, ਜੇ ਬਹੁਤ ਪੜਚੋਲ ਤੋਂ ਬਿਨਾਂ ਅਸੀਂ ਉਸ ਦੀ ਵਿਚਾਰ ਕਰੀਏ ਤਾਂ ਇਹ ਹੈ ਕਿ ਖਿਚੜੀ ਬਣਾਈ ਉਸ ਨੇ, ਬ੍ਰਹਮ ਧਿਆਨ 'ਚ ਬੈਠਾ ਸੀ। ਇਸ ਨੇ ਘਿਓ ਲੈਣ ਵਾਸਤੇ ਅੰਦਰ ਜਾ ਕੇ ਕੋਠੀ ਖੋਲ੍ਹੀ। ਖਿਚੜੀ ਜਿਹੜੇ ਬਰਤਨ ਵਿਚ ਸੀ ਪਾਈ ਹੋਈ, ਪੋਣਾ ਬੰਨ੍ਹਿਆਂ ਹੋਇਆ ਕਿ ਇਸਦੇ ਵਿਚ ਮੈਂ ਘਿਓ ਲਿਆ ਕੇ ਪਾ ਦਿਆਂ, ਗੰਢ ਦੇ ਦਿੱਤੀ, ਇਕ ਕੁੱਤੇ ਨੇ ਆ ਕੇ ਚੁੱਕ ਲਈ। ਹੁਣ ਇਸ ਨੂੰ ਇਹ ਨਹੀਂ ਹੈ ਕਿ ਕੁੱਤੇ ਨੇ ਚੁੱਕ ਲਈ। ਬੱਸ ਇਕੋ ਗੱਲ ਕਹੀ ਜਾਂਦਾ ਹੈ ਕਿ ਪ੍ਰਭੂ! ਰੁਖੜੀ ਨਾ ਖਾਇਓ! ਰੁਖੜੀ ਨਾ ਖਾਇਓ!! ਤਿੰਨ ਚਾਰ ਮੀਲ ਦੌੜਿਆ ਹੀ ਗਿਆ ਉਸ ਦੇ ਪਿਛੇ, ਨਾ ਕੁੱਤਾ ਖੜ੍ਹੇ, ਨਾ ਇਹ ਖੜ੍ਹੇ। ਹੁਣ ਇਸ ਸਰੀਰ ਦੇ ਅੰਦਰ ਤਾਂ ਪਰਮੇਸ਼ਰ ਸੀ, ਸਾਰਿਆਂ ਦੇ ਅੰਦਰ ਹੀ ਹੈ। ਸਰੀਰ ਦੇ ਅੰਦਰੋਂ ਹੀ ਪਰਮੇਸ਼ਰ ਪ੍ਰਗਟ ਹੋ ਗਿਆ। ਜਿਹੋ ਜਿਹਾ ਰੂਪ ਇਹ ਚਾਹੁੰਦਾ ਸੀ, ਉਹੋ ਜਿਹਾ ਧਾਰ ਲਿਆ, ਨਾਲ ਕਿਹਾ ਕਿ ਨਾਮਦੇਵ! ਮੈਨੂੰ ਤੂੰ ਕੁੱਤਿਆਂ ਵਿਚ ਵੀ ਪਛਾਣ ਲਿਆ? ਕਹਿਣ ਲੱਗਿਆ ਕਿ ਹੇ ਪ੍ਰਭੂ! ਤੁਹਾਡੇ ਤੋਂ ਬਿਨਾਂ ਹੈ ਹੀ ਨਹੀਂ ਕੋਈ, ਤੁਸੀਂ ਆਪ ਹੀ ਹੋ –

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***

***ਜਾਪੁ ਸਾਹਿਬ***

ਹੇ ਪ੍ਰਭੂ! ਤੂੰ ਹੀ ਹੈਂ ਸਭਨਾਂ ਦੇ ਅੰਦਰ, ਤੂੰ ਹੀ ਭੁਲੇਖੇ ਪਾਏ ਹੋਏ ਨੇ, ਇਕ ਰੂਪ ਤੋਂ ਅਨੇਕ ਬਣਿਆ ਹੋਇਆ ਹੈਂ। ਇਹ ਨਿਸ਼ਚਾ ਕਿਥੋਂ ਆਵੇ? ਸਾਡੇ ਤਾਂ ਵੈਰੀ ਵੀ ਹੈਗੇ, ਦੁਖ ਦੇਣ ਵਾਲੇ ਵੀ ਨੇ, ਮਿੱਤਰ ਵੀ ਨੇ। ਇਸ ਕਰਕੇ ਪਹਿਲਾਂ ਅਸੀਂ ਗੁਰੂ ਨੂੰ ਨਹੀਂ ਸਮਝਦੇ। ਗੁਰੂ ਤੇ ਵੀ ਭਰੋਸਾ ਸਾਡਾ ਨਿਜੀ ਹੁੰਦਾ ਹੈ ਲੋੜਾਂ ਵਾਸਤੇ, ਦੁਖ ਤਕਲੀਫਾਂ ਵਾਸਤੇ ਹੁੰਦਾ ਹੈ ਕਿ ਜਦੋਂ ਮੈਂ ਸਰੀਰ ਛੱਡਾਂ, ਕਿਤੇ ਜਮਦੂਤਾਂ ਦੇ ਨਾ ਮੈਨੂੰ ਜਾਣਾ ਪੈ ਜਾਵੇ, ਮੇਰਾ ਗੁਰੂ ਲੈ ਕੇ ਜਾਵੇ। ਇਹ ਪੂਰਾ ਭਰੋਸਾ ਨਹੀਂ ਹੈ, ਗਰਜ਼ ਦਾ ਬੰਨ੍ਹਿਆਂ ਹੋਇਆ ਹੈ। ਭਰੋਸਾ ਬਿਲਕੁਲ ਬੇਗਰਜ ਹੁੰਦਾ ਹੈ। ਜੇ ਗੁਰੂ ਦਸਵੇਂ ਪਾਤਿਸ਼ਾਹ ਨੇ ਆਵਾਜ਼ ਦਿਤੀ ਕਿ ਇਕ ਸੀਸ ਚਾਹੀਦਾ ਹੈ, ਦੂਸਰੀ ਅਵਾਜ਼ ਦੇਣ ਹੀ ਨਹੀਂ ਦਿਤੀ, ਭਾਈ ਦਯਾ ਸਿੰਘ ਜੀ ਉਦੋਂ ਹੀ ਆ ਗਏ ਤੇ ਕਹਿਣ ਲੱਗੇ ਕਿ ਪਾਤਿਸ਼ਾਹ! ਸਰੀਰ ਤਾਂ ਤੁਹਾਡਾ ਹੀ ਹੈ, ਇਹ ਤਾਂ ਸੀਸ ਅਸੀਂ ਸਾਂਭੀ ਬੈਠੇ ਹਾਂ। ਉਥੇ ਗਿਣਤੀ ਮਿਣਤੀ ਨਹੀਂ ਕਰੀ। ਸਭਨਾਂ ਨੂੰ ਪੂਰਾ ਭਰੋਸਾ ਸੀ ਉਹ ਤਾਂ ਗੁਰੂ ਦੇ ਹੀ ਸੀਸ ਲਈ ਫਿਰਦੇ ਸਨ। ਭਰੋਸਾ ਪੂਰਾ ਸੀ, ਉਨ੍ਹਾਂ ਦਾ ਗੁਰੂ ਦਸਵੇਂ ਪਾਤਿਸ਼ਾਹ ਤੇ।

ਜੇ ਯੁੱਧਾਂ ਜੰਗਾਂ ਦੇ ਵਿਚ ਗੁਰੂ ਸਾਹਿਬ ਨੇ ਨਹੀਂ ਸ਼ਕਤੀ ਦਿਖਾਈ ਜਿਵੇਂ ਚਮਕੌਰ ਸਾਹਿਬ ਦੇ ਜੰਗ ਵਿਚ, ਤਾਂ ਸਿੰਘਾਂ ਨੂੰ ਤਾਂ ਸ਼ੱਕ ਨਹੀਂ ਪਿਆ। ਉਹ ਕਹਿੰਦੇ ਕਿ ਮਰਜ਼ੀ ਦੇ ਮਾਲਕ ਨੇ, ਭਾਣੇ ਦੇ ਮਾਲਕ ਨੇ; ਜੇ ਇਨ੍ਹਾਂ ਦਾ ਜੀਅ ਕਰੇ ਤਾਂ ਹੁਣੇ ਸਾਰੀ ਫੌਜ ਨੂੰ ਸੁਲਾ ਦੇਣਗੇ, ਜੇ ਭਾਣੇ ਵਿਚ ਇਨ੍ਹਾਂ ਨੇ ਸਾਡਾ ਭਲਾ ਕਰਨਾ ਹੈ ਤਾਂ ਸਾਡੇ ਸੀਸ ਚਲੇ ਜਾਣਗੇ। ਉਹ ਕਹਿੰਦੇ, ਨਾ ਅਸੀਂ ਤਪ ਕਰਿਆ ਹੈ, ਨਾ ਕੋਈ ਜਪ ਕਰਿਆ ਹੈ, ਨਾ ਪੁੱਠੇ ਲਟਕੇ ਹਾਂ, ਨਾ ਜਲਧਾਰੇ ਕਰੇ ਨੇ, ਨਾ ਜੰਗਲਾਂ 'ਚ ਗਏ ਹਾਂ, ਨਾ ਬਾਬੇ ਫਰੀਦ ਵਾਂਗ ਕੁਝ ਕਰਿਆ ਹੈ, ਜੇ ਗੁਰੂ ਤੋਂ ਇਕਦਮ ਮਿਲਦੀ ਹੈ ਚੀਜ਼ ਤਾਂ ਫਟਾਫਟ ਲੈ ਲਓ। ਨਿਸਚਾ ਸੀ ਗੁਰੂ ਤੇ ਪੂਰਾ।

ਸੋ ਏਸ ਤਰ੍ਹਾਂ ਸਾਧ ਸੰਗਤ ਜੀ! ਗੱਲ ਹੈ ਤਾਂ ਬਹੁਤ ਛੋਟੀ, ਸ਼ਰਤੀਆ ਬਾਤ ਇਹ ਹੈ ਕਿ –

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਪੰਨਾ – 283***

ਇਸ ਤੋਂ ਬਿਨਾਂ ਕੁਝ ਨਹੀਂ ਬਣਦਾ। ਗੁਰੂ ਦੀ ਪਰਤੀਤ (ਭਰੋਸਾ) ਪਹਿਲਾਂ ਜ਼ਰੂਰੀ ਹੈ। ਗੁਰੂ ਦੀ ਪ੍ਰਤੀਤ ਕੀ ਹੈ? ਗੁਰੂ ਗ੍ਰੰਥ ਸਾਹਿਬ 'ਚ ਲਿਖਿਆ ਹੈ ਕਿ –

***ਗੁਰੁ ਪਰਮੇਸਰੁ ਏਕੋ ਜਾਣੁ॥ ਪੰਨਾ – 864***

***ਨਾਨਕ ਸੋਧੇ ਸਿੰਮ੍ਰਿਤਿ ਬੇਦ॥***
***ਪਾਰਬ੍ਰਹਮ ਗੁਰ ਨਾਹੀ ਭੇਦ॥ ਪੰਨਾ – 1142***

ਪਾਰਬ੍ਰਹਮ ਦਾ ਤੇ ਗੁਰੂ ਦਾ ਕੋਈ ਭੇਦ ਹੀ ਨਹੀਂ, ਸਾਰੇ ਸੋਧ ਕੇ ਤੁਹਾਨੂੰ ਗੱਲ ਕਰ ਰਹੇ ਹਾਂ।

ਜਿਹੜਾ ਅੰਦਰ ਦਿਸਿਆ ਓਹੀ ਬਾਹਰ ਹੈ। ਬਾਹਰ ਗੁਰੂ ਦੇ ਰੂਪ ਵਿਚ ਹੈ, ਅੰਦਰ ਵੀ ਗੁਰੂ ਦੇ ਰੂਪ ਵਿਚ ਹੀ ਹੈ।

ਹੁਣ ਧ੍ਰੂ ਨੂੰ ਲਗਨ ਲੱਗ ਗਈ, ਪੰਜ ਸਾਲ ਦਾ ਬਾਲਕ ਸੀ ਇਨ੍ਹਾਂ ਨੂੰ 'ਆਰਥ ਭਗਤ' ਕਹਿੰਦੇ ਨੇ। ਕੁਝ ਮੰਗਣ ਵਾਸਤੇ ਭਗਤੀ ਸ਼ੁਰੂ ਕਰ ਦਿੱਤੀ। ਮੰਗਿਆ ਕੀ ਸੀ? ਰਾਜ –

***ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭ ਹੋਵਨਿ ਮੀਤਾ॥***
***ਭਾਈ ਗੁਰਦਾਸ ਜੀ ਦੀ ਵਾਰ10/1***

ਜਿਹੜੇ ਅੱਜ ਦੁਸ਼ਮਣ ਬਣੇ ਹੋਏ ਨੇ ਸਭ ਮਿੱਤਰ ਬਣ ਜਾਣ, ਤੇ ਰਾਜ ਕਿਹੜੇ ਉਦਮ ਨਾਲ ਮਿਲੇ? ਮਾਂ ਨੇ ਸਹੀ ਦੱਸ ਦਿੱਤਾ ਕਿ –

***ਪਰਮੇਸਰੁ ਆਰਾਧੀਐ ...............॥***
***ਭਾਈ ਗੁਰਦਾਸ ਜੀ ਦੀ ਵਾਰ10/1***

ਬੇਟਾ! ਜੇ ਪਰਮੇਸ਼ਰ ਦੀ ਅਰਾਧਨਾ ਕਰੇ ਤਾਂ ਚਾਹੇ ਕਿੰਨੀ ਹੀ ਮਾੜੀ ਹਾਲਤ ਹੋਵੇ –

***ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ॥***
***ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ॥***
***ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜ॥***
***ਪੰਨਾ – 70***

ਕੁਝ ਵੀ ਨਾ ਉਸ ਤੋਂ ਹੁੰਦਾ ਹੋਵੇ ਪਰ ਜੇ ਵਾਹਿਗੁਰੂ ਚਿਤ ਆ ਜਾਵੇ ਤਾਂ –

***ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥***
***ਪੰਨਾ – 70***

ਰਾਜ ਲੈਣ ਵਾਸਤੇ ਤੁਰ ਪਿਆ ਕਿ ਜਦੋਂ ਮੈਨੂੰ ਪ੍ਰਮੇਸ਼੍ਵਰ ਮਿਲਿਆ ਤਾਂ ਮੈਂ ਰਾਜ ਮੰਗ ਲਵਾਂਗਾ। ਰੱਬ ਦੇ ਦਰਸ਼ਨ ਕਰਨ ਨਹੀਂ ਸੀ ਤੁਰਿਆ। ਨਾਰਦ ਨੂੰ ਮਿਲਿਆ ਤਾਂ ਨਾਰਦ ਨੇ ਦੇਖਿਆ ਕਿ ਬੱਚਾ ਹੈ ਇਹ ਮਧੂਬਨ ਦੇ ਵਿਚ ਆ ਗਿਆ ਇਥੇ ਭਗਤੀ ਕਰਦੇ ਨੇ। ਸ਼ੇਰਾਂ ਜੰਗਲੀ ਜਾਨਵਰਾਂ ਤੋਂ ਸੁਰਖਿਅਤ ਸੀ ਉਹ ਵਣ ਕਿਉਂਕਿ ਅੱਗ ਮਚਦੀ ਰਹਿੰਦੀ ਸੀ। ਇਥੇ ਇਹ ਬੱਚਾ ਕੀ ਕਰਦਾ ਹੈ? ਉਸ ਨੇ ਕੋਲ ਬੁਲਾ ਲਿਆ, ਬੁਲਾ ਕੇ ਕਹਿਣ ਲੱਗਿਆ, "ਬੇਟਾ! ਤੂੰ ਕਿਸ ਦਾ ਪੁੱਤਰ ਹੈਂ? ਇਥੇ ਕਿਵੇਂ ਆ ਗਿਆਂ?" ਉਸ ਨੇ ਸਹੀ ਗੱਲ ਦੱਸ ਦਿਤੀ ਕਿ ਇਉਂ ਮੈਨੂੰ ਮਤਰੇਈ ਮਾਂ ਨੇ ਮਾਰਿਆ ਸੀ, ਰਾਜ ਦਾ ਹੱਕ ਮੇਰਾ ਸੀ ਪਰ ਮੇਰੇ ਛੋਟੇ ਭਾਈ ਨੂੰ ਦੇ ਰਹੇ ਨੇ ਤੇ ਮੈਂ ਭਗਤੀ ਕਰਨੀ ਚਾਹੁੰਦਾ ਹਾਂ। ਨਾਰਦ ਨੇ ਕਿਹਾ ਕਿ ਇਹ ਸਹੀ ਗੱਲ ਹੈ, ਰਾਜ ਤਾਂ ਤੇਰੇ ਪਿਛੇ ਫਿਰਨਗੇ। ਭਗਤੀ ਦੀ ਗੱਲ ਕਰ, ਬੇਟਾ! ਤੂੰ ਅਜੇ ਬੜਾ ਛੋਟਾ ਹੈਂ। ਭਗਤੀ ਦੀ ਗੱਲ ਤਾਂ ਵੱਡਿਆਂ ਵੱਡਿਆਂ ਦੀ ਸਮਝ ਵਿਚ ਨਹੀਂ ਆਉਂਦੀ, ਨਾ ਉਹ ਭਗਤੀ ਨੂੰ ਲਗਦੇ ਨੇ। ਕਿੰਨਾ ਹੀ ਉਪਦੇਸ਼ ਦੇ ਲਓ, ਲਗਦਾ ਹੀ ਨਹੀਂ ਆਦਮੀ, ਫੈਸਲਾ ਹੀ ਨਹੀਂ ਕਰ ਸਕਦਾ, ਹੋਰ ਸਭ ਕਾਸੇ ਦਾ ਫੈਸਲਾ ਕਰ ਲਏਗਾ। ਜੇ ਕਹੇ ਕਿ ਮੈਂ ਅੰਮ੍ਰਿਤ ਵੇਲੇ ਨਾਮ ਜਪਣਾ ਹੈ, ਉਹ ਦ੍ਰਿੜ੍ਹਤਾ ਨਹੀਂ ਰਹਿੰਦੀ, ਕਿਤੇ ਨ ਕਿਤੇ ਫੇਰ ਢਿੱਲਾ ਪੈ ਜਾਂਦਾ ਹੈ। ਉਸ ਵੇਲੇ ਉਸ ਨੇ ਤਪ ਕਰਿਆ। ਤਪ ਆਪਾਂ ਸਮਝਦੇ ਹਾਂ – ਸਰੀਰ ਨੂੰ ਦੁਖ ਦੇਣਾ। ਤਪ ਹੁੰਦਾ ਹੈ ਕਿ ਸਰੀਰ ਨੂੰ ਵੱਧ ਤੋਂ ਵੱਧ ਪਰਮੇਸ਼ਰ ਵੱਲ ਲਾਉਣਾ, ਤਪਸਿਆ ਕਰਨੀ ਪਰ ਇਕ ਚੀਜ਼ ਸੀ –

............. ***ਮਨ ਬੈਰਾਗੀ ਹੋਇ ਅਤੀਤਾ॥***
***ਭਾਈ ਗੁਰਦਾਸ ਜੀ ਦੀ ਵਾਰ10/1***

ਮਨ ਵਿਚ ਨਾਲ ਹੀ ਵੈਰਾਗ ਪੈਦਾ ਹੋ ਗਿਆ, ਓਸ ਦੇ ਤੇ 'ਅਤੀਤ' ਹੋ ਕੇ ਚੱਲ ਪਿਆ – ਬਾਕੀ ਚੀਜ਼ਾਂ ਛੱਡ ਕੇ ਸਾਰੀਆਂ, ਕਿ ਮੈਂ ਪਰਮੇਸ਼ਰ ਨੂੰ ਮਿਲਣਾ ਹੈ ਕਿਉਂਕਿ ਮਾਂ ਨੇ ਕਹਿ ਦਿੱਤਾ ਸੀ ਕਿ ਪਰਮੇਸ਼ਰ ਨੂੰ ਮਿਲ, ਤੇਰਾ ਕੰਮ ਤਾਂ ਬਣੇਗਾ। ਨਾਰਦ ਮੁਨੀ ਜਦੋਂ ਗੱਲ ਕਰਦਾ ਹੈ; ਨਾਰਦਮੁਨੀ ਨੇ ਦੋ ਬੱਚਿਆਂ ਨੂੰ ਉਪਦੇਸ਼ ਦਿੱਤਾ ਹੈ, ਦੋਵੇਂ ਸਿਰੇ ਤੇ ਪਹੁੰਚ ਗਏ। ਇਕ ਪ੍ਰਹਿਲਾਦ ਨੂੰ ਦਿੱਤਾ – ਬਥੇਰਾ ਜੋਰ ਲਾਇਆ, ਤੱਤੇ ਥੰਮ੍ਹਾਂ ਤੱਕ ਲੈ ਗਏ ਓਸ ਨੂੰ, ਕਿੰਨੀਆਂ ਤਕਲੀਫਾਂ ਦਿੱਤੀਆਂ, ਪਰ ਉਸ ਦਾ ਨਿਸਚਾ ਅਟੱਲ ਰਿਹਾ।

ਦੂਸਰਾ ਉਸ ਨੇ ਧ੍ਰੂ ਨੂੰ ਉਪਦੇਸ਼ ਦਿੱਤਾ। ਮਹਾਰਾਜ ਜੀ ਕਹਿੰਦੇ ਕਿ ਪੰਜ ਵਰਸ਼ ਦਾ ਬਾਲਕ ਤੇ ਨਾਰਦ ਨੇ ਉਹ ਗਿਆਨ ਦੇ ਦਿੱਤਾ ਉਸ ਨੂੰ, ਜਿਸ ਨੂੰ ਸੁਣ ਕੇ ਦੁਨੀਆਂ ਹੈਰਾਨ ਹੋ ਰਹੀ ਹੈ। ਉਸ ਵੇਲੇ ਉਸ ਨੇ ਉਸ ਨੂੰ ਪ੍ਰਾਣਾਯਾਮ ਨਹੀਂ ਸਿਖਾਇਆ। ਸਾਡੇ ਇਤਿਹਾਸ 'ਚ ਆਉਂਦਾ ਹੈ ਕਿ ਉਹ ਇਕ ਲੱਤ ਦੇ ਭਾਰ ਖੜ੍ਹਿਆ ਰਿਹਾ, ਫੇਰ ਪਾਣੀ ਪੀਣਾ ਵੀ ਬੰਦ ਕਰ ਦਿੱਤਾ, ਫੇਰ ਪੱਤੇ ਖਾਣੇ ਵੀ ਬੰਦ ਕਰ ਦਿੱਤੇ। ਇਨ੍ਹਾਂ ਗੱਲਾਂ ਨਾਲ ਪਰਮੇਸ਼ਰ ਨਹੀਂ ਮਿਲਦਾ ਸਾਧ ਸੰਗਤ ਜੀ! ਜਿੰਨਾਂ ਜੀਅ ਕਰਦਾ ਹੈ ਸਰੀਰ ਸੁਕਾ ਲਓ –

***ਫਰੀਦਾ ਤਨੁ ਸੁਕਾ ਪਿੰਜਰੁ ਥਿਆ ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥***
***ਪੰਨਾ – 1382***
***ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥***
***ਪੰਨਾ – 1382***

ਪਿਰ ਕਦੋਂ ਮਿਲਿਆ? ਜਦੋਂ ਮਹਾਂਪੁਰਸ਼ ਨੇ ਦੱਸ ਦਿੱਤਾ ਕਿ ਜਿਸ ਨੂੰ ਟੋਲ੍ਹਦਾ (ਭਾਲਦਾ) ਹੈਂ, ਉਹ ਤਾਂ ਤੇਰੇ ਅੰਦਰ ਹੀ ਬੈਠਾ ਹੈ –

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥***
***ਪੰਨਾ – 1378***

ਜਾਹ ਮੁਰਸ਼ਦ-ਏ-ਕਾਮਲ ਟੋਲ੍ਹ ਲੈ, ਉਸ ਦੀ ਸੇਵਾ ਕਰ- ਉਸ ਨੂੰ ਪਰਮੇਸ਼ਰ ਰੂਪ ਜਾਣ ਕੇ। ਉਸ ਦੀ ਜਿਸ ਦਿਨ ਮਿਹਰ ਹੋ ਗਈ ਉਸ ਦਿਨ ਤੈਨੂੰ ਪਰਮੇਸ਼ਰ ਦੇ ਦਰਸ਼ਨ ਹੋ ਜਾਣਗੇ। ਸੋ ਉਸ ਨੂੰ ਪ੍ਰਾਣਾਯਾਮ ਨਹੀਂ ਸਿਖਾਇਆ ਗਿਆ, ਇਸ ਨੂੰ ਪ੍ਰੇਮ ਮਾਰਗ ਦੀ ਸਿਖਿਆ ਦਿਤੀ – ਗਿਆਨ ਦੀ। ਉਹ ਐਨਾ ਦ੍ਰਿੜ੍ਹ ਹੋ ਗਿਆ, ਛੇ ਮਹੀਨੇ ਦੇ ਅੰਦਰ ਅੰਦਰ ਉਸ ਦਾ ਭਰੋਸਾ ਦ੍ਰਿੜ੍ਹ ਹੋ ਗਿਆ, ਜਿਸ ਜੋਤ ਦੀ ਅਰਾਧਨਾ ਕਰਦਾ ਸੀ ਉਹ ਸਾਹਮਣੇ ਪ੍ਰਗਟ ਹੋ ਗਈ। ਪੰਜ ਸਾਲ ਦੇ ਬਾਲਕ ਵਿਚ ਪ੍ਰਗਟ ਹੋ ਗਈ ਕਿਉਂਕਿ ਭਰੋਸਾ ਸੀ ਉਸ ਦਾ। ਆਪਣੇ ਗੁਰੂ ਤੇ ਨਹੀਂ ਸ਼ੱਕ ਪਿਆ ਕਿ ਖਬਰੇ ਮਿਲੇ ਜਾਂ ਨਾ ਮਿਲੇ। ਮਹਾਰਾਜ ਜੀ ਕਹਿੰਦੇ ਕਿ ਜਗਤ ਹੈਰਾਨ ਹੋ ਰਿਹਾ ਸੀ ਕਿ ਇਕ ਬੱਚੇ ਦੇ ਵਿਚ ਕਿੰਨੀ ਦ੍ਰਿੜ੍ਹਤਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਗਵਾਹੀ ਮਿਲਦੀ ਹੈ –

***ਰਾਮ ਜਪਉ ਜੀ ਐਸੇ ਐਸੇ॥***
***ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥*** ***ਪੰਨਾ – 337***

ਜਿਸ ਤਰੀਕੇ ਦੇ ਨਾਲ ਧ੍ਰੂ ਤੇ ਪ੍ਰਹਿਲਾਦ ਨੇ ਨਾਮ ਜਪਿਆ ਹੈ ਓਸ ਤਰੀਕੇ ਨਾਲ ਤੁਸੀਂ ਨਾਮ ਜਪੋ, ਜੋਰ ਨਾ ਲਾਓ ਹੋਰ ਤਰੀਕਿਆਂ ਨਾਲ। ਉਹ ਤਰੀਕਾ ਕਿਹੜਾ ਸੀ? ਪ੍ਰਹਿਲਾਦ ਨੂੰ ਸੱਪਾਂ 'ਚ ਬਿਠਾ ਦਿੱਤਾ, ਜ਼ਹਿਰੀਲੇ ਸੱਪ ਨੇ। ਉਸ ਨੇ ਸੱਪ ਦੀ ਭਾਵਨਾ ਹੀ ਨਹੀਂ ਕਰੀ, ਪਰਮੇਸ਼ਰ ਦੀ ਭਾਵਨਾ ਕਰੀ ਬੈਠਾ ਹੈ ਤੇ ਸੱਪ ਨਾਲ ਖੇਡਦੇ ਨੇ। ਦੂਜੇ ਹੈਰਾਨ ਹੋ ਗਏ ਕਿ ਇਸ ਨੂੰ ਤਾਂ ਕਹਿੰਦੇ ਹੀ ਨਹੀਂ ਕੁਝ; ਤੱਤੇ ਥੰਮ੍ਹ ਵਿਚ ਪਰਮੇਸ਼ਰ ਦੀ ਭਾਵਨਾ ਕਰੀ ਬੈਠਾ ਹੈ, ਥੰਮ੍ਹ ਦੀ ਭਾਵਨਾ ਨਹੀਂ ਕਰੀ। ਹੁਣ ਉਸ ਬੱਚੇ ਦਾ ਨਿਸਚਾ ਨਹੀਂ ਟੁਟਿਆ, ਸੱਤ ਸਾਲ ਦਾ ਬੱਚਾ ਸੀ।

ਸੋ ਸਾਨੂੰ ਵੀ ਭਰੋਸਾ ਵਧਾਉਣਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਪੂਰਨ ਜੋਤ ਨੇ। ਜੇ ਗੁਰੂ ਅੰਗਦ ਸਾਹਿਬ ਜੀ ਵਿਚ ਜੋਤ ਪ੍ਰਗਟ ਹੋ ਗਈ ਤਾਂ ਗੁਰੂ ਬਣ ਗਏ ਉਹ। ਗੁਰੂ ਜੋਤ ਹੋਇਆ ਕਰਦੀ ਹੈ – 'ਅਖੰਡ ਜੋਤ' ਜਿਸ ਦੇ ਬਾਰੇ

ਕਿਹਾ ਹੈ ਕਿ –

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ, ਨਾ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਜਦੋਂ ਅਸੀਂ ਜੋਤ ਵਿਚ ਧਿਆਨ ਧਰਾਂਗੇ ਤਾਂ ਬਹੁਤ ਛੇਤੀ ਅਸੀਂ ਸਫਲ ਹੋ ਜਾਵਾਂਗੇ। ਹੁਣ ਲੋੜ ਹੈ ਲਗਨ ਦੀ, ਦ੍ਰਿੜ੍ਹਤਾ ਦੀ ਲੋੜ ਹੈ। ਪੰਜ ਪਿਆਰਿਆਂ ਨੇ ਨਾਮ ਦੇ ਦਿਤਾ। ਨਾਮ ਕੋਈ ਵੱਖਰਾ ਵੱਖਰਾ ਨਹੀਂ ਹੁੰਦਾ, ਪੰਜ ਪਿਆਰਿਆਂ ਤੋਂ ਮਹਾਰਾਜ ਜੀ ਨੇ ਰੀਤ ਬਣਾਈ ਹੈ ਕਿਉਂਕਿ ਆਪਣੇ ਪੰਥ ਨੂੰ ਇਕੱਠਾ ਰੱਖਣਾ ਚਾਹੁੰਦੇ ਸੀ, ਨਹੀਂ ਤਾਂ ਹਜ਼ਾਰਾਂ ਹੀ ਗੁਰੂ ਹੋਣੇ ਸਨ, ਵਿਚ ਚੋਰ ਚਕਾਰ ਵੀ ਹੋਣੇ ਸਨ –

***ਘਰ ਘਰ ਹੋਇ ਬਹੈਗੇ ਰਾਮਾ॥***
***ਕੋਇ ਨ ਸਰੈ ਕਿਸੀ ਕਾ ਕਾਮਾ॥***

ਇਹ ਜਿਹੜਾ ਸਿਧਾਂਤ ਗੁਰੂ ਦਸਵੇਂ ਪਾਤਿਸ਼ਾਹ ਨੇ ਬਣਾਇਆ ਇਹ ਪੂਰਨ ਹੈ। ਇਸ ਦੇ ਵਿਚ ਅਧੂਰਾਪਣ ਨਹੀਂ ਹੈ ਕਿਤੇ ਵੀ, ਕਿਤੇ ਕੋਈ ਖਾਮੀ ਨਹੀਂ ਹੈ, ਜੇ ਖਾਮੀ ਹੈ ਤਾਂ ਆਪਣੀ ਸਮਝ ਵਿਚ ਹੈ।

ਸੋ ਪਹਿਲਾਂ ਸਵੇਰ ਵੇਲੇ ਉਠਣ ਦਾ ਪੱਕਾ ਇਰਾਦਾ ਕਰੋ ਕਿ ਮੈਂ ਐਨਾ ਨਾਮ ਤਾਂ ਜਪਣਾ ਹੀ ਜਪਣਾ ਹੈ ਭਾਵੇਂ ਕੁਝ ਵੀ ਹੋ ਜਾਵੇ। ਥੋੜ੍ਹੀ ਜਿਹੀ ਸੱਚ ਦੀ ਆਵਾਜ਼ ਤਾਂ ਦਿਓ। ਸਾਡੇ ਬਜੁਰਗਾਂ ਨੇ ਤਾਂ ਸੀਸ ਦੇ ਦਿੱਤੇ। ਦੇਖਿਆ ਹੀ ਨਹੀਂ। ਚਲੋ ਸੀਸ ਨਾ ਦਿਓ, ਸਮਾਂ ਦੇ ਦਿਓ ਦੋ ਢਾਈ ਘੰਟੇ ਕਿ ਇਹ ਢਾਈ ਘੰਟੇ ਤਾਂ ਹਨ ਮੇਰੇ ਪਰਮੇਸ਼ਰ ਦੇ, ਮੈਂ ਇਸ ਦੇ ਵਿਚ ਤਾਂ ਨਹੀਂ ਕਰਨੀ ਅਮਾਨਤ ਵਿਚ ਖਿਆਨਤ, ਇਹ ਦੇਣੇ ਹੀ ਦੇਣੇ ਨੇ। ਫੇਰ ਪੰਜ ਪਿਆਰਿਆਂ ਨੇ ਨਾਮ ਦਿਤਾ ਹੈ, ਮੰਤਰ ਦਿਤਾ ਹੈ। ਮੰਤਰ ਜੋ ਗੁਰੂ ਤੋਂ ਮਿਲ ਜਾਵੇ ਓਹੀ ਸ੍ਰੇਸ਼ਟ ਹੋਇਆ ਕਰਦਾ ਹੈ, ਦੂਜੇ ਵਿਚ ਨਿਸਚਾ ਨਹੀਂ ਆਉਂਦਾ। ਨਿਸਚਾ ਉਸੇ ਤੇ ਬੱਝੇਗਾ ਜਿਹੜਾ ਪੰਜ ਪਿਆਰਿਆਂ ਨੇ ਦਿਤਾ ਹੈ ਵਾਹਿਗੁਰੂ ਮੰਤਰ। ਇਹ ਇਕ ਸਾਧਨ ਹੈ ਪ੍ਰਮੇਸ਼ਰ ਤੱਕ ਪਹੁੰਚਣ ਵਾਸਤੇ, ਜਿਸ ਤੋਂ ਬਗੈਰ ਅਸੀਂ ਪਹੁੰਚ ਨਹੀਂ ਸਕਦੇ। ਇਹ ਢਾਈ ਘੰਟੇ ਚੌਵੀ ਘੰਟਿਆਂ 'ਚੋਂ – ਵਿਚੇ 'ਰਹਿਰਾਸ ਸਾਹਿਬ' ਦਾ ਸਮਾਂ ਆ ਗਿਆ, 'ਸੋਹਿਲੇ' ਦਾ ਆ ਗਿਆ, ਸਵੇਰ ਦੇ ਨਿਤਨੇਮ ਦਾ ਸਮਾਂ ਆ ਗਿਆ। ਇਸ ਦੇ ਵਿਚ ਮਹਾਰਾਜ ਜੀ ਨੇ ਇਕ ਸ਼ਰਤ ਲਾਈ ਹੋਈ ਹੈ, ਉਹ ਇਹ ਹੈ ਕਿ ਨਾਮ ਵੱਖਰੀ ਚੀਜ਼ ਹੈ ਤੇ ਬਾਣੀ ਵੱਖਰੀ ਚੀਜ਼ ਹੈ –

***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ............॥***
***ਪੰਨਾ – 305***

ਪਹਿਲਾਂ ਗੁਰਉਪਦੇਸ਼ ਬਾਰੇ ਕਿਹਾ ਹੈ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਪੰਨਾ – 305***

ਅਖਾਉਂਦੇ ਹਾਂ? ਅਸੀਂ ਮੰਨਦੇ ਹਾਂ ਕਿ ਅਸੀਂ ਤਾਂ ਜੀ ਸਿਖ ਹਾਂ, ਕਹਿੰਦੇ ਉਹ ਪਰਵਾਣ, ਤਾਂ ਹੈ ਜੇ ਪਹਿਲਾ ਕੰਮ ਉਸ ਦਾ ਨਾਮ ਧਿਆਉਣਾ ਹੈ, ਕਿਵੇਂ? ਕਹਿੰਦੇ –

***ਉਦਮੁ ਕਰੇ ਭਲਕੇ ਪਰਭਾਤੀ॥ ਪੰਨਾ – 305***

ਮੰਜੇ ਤੇ ਪਿਆ ਪਾਸੇ ਨਾ ਮਾਰੀ ਜਾਂਦਾ ਹੋਵੇ। ਸਗੋਂ ਸਰੀਰ ਨੂੰ ਸਾਵਧਾਨ ਕਰਨ ਵਾਸਤੇ –

***.....ਇਸਨਾਨ ਕਰੇ ਅੰਮ੍ਰਿਤ ਸਰਿ ਨਾਵੈ॥ ਪੰਨਾ – 305***

'ਅੰਮ੍ਰਿਤ' ਗੁਰੂ ਦੀ ਬਾਣੀ ਨੂੰ ਕਹਿੰਦੇ ਨੇ। ਫੇਰ –

***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ...........॥***
***ਪੰਨਾ – 305***

ਗੁਰੂ ਦੇ ਉਪਦੇਸ਼ ਦੋ ਤਰ੍ਹਾਂ ਦੇ ਹੁੰਦੇ ਨੇ। ਅਵਸਥਾ ਭੇਦ ਨਾਲ ਗੁਰੂ ਆਪ ਦਿੰਦਾ ਹੈ। ਪਹਿਲਾ ਉਪਦੇਸ਼ ਹੈ ਮੰਤਰ ਦਾ ਕਿ –

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥***
***ਭਾਈ ਗੁਰਦਾਸ ਜੀ ਦੀ ਵਾਰ 13/2***

ਏਸ ਮੰਤਰ ਨੂੰ ਜਪ ਕੇ ਤੁਹਾਡੀ 'ਹਉਮੈ' ਦਾ ਨਾਸ਼ ਹੋਣਾ ਹੈ। ਇਹ ਪੱਕਾ ਇਲਾਜ ਹੈ, ਪੱਕੀ ਦਵਾਈ ਹੈ ਇਸ ਨੇ 'ਹਉਮੈ' ਦਾ ਨਾਸ਼ ਕਰ ਹੀ ਦੇਣਾ ਹੈ ਜੇ ਜਪੋਗੇ। ਫੇਰ ਇਸ ਦੇ ਨਾਲ ਹੁੰਦਾ ਕੀ ਹੈ? ਏਸ ਮੰਤਰ ਨੇ ਜਨਮਾਂ ਜਨਮਾਂਤਰਾਂ ਦੇ ਪਏ ਹੋਏ ਸੰਸਕਾਰ, ਜਿਨ੍ਹਾਂ ਦੇ ਨਾਲ ਅੰਦਰ ਕਾਲਖ ਛਾਈ ਪਈ ਹੈ –

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ॥ ਪੰਨਾ – 651***

'ਸਿਆਹ' ਅੱਖਰ ਨਾਲ ਵਰਤਿਆ ਹੈ। ਅਸੀਂ ਵੀ ਕਹਿੰਦੇ ਹਾਂ ਕਿ ਕਾਲਾ ਰੰਗ ਚਾਹੀਦਾ ਹੈ ਪਰ 'ਸਿਆਹ' ਦੇਈਂ – 'ਕਾਲਾ ਸਿਆਹ'। ਕਹਿੰਦੇ ਮਨ ਐਨਾ ਕਾਲਾ ਹੋਇਆ ਪਿਆ ਹੈ, ਜਨਮਾਂ ਜਨਮਾਂਤਰਾਂ ਵਿਚ ਘੁੰਮਦੇ ਸੰਸਕਾਰਾਂ ਦੀਆਂ ਤਹਿਆਂ ਦੀਆਂ ਤਹਿਆਂ ਲੱਗ ਗਈਆਂ। ਮੈਲ ਤਾਂ ਦੋ ਦਿਨਾਂ ਦੀ ਨਹੀਂ ਲਹਿੰਦੀ। ਇਥੇ ਝਾੜੂ ਨਾ ਦਿਓ ਚਾਰ ਦਿਨ, ਤੁਸੀਂ ਇਸੇ ਹਾਲ ਦਾ ਦੇਖੋ ਕੀ ਹਾਲ ਹੋ ਜਾਏਗਾ ਤੇ ਸਾਨੂੰ ਕਿੰਨਾ ਚਿਰ ਹੋ ਗਿਆ? ਕਹਿੰਦੇ –

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥***
***ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥***
***ਪੰਨਾ – 999***

ਤੈਨੂੰ ਕਿੰਨਾ ਚਿਰ ਹੋ ਗਿਆ ਚਲਦੇ ਨੂੰ, ਨਹੀਂ ਪਤਾ ਲੱਗਿਆ?

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥ ਪੰਨਾ – 176***

ਫੇਰ ਤਾਂ ਇਹ ਕਹਿੰਦਾ ਹੈ ਕਿ ਇਹੀ ਬਣੇ ਸਨ, ਮੈਂ ਨਹੀਂ ਬਣਿਆ, ਨਹੀਂ ਤਾਂ ਫਿਕਰ ਖਾ ਜਾਵੇ ਕਿ ਕਿਤੇ ਫੇਰ ਨਾ ਪੈ ਜਾਈਏ ਇਨ੍ਹਾਂ ਜੂਨਾਂ ਵਿਚ? ਉਹ ਜਿਹੜੀ ਜਨਮਾਂ ਜਨਮਾਂ ਦੀ ਮੈਲ ਲੱਗੀ ਹੋਈ ਹੈ, ਉਸ ਨੂੰ ਮਹਾਰਾਜ ਜੀ ਕਹਿੰਦੇ –

***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥***
***ਪੰਨਾ – 651***

ਕੋਹਲੂ ਦੀ ਲੀਰ ਵਾਂਗ ਚਟਿਆਈ ਨਹੀਂ ਆਉਂਦੀ ਏਸ ਦੇ ਵਿਚ, ਭਾਵੇਂ ਸੌ ਵਾਰੀ ਧੋ ਲੈ। ਮੱਤ ਉਲਟੀ ਕਰਨੀ ਪੈਂਦੀ ਹੈ ਗੁਰੂ ਦੇ ਹੁਕਮ ਵਿਚ, ਨਹੀਂ ਤਾਂ ਸੰਸਕਾਰ ਜਾਂਦੇ ਹੀ ਨਹੀਂ। ਛੇ ਸਾਲ ਇਬਰਾਹੀਮ ਆਦਮ ਨੇ ਕਬੀਰ ਸਾਹਿਬ ਦੀ ਸੇਵਾ ਕਰੀ, ਮੁਰਦਾ ਹੋ ਕੇ ਕਰੀ। ਬਾਦਸ਼ਾਹ ਸੀ ਪਰ 'ਮੈਂ' ਨਾ ਗਈ ਓਸ ਦੀ। ਮਾਤਾ ਲੋਈ ਏਸ ਗੱਲ ਤੇ ਸੀ ਕਿ ਨਹੀਂ ਜੀ! ਏਸ 'ਚ ਹੁਣ ਕੁਝ ਰਿਹਾ ਨਹੀਂ ਹੈ। ਕਬੀਰ ਸਾਹਿਬ ਕਹਿੰਦੇ, ਨਹੀਂ ਲੋਈ! ਅਜੇ ਤਾਂ ਇਸ ਦੇ ਵਿਚ ਆਪਣੀ ਹੋਂਦ ਪਈ ਹੈ – 'ਮੈਂ'। ਕਹਿੰਦੀ, "ਕਿਵੇਂ ਪਤਾ ਲੱਗੇ?"

ਕਹਿੰਦੇ, "ਜਦੋਂ ਨਹਾ ਕੇ ਆਏਗਾ ਤਾਂ ਉਤੇ ਕੂੜਾ ਪਾ ਦੇਈਂ।" ਸੁਖਾਲਾ ਹੀ ਤਰੀਕਾ ਸੀ।

ਉਹ ਨਹਾ ਕੇ ਜਦੋਂ ਵਾਪਸ ਆਇਆ ਤਾਂ ਮਾਤਾ ਲੋਈ ਨੇ ਉਤੇ ਕੂੜਾ ਪਾ ਦਿੱਤਾ। ਉਸ ਦੇ ਮੂੰਹੋਂ ਅੰਦਰ ਜਿਹੜਾ ਅਸਲੀ ਸ਼ਬਦ ਪਿਆ ਸੀ, ਜੋ ਅਜੇ ਮਿਟ ਨਹੀਂ ਸੀ ਸਕਿਆ, ਉਹ ਨਿਕਲ ਆਇਆ; ਉਹ ਸੀ ਬਾਦਸ਼ਾਹ ਅਫਗਾਨਿਸਤਾਨ ਦਾ।

ਕਹਿੰਦਾ, "ਮੇਰੇ ਰਾਜ ਵਿਚ ਕੋਈ ਕੂੜਾ ਪਾ ਕੇ ਦਿਖਾਉਂਦਾ।"

ਗੱਲ ਕਹਿ ਦਿੱਤੀ, ਨਿਕਲ ਆਈ ਅੰਦਰੋਂ ਗੱਲ ਅਸਲੀ ਜਿਹੜੀ ਸੀ। ਉਹ ਮੁਰਦਾ ਨਹੀਂ ਸੀ ਹੋ ਸਕਿਆ, ਮੁਰਦਾ ਹੋਏ ਬਿਨਾਂ ਅੱਗੇ ਗੱਲ ਨਹੀਂ ਚਲਦੀ ਕਿਉਂਕਿ ਦੋ ਤਾਂ ਇਥੇ ਰਹਿੰਦੇ ਨਹੀਂ, ਇਕ ਮਿਆਨ ਵਿਚ ਇਕੋ ਤਲਵਾਰ ਪੈਂਦੀ ਹੈ। ਗੁਰੂ ਵਿਚ, ਤਾਂ ਸਮਾਅ ਸਕਦਾ ਹੈ ਜੇ ਆਪਣੇ ਵਿਚੋਂ ਸਾਰੀ 'ਮੈਂ' ਖਤਮ ਹੋ ਜਾਵੇ, ਨਹੀਂ ਤਾਂ ਸਮਾਅ ਨਹੀਂ ਸਕਦਾ। ਛੇ ਸਾਲ ਹੋਰ ਲੰਘ ਗਏ, ਫੇਰ ਕੂੜਾ ਪਾਇਆ ਤਾਂ ਨੱਚਣ ਲੱਗ ਗਿਆ।

ਕਹਿੰਦਾ, "ਮਾਤਾ! ਤੂੰ ਤਾਂ ਕੇਸਰ ਵਰ੍ਹਾ ਦਿੱਤਾ ਮੇਰੇ ਤੇ।"

ਓਸ ਵੇਲੇ 'ਮੈਂ' ਓਸ ਦੀ ਖਤਮ ਹੋ ਗਈ। ਸੋ ਸਾਡੀ 'ਮੈਂ' ਨਹੀਂ ਜਾਂਦੀ, ਖਤਮ ਨਹੀਂ ਹੁੰਦੀ।

ਸੰਤਾਂ ਦੇ ਨਾਲ ਲੱਗ ਕੇ ਵੀ ਬਾਰਾਂ ਸਾਲਾਂ ਬਾਅਦ ਬੋਲਿਆ ਉਸ ਦਾ ਚੇਲਾ। ਉਹ ਕਹਿੰਦਾ ਕਿ ਸੰਤ ਜੀ! ਬਾਰਾਂ ਸਾਲ ਹੋ ਗਏ ਤੁਹਾਡੇ ਨਾਲ, ਨਾ ਤਾਂ ਮੇਰੀ 'ਰਾਗ' ਬਿਰਤੀ ਹਟੀ ਹੈ, ਨਾ ਕਲੇਸ਼ ਹਟਿਆ, ਨਾ ਕਲ੍ਹਾ ਹਟੀ ਹੈ, ਨਾ ਦ੍ਵੈਸ਼ ਹਟੀ ਹੈ, ਓਹੀ ਮੇਰੇ 'ਚ ਬੁਰਿਆਈਆਂ ਨੇ, ਓਹੀ ਮੈਂ ਲੋਕਾਂ ਨੂੰ ਬੁਰਾ ਕਹਿੰਦਾ ਹਾਂ, ਫਰਕ ਤਾਂ ਮੇਰੇ ਵਿਚ ਪਿਆ ਨਾ ਕੋਈ। ਹੁਣ ਮਹਾਤਮਾ ਕਹਿੰਦੇ ਕਿ ਨਾਂ ਤਾਂ ਮਹਾਤਮਾ 'ਚ ਕੋਈ ਫਰਕ ਹੈ ਤੇ ਨਾ ਸ਼ਬਦ ਵਿਚ ਕੋਈ ਫਰਕ ਹੈ। ਜੇ ਫਰਕ ਹੈ ਤਾਂ ਤੇਰੇ ਵਿਚ ਹੀ ਹੈ। ਉਹ ਕਹਿਣ ਲੱਗਿਆ ਕਿ ਮੇਰੇ 'ਚ ਫਰਕ ਕਾਹਦਾ? ਮੈਨੂੰ ਬਾਰਾਂ ਸਾਲ ਹੋ ਗਏ ਭਾਂਡੇ ਮਾਂਜਦੇ ਨੂੰ, ਐਡਾ ਮੈਂ ਜਗੀਰਦਾਰ ਸੀ, ਸਭ ਕੁਝ ਛੱਡੀ ਬੈਠਾ ਹਾਂ ਬਾਰਾਂ ਸਾਲਾਂ ਤੋਂ।"

ਕਹਿੰਦੇ, "ਆਹੀ ਫਰਕ ਹੈ। ਚੰਗਾ ਤੈਨੂੰ ਤਰੀਕੇ ਨਾਲ ਸਮਝਾਉਂਦੇ ਹਾਂ। ਜਿਹੜੀ ਗਾਗਰ ਵਿਚ ਪਾਰਸ ਰੱਖਿਆ ਸੀ, ਉਹ ਪਾਰਸ ਸਣੇ ਲੈ ਆ।"

ਚਾਬੀ ਦੇ ਦਿੱਤੀ, ਬਾਰ੍ਹੀਂ ਸਾਲੀਂ ਪੇਟੀ ਖੋਲ੍ਹੀ। ਉਥੋਂ ਹੀ ਕਹਿਣ ਲੱਗ ਪਿਆ ਕਿ ਮਹਾਤਮਾ ਜੀ! ਤੁਸੀਂ ਵੀ ਝੂਠੇ ਤੇ ਤੁਹਾਡਾ ਪਾਰਸ ਵੀ ਝੂਠਾ। ਨਾ ਤਾਂ ਆਹ ਸੋਨਾ ਬਣਿਆਂ ਬਾਰਾਂ ਸਾਲਾਂ ਵਿਚ ਤੇ ਨਾ ਤੁਹਾਡੇ ਤੋਂ ਮੈਨੂੰ ਪਰਮੇਸ਼ਰ ਦੀ ਪ੍ਰਾਪਤੀ ਹੋਈ ਹੈ। ਮਹਾਤਮਾ ਕਹਿਣ ਲੱਗੇ ਕਿ ਮੇਰੇ ਕੋਲ ਲਿਆ, ਰੌਲਾ ਨਾ ਪਾ। ਕੋਲ ਆ ਗਿਆ, ਮਹਾਤਮਾ ਕਹਿਣ ਲੱਗੇ ਕਿ ਪਾਰਸ ਕੱਢ ਕੇ ਦੇਖ, ਇਸ ਦੇ ਉਤੇ ਕੋਈ ਬਿਆਧੀ ਤਾਂ ਨਹੀਂ ਹੈ?

ਕਹਿੰਦਾ, "ਜੀ! ਕਾਗਜ਼ ਹੈ ਪਤਲਾ ਜਿਹਾ।"

ਮਹਾਤਮਾ ਕਹਿੰਦੇ, "ਕਿਥੇ ਹੈ?"

ਕਹਿੰਦਾ, "ਗਾਗਰ ਦੇ ਅੰਦਰਲੇ ਪਾਸੇ ਹੈ ਚਿੰਬੜਿਆ ਹੋਇਆ।"

ਮਹਾਤਮਾ ਕਹਿਣ ਲੱਗੇ, "ਪਾਰਸ ਤਾਂ ਫੇਰ ਖਰਾ ਹੈ ਨਾ!"

ਕਹਿੰਦਾ, "ਇਹ ਤਾਂ ਪਤਾ ਲਗੇਗਾ ਨਾਲ ਛੂਹੇ ਤੇ।"

ਕਹਿਣ ਲੱਗੇ, "ਪਹਿਲਾਂ ਗਾਗਰ ਦੇ ਅੰਦਰ ਵਾਲਾ ਕਾਗਜ਼ ਲਾਹ।"

ਜਦੋਂ ਕਾਗਜ਼ ਉਤਾਰ ਕੇ ਪਾਰਸ ਲਾਇਆ ਤਾਂ ਗਾਗਰ ਸੋਨੇ ਦੀ ਬਣ ਗਈ।

ਕਹਿੰਦਾ, "ਇਹ ਤਾਂ ਠੀਕ ਹੈ ਪਰ ਤੁਸੀਂ ਝੂਠੇ ਹੋ।"

ਮਹਾਤਮਾ ਕਹਿਣ ਲੱਗੇ, "ਪ੍ਰੇਮੀਆਂ! ਮੈਂ ਝੂਠਾ ਨਹੀਂ ਹਾਂ। ਤੇਰੇ ਅੰਦਰ ਦੁਬਿਧਾ ਹੈ। ਜਿਵੇਂ ਗਾਗਰ ਦੇ ਅੰਦਰ ਕਾਗਜ਼ ਲੱਗਿਆ ਹੋਇਆ ਸੀ, ਤੇਰੇ ਅੰਦਰ 'ਮੈਂ' ਦੀ ਦੁਬਿਧਾ ਹੈ, ਅਜੇ ਤੇਰੀ ਅਮੀਰੀ ਖਤਮ ਨਹੀਂ ਹੋਈ, ਅਜੇ ਤੂੰ ਮਰਿਆ ਨਹੀਂ। ਜਿੰਨਾਂ ਚਿਰ ਮਰਦਾ ਨਹੀਂ, ਓਨਾਂ ਚਿਰ ਗੱਲ ਨਹੀਂ ਚਲਦੀ।"

ਬਾਣੀ ਵਿਚ ਆਉਂਦਾ ਹੈ ਕਿ –

***ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥***
***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥***
***ਪੰਨਾ – 1372***

ਆਪਣੇ ਆਪ ਤੇ ਭਰੋਸਾ ਨਹੀਂ, ਗੁਰੂ ਨੂੰ ਦੋਸ਼ ਦੇਈ ਜਾਂਦੇ ਹਾਂ ਅਸੀਂ। ਆਪਣੇ ਵਿਚ ਭਰੋਸਾ ਨਹੀਂ ਅਸੀਂ ਲਿਆਉਂਦੇ। ਜੇ ਕੋਈ ਚੀਜ਼ ਮੰਗਣੀ ਹੁੰਦੀ ਹੈ ਕਿ ਸੱਚੇ ਪਾਤਿਸ਼ਾਹ ਦੇ ਦੇ, ਜਰੂਰ ਦੇ ਦੇ, ਤੂੰ ਸਮਰੱਥ ਹੈਂ। ਇਥੇ ਘਾਟਾ ਕੋਈ ਹੈ ਨਹੀਂ –

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥***
***ਪੰਨਾ – 681***

ਭਰੋਸਾ ਪੂਰਾ ਹੋ ਗਿਆ ਤਾਂ ਆਪਣੀ ਚੀਜ਼ ਵੀ ਲੈ ਲਈ, ਅੱਗੇ ਰੱਬ ਨਾਲ ਕੋਈ ਸਬੰਧ ਨਹੀਂ ਹੈ। ਸੋ ਇਹ ਸਾਡੇ ਵਿਚ ਨੁਕਸ ਨੇ ਬੜੇ ਜਬਰਦਸਤ। ਹੁਣ ਮਹਾਰਾਜ ਜੀ ਕਹਿੰਦੇ–

***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ...........॥***
***ਪੰਨਾ – 305***

ਜਿਹੜਾ ਪੰਜ ਪਿਆਰਿਆਂ ਨੇ ਉਪਦੇਸ਼ ਦੇ ਦਿੱਤਾ, ਗੁਰੂ

ਘਰ ਵਿਚ ਤਾਂ ਸਿਧਾ ਹੀ ਹੈ, ਪੰਜ ਪਿਆਰੇ ਦਿੰਦੇ ਨੇ, ਮਹਾਤਮਾ ਤਾਂ ਸਹਾਇਤਾ ਕਰਦੇ ਨੇ ਕਿ ਇਨ੍ਹਾਂ ਦਾ ਨਾਮ ਵਿਚ ਮਨ ਲਗ ਜਾਵੇ, ਇਨ੍ਹਾਂ ਨੂੰ ਸਤਿਸੰਗ ਮਿਲਦਾ ਰਹੇ, ਇਨ੍ਹਾਂ ਦੇ ਅੰਦਰੋਂ ਵਿਕਾਰ ਖਤਮ ਹੁੰਦੇ ਰਹਿਣ, ਸੋਝੀ ਪੈ ਜਾਵੇ; ਮਦਦਗਾਰ ਹੁੰਦੇ ਨੇ ਉਹ, ਗੁਰੂ ਗ੍ਰੰਥ ਸਾਹਿਬ ਦੀ ਥਾਂ ਗੁਰੂ ਨਹੀਂ ਬਣਦੇ। ਉਹ ਪਹਿਲਾਂ ਤਾਂ ਹੈ ਹੀ ਨਹੀਂ, ਜਿਹੜਾ ਹੈ ਹੀ ਨਹੀਂ, ਉਸ ਨੇ ਬਣਨਾ ਕੀ ਹੈ? ਜੇ ਮਹਾਤਮਾ ਕੁਝ ਹੋਵੇ ਤਾਂ ਗੁਰੂ ਬਣੇ, ਉਹ ਤਾਂ ਕਹਿੰਦਾ –

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥*
*ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ॥*

*ਪੰਨਾ – 827*

ਉਸ ਨੇ ਆਪਣੇ ਆਪ ਦੀ ਹੋਂਦ ਖਤਮ ਕਰੀ ਹੁੰਦੀ ਹੈ; ਜੋ ਕੁਝ ਹੋ ਰਿਹਾ ਹੈ ਪ੍ਰਮੇਸ਼ਰ ਦੇ ਹੁਕਮ ਵਿਚ ਹੋ ਰਿਹਾ ਹੈ, ਆਪ ਹੀ ਉਹ ਕਰ ਰਿਹਾ ਹੈ –

*ਕਤਹੂੰ ਸੁਚੇਤ ਹੋਇਕੈ, ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ, ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ, ਕਹੂੰ ਸਰਗੁਨ ਸਮੇਤ ਹੋ॥*

*ਤ੍ਵਪ੍ਰਸਾਦਿ ਕਬਿੱਤ*

ਸਾਰੇ ਰੂਪ ਤੇਰੇ ਨੇ, ਸਾਰਾ ਕੁਝ ਤੂੰ ਕਰਦਾ ਹੈਂ। ਆਪ ਤਾਂ ਕੁਝ ਹੁੰਦਾ ਨਹੀਂ, ਉਸ ਦਾ ਤਾਂ ਵਜੂਦ ਹੁੰਦਾ ਹੈ ਨਾਮ ਜਪਾਉਣ ਵਾਸਤੇ ਕਿਉਂਕਿ –

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*

*ਪੰਨਾ – 749*

ਸੋ ਏਸ ਤਰ੍ਹਾਂ ਸਾਧ ਸੰਗਤ ਜੀ!

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ..........॥*

*ਪੰਨਾ – 305*

ਉਸ ਦਾ ਨਤੀਜਾ ਕੀ ਹੋਏਗਾ?

*.......... ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*

*ਪੰਨਾ – 305*

ਮਹਾਰਾਜ ਜੀ ਨੇ ਕਿਹਾ, ਜਿੰਨੇ ਵੀ ਸਭ ਪਾਪ ਲਹਿ ਗਏ, ਫੇਰ ਅੰਦਰ ਨਿਰਮਲ ਹੋ ਗਿਆ –

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥*

*ਪੰਨਾ – 1367*

ਫੇਰ ਉਸ ਤੋਂ ਬਾਅਦ ਮਹਾਰਾਜ ਜੀ ਕਹਿੰਦੇ –

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*

*ਪੰਨਾ – 305*

ਫੇਰ ਭਾਈ ਗੁਰੂ ਦੀ ਬਾਣੀ ਗਾਓ, ਦਿਨ ਚੜ੍ਹ ਗਿਆ। ਆਪ ਵੀ ਸੁਣੋ, ਜੇ ਕੋਈ ਨੇੜੇ ਸੁਣਨ ਵਾਲਾ ਹੈ ਤਾਂ ਉਸ ਨੂੰ ਵੀ ਸੁਣਾ ਦਿਓ, ਨਹੀਂ ਤਾਂ ਆਪਣਾ ਅਨੰਦ ਲਓ ਆਰਾਮ ਨਾਲ ਅਤੇ ਧਿਆਨ ਰੱਖਣਾ ਹੈ ਪਰਮੇਸ਼ਰ ਵਿਚ – ਬਹਿੰਦੇ ਵੀ ਉਠਦੇ ਵੀ–

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥ ਪੰਨਾ – 305*

ਜਿਸ ਦੇ ਧਿਆਨ ਵਿਚ ਹਰ ਸੁਆਸ ਵਿਚ ਵਾਹਿਗੁਰੂ ਆ ਗਿਆ। ਉਹ ਸਿਖ ਪਾਸ ਹੋ ਜਾਂਦਾ ਹੈ। ਉਹ ਗੁਰੂ ਦੇ ਮਨ ਨੂੰ ਭਾਅ ਜਾਂਦਾ ਹੈ। ਅਸੀਂ ਅਜੇ ਭਾਏ ਨਹੀਂ ਹਾਂ ਕਿਉਂਕਿ ਅਸੀਂ ਅਜੇ ਸੁਆਸ–ਗਿਰਾਸ ਤੇ ਨਹੀਂ ਪਹੁੰਚੇ। ਅਜੇ ਸਾਡਾ ਮਨ ਬਾਹਰ ਜਾਂਦਾ ਹੈ, ਦੌੜਦਾ ਹੈ, ਭੱਜਦਾ ਹੈ, ਮੁਕਾਬਲਾ ਕਰ ਰਿਹਾ ਹੈ। ਮਾਇਆ ਦਾ, ਹਾਲਾਤ ਦਾ ਮੁਕਾਬਲਾ ਕਰ ਰਿਹਾ ਹੈ ਉਹ ਗੱਲ ਸਾਡੇ ਵਿਚ ਆ ਨਹੀਂ ਰਹੀ ਜਿਹੜੀ ਆਉਣੀ ਚਾਹੀਦੀ ਹੈ। ਫੇਰ ਮਹਾਰਾਜ ਜੀ ਕਹਿੰਦੇ, ਗੁਰੂ ਕੀ ਕਰਦਾ ਹੈ? ਗੁਰੂ ਉਸ ਨੂੰ ਕਹਿੰਦਾ ਹੈ ਕਿ ਲੈ! ਹੁਣ ਮੈਂ ਤੇ ਤੂੰ ਇਕ ਹੋ ਗਏ, ਦੋ ਨਹੀਂ ਰਹੇ। ਜੋ ਮੇਰਾ ਰੂਪ, ਉਹ ਤੇਰਾ ਰੂਪ –

*ਖਾਲਸਾ ਮੇਰੋ ਰੂਪ ਹੈ ਖਾਸ॥*
*ਖਾਲਸੇ ਮਹਿ ਹੌਂ ਕਰੌਂ ਨਿਵਾਸ॥ ਸਰਬ ਲੋਹ ਗ੍ਰੰਥ 'ਚੋਂ*

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰਾਚਕ ਨਾਹਨ ਭੇਵ॥*

*(ਸਰਬ ਲੋਹ ਗ੍ਰੰਥ 'ਚੋਂ)*

ਇਕੋ ਹੀ ਸ਼ਬਦ ਹੈ ਇਹ, ਜੇ ਇਸੇ ਸ਼ਬਦ ਦੀ ਕਮਾਈ ਕਰ ਲਓ ਤਾਂ ਸਾਡਾ ਪਾਰ ਉਤਾਰਾ ਹੋ ਜਾਂਦਾ ਹੈ ਪਰ ਦ੍ਰਿੜ੍ਹਤਾ ਸਾਡੇ ਵਿਚ ਆਉਣੀ ਚਾਹੀਦੀ ਹੈ। ਗੁਰਮੁਖ ਦੀ ਸੰਗਤ ਕਰ, ਸੰਤ ਦੀ ਸੰਗਤ ਕਰ, ਕੀਰਤਨ ਕਰ, ਗੁਰੂ ਦੇ ਬਚਨ ਸਰਵਣ ਕਰ, ਮੁਕਾਬਲਾ ਕਰ ਕਮਜ਼ੋਰੀਆਂ ਦੇ ਨਾਲ, ਉਹ ਕਹਿੰਦੇ ਹਨ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥*

*ਪੰਨਾ – 642*

ਮਿਲਦਾ ਉਸ ਨੂੰ ਹੈ ਜਿਸ ਦੇ ਮੱਥੇ 'ਚ ਲਿਖਿਆ ਹੋਇਆ ਹੈ, ਨਹੀਂ ਤਾਂ ਮਿਲਦਾ ਨਹੀਂ ਹੈ, ਆਲਸ ਕਰ ਲੈਂਦਾ ਹੈ, ਲਗਾਤਾਰ ਸਤਿਸੰਗ ਵਿਚ ਨਹੀਂ ਰਹਿੰਦਾ। ਆਹ ਸਾਡੇ ਬੱਚੇ ਜੇ ਦੋ ਕੁ ਦਿਨ ਨਾ ਆਉਣ ਤਾਂ ਮੈਂ ਪੁਛਦਾ ਹਾਂ ਕਿ ਇਨ੍ਹਾਂ ਦੀ ਪੜ੍ਹਾਈ ਤਾਂ ਵਿਚ ਹੀ ਰਹਿ ਗਈ, ਸਾਡੀ ਪੜ੍ਹਾਈ ਪਤਾ ਨਹੀਂ ਕਿੰਨੇ ਕਿੰਨੇ ਦਿਨ ਪਿਛੇ ਹੋ ਜਾਂਦੀ ਹੈ, ਭੁੱਲ ਹੀ ਜਾਂਦੇ ਹਾਂ ਕਿ ਸਤਿਸੰਗ ਵਿਚ ਜਾਣਾ ਹੈ। ਸੋ ਏਸ ਕਰਕੇ ਸਾਧ ਸੰਗਤ ਜੀ! ਸਮਾਂ ਠਹਿਰਦਾ ਨਹੀਂ, ਤੁਰਿਆ ਜਾ ਰਿਹਾ ਹੈ –

*ਇਹ ਠਹਿਰਨ ਜਾਚ ਨਾ ਜਾਣਦਾ,*
*ਲੰਘ ਗਿਆ ਨਾ ਮੁੜ ਕੇ ਆਂਵਦਾ।*

***ਭਾਈ ਵੀਰ ਸਿੰਘ ਜੀ***

ਜਬਰਦਸਤੀ ਕਰ ਲਓ ਕਿ ਐਨਾ ਚਿਰ ਨਾਮ ਜਪਣਾ ਹੀ ਜਪਣਾ ਹੈ। ਗੱਪਾਂ ਘੱਟ ਮਾਰ ਲਈਆਂ ਬੈਠ ਕੇ, ਅਖਬਾਰ ਥੋੜ੍ਹਾ ਘੱਟ ਪੜ੍ਹ ਲਿਆ, ਟੈਲੀਵੀਜ਼ਨ ਘੱਟ ਦੇਖ ਲਿਆ। ਸਮਾਂ ਪੂਰਾ ਕਰ ਲਓ। ਉਸ ਦੇ ਨਾਲ ਕੀ ਹੋਏਗਾ? ਚਿੱਤ ਲਗਦਾ ਹੈ ਜਾਂ ਨਹੀਂ ਲਗਦਾ, ਇਹ ਸਾਡਾ ਸੁਆਲ ਨਹੀਂ। ਮੈਂ ਤਾਂ ਇਕ ਪ੍ਰਣ, ਇਕਰਾਰ ਕਰਿਆ ਹੋਇਆ ਹੈ ਕਿ ਐਨਾ ਚਿਰ ਮੈਂ ਨਾਮ ਜਪਣਾ ਹੀ ਜਪਣਾ ਹੈ, ਤੂੰ ਮੇਰਾ ਚਿਤ ਲਾਉਂਦਾ ਹੈਂ ਜਾਂ ਨਹੀਂ ਲਾਉਂਦਾ, ਇਹ ਤੇਰੇ ਅਖਤਿਆਰ ਵਿਚ ਹੈ, ਮੈਂ ਤਾਂ ਜਪਣਾ ਹੀ ਜਪਣਾ ਹੈ। ਅਖੀਰ ਹੁੰਦਾ ਕੀ ਹੈ? ਨਾਮ ਵਸਣਾ ਸ਼ੁਰੂ ਹੋ ਜਾਂਦਾ ਹੈ, ਅੰਦਰ ਰਸ ਨਾਲ ਭਰ ਜਾਂਦਾ ਹੈ। ਫੇਰ ਤਾਂ ਹੁੰਦਾ ਹੈ –

*ਆਖਾ ਜੀਵਾ ਵੀਸਰੈ ਮਰਿ ਜਾਉ॥ ਪੰਨਾ – 4*

ਜੇ ਤਾਂ ਮੈਂ ਜੁੜਿਆ ਰਹਿੰਦਾ ਹਾਂ ਫੇਰ ਤਾਂ ਮੈਂ ਜੀਉਂਦਾ ਹਾਂ, ਜੇ ਵਿਸਰ ਜਾਂਦਾ ਹਾਂ ਤਾਂ ਮੇਰੀ ਮੌਤ ਹੋ ਜਾਂਦੀ ਹੈ। ਸੋ ਸਤਿਸੰਗ 'ਚ ਆਪਾਂ ਆਉਂਦੇ ਹਾਂ, ਇਹ ਗੁਰੂ ਮਹਾਰਾਜ ਜੀ ਦੀ ਕੁਦਰਤ ਨਾਲ ਚੀਜ਼ਾਂ ਬਣ ਗਈਆਂ। ਇਹ ਕਿਹੜੀ ਪਹਿਲਾਂ ਤੋਂ ਵਿਉਂਤ ਬਣਾਈ ਸੀ ਕਿ ਇਥੇ ਸ਼ੈਡ ਬਣੇਗਾ ਜਾਂ ਇਥੇ ਗੁਰਦੁਆਰਾ ਬਣੇਗਾ? ਮੇਰੇ ਤਾਂ ਚਿਤ ਚੇਤੇ ਨਹੀਂ ਸੀ। ਹੁਣ ਜਦੋਂ ਇਹ ਬਣ ਗਿਆ ਤਾਂ ਹੁਣ ਇਸ ਦਾ ਪੂਰਾ ਲਾਹਾ ਲਈਏ, ਇਨ੍ਹਾਂ ਗਿਣਤੀਆਂ ਮਿਣਤੀਆਂ ਵਿਚ ਨਾ ਪਿਆ ਕਰੋ, ਬਹੁਤੀਆਂ ਜ਼ਿਆਦਾ ਨੇ, ਇਹ ਦ੍ਵੈਸ਼ ਦੀਆਂ ਗਿਣਤੀਆਂ ਨੇ। ਇਹ ਵਹਾ ਲੈਂਦੀਆਂ ਨੇ ਬੰਦੇ ਨੂੰ, ਕਿਧਰੇ ਦੀ ਕਿਧਰੇ ਲੈ ਜਾਂਦੀਆਂ ਨੇ। ਬੰਦਾ ਹੈ ਕਮਜ਼ੋਰ।

ਸੋ ਇਸ ਤਰ੍ਹਾਂ ਸਾਧ ਸੰਗਤ ਜੀ! ਗੁਰੂ ਦਸਵੇਂ ਪਾਤਿਸ਼ਾਹ ਵੇਲੇ ਜਦੋਂ ਚਿੱਠੀ ਆਈ ਔਰੰਗਜੇਬ ਦੀ ਤਾਂ ਉਹ ਕੁਰਾਨ ਸ਼ਰੀਫ ਦੇ ਪਤਰੇ ਨਾਲ ਜੋੜ ਦਿੱਤੀ। ਹੁਣ ਜੇ ਚਿੱਠੀ ਨੂੰ ਪਾੜਦੇ ਨੇ ਤਾਂ ਕੁਰਾਨ ਸ਼ਰੀਫ ਦੇ ਪੱਤਰੇ ਵੀ ਨਾਲ ਫਟਦੇ ਨੇ। ਉਨ੍ਹਾਂ ਦਾ ਇਹ ਸੀ ਕਿ ਕੁਰਾਨ ਸ਼ਰੀਫ ਦੇ ਨਾਲ ਅਸੀਂ ਜੋੜ ਦਿਤੀ। ਗੁਰੂ ਸਾਹਿਬ ਨੇ ਇਤਿਹਾਸ ਵਿਚ ਕੁਝ ਬਚਨ ਕਰੇ ਹੋਏ ਨੇ, ਕਹਿਣ ਲੱਗੇ ਕਿ ਸਾਨੂੰ ਪਤਾ ਹੈ ਕਿ ਇਨ੍ਹਾਂ ਨੇ ਧੋਖਾ ਦੇਣਾ ਹੈ ਪਰ ਆਹ ਧਰਮ ਪੁਸਤਕ ਦੀ ਲਾਜ ਕੌਣ ਰੱਖੇਗਾ ਸਾਡੇ ਤੋਂ ਬਗੈਰ। ਕੋਈ ਹੈ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾ ਜਿਹੜਾ ਕੁਰਾਨ ਦੀ ਵੀ ਇੱਜ਼ਤ ਰੱਖੇ? ਕਿੱਡਾ ਵੱਡਾ ਨੁਕਸਾਨ ਉਠਾ ਲਿਆ, ਨਹੀਂ ਤਾਂ ਚੁੱਕ ਕੇ ਪਰ੍ਹੇ ਮਾਰਦੇ ਚਿੱਠੀ ਸਮੇਤ। ਇਹ ਸਬਕ ਸਾਨੂੰ ਸਿਖਾਇਆ ਨਹੀਂ ਗੁਰੂ ਸਾਹਿਬ ਨੇ ਕਿ ਧਰਮ ਪੁਸਤਕਾਂ ਦਾ ਨਿਰਾਦਰ ਕਰੋ, ਉਹ ਤਾਂ ਕਹਿੰਦੇ ਨੇ –

*ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*

***ਅਕਾਲ ਉਸਤਤਿ***

ਦ੍ਵੈਤ 'ਚ ਪੈਣ ਦੀ ਲੋੜ ਨਹੀਂ ਹੈ। ਉਪਦੇਸ਼ ਹੋਵੇ ਗੁਰੂ ਦਾ ਸਾਂਝਾ, ਉਸ ਤੇ ਚਲਦੇ ਹੋਣ ਤਾਂ ਕਿਉਂ ਰੌਲੇ ਪੈਣ? ਧਰਮ ਤਾਂ ਵਾਹਿਗੁਰੂ ਦਾ ਸਾਰਿਆਂ ਲਈ ਇਕੋ ਹੀ ਹੈ, ਉਥੇ ਹੀ ਅਸੀਂ ਜਾਣਾ ਹੈ। ਸੋ ਇਸ ਦੁਬਿਧਾ ਵਿਚੋਂ ਨਿਕਲ ਕੇ ਪਰਮੇਸ਼ਰ ਦਾ ਭਜਨ ਕਰੋ, ਓਨਾਂ ਚਿਰ ਉਹ ਲੇਖੇ 'ਚ ਪਏਗਾ।

ਸਾਨੂੰ ਬਾਰ ਬਾਰ ਮਹਾਰਾਜ ਜੀ ਕਹਿੰਦੇ ਨੇ –

*ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥*

*ਪੰਨਾ – 43*

ਸੋ ਉਸ ਦੇ ਵਿਚ ਜਿਹੜੀ ਜਰੂਰੀ ਚੀਜ਼ ਹੈ, ਉਹ ਹੈ ਭਰੋਸਾ। ਭਰੋਸੇ ਤੋਂ ਬਗੈਰ ਨਹੀਂ ਇਹ ਹੁੰਦਾ। ਦੋ ਤਰ੍ਹਾਂ ਦਾ ਭਰੋਸਾ ਹੈ – ਇਕ ਇਨ੍ਹਾਂ (ਭਾਈ ਲਖਬੀਰ ਸਿੰਘ) ਨੇ ਪੜ੍ਹਿਆ ਸੀ –

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਪੰਨਾ – 283*

ਦੂਜਾ ਪੜ੍ਹਿਆ ਸੀ –

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਪੰਨਾ – 285*

ਜਿਸ ਦੇ ਮਨ ਵਿਚ ਵਿਸ਼ਵਾਸ ਆ ਗਿਆ – ਵਾਹਿਗੁਰੂ ਦਾ, ਕਿ ਉਹ ਸਾਰੇ ਪਰੀਪੂਰਨ ਹੈ, ਕੋਈ ਥਾਂ ਇਹੋ ਜਿਹਾ ਨਹੀਂ, ਜਿਥੇ ਉਹ ਨਹੀਂ ਹੈ। ਕਹਿੰਦੇ ਉਸ ਦਾ ਨਤੀਜਾ ਕੀ ਹੋਏਗਾ?

*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥ਪੰਨਾ – 285*

ਉਸੇ ਵੇਲੇ ਤੱਤਵ ਦਾ ਗਿਆਨ ਉਸ ਦੇ ਮਨ ਵਿਚ ਪ੍ਰਗਟ ਹੋ ਜਾਏਗਾ। ਉਥੇ ਵੀ ਭਰੋਸੇ ਦੀ ਗੱਲ ਹੈ, ਇਥੇ ਵੀ ਭਰੋਸੇ ਦੀ ਗੱਲ ਹੈ। ਉਹ ਗੁਰੂ ਦਾ ਭਰੋਸਾ ਹੈ, ਇਹ ਵਾਹਿਗੁਰੂ ਦੀ ਹੋਂਦ ਦਾ ਭਰੋਸਾ ਹੈ। ਵਾਹਿਗੁਰੂ ਦੀ ਹੋਂਦ ਵਿਚ ਭਰੋਸਾ ਲਿਆਓ ਕਿਉਂਕਿ ਉਸ ਦਾ ਰੂਪ, ਰੰਗ ਤਾਂ ਕੋਈ ਹੈ ਨਹੀਂ, ਦੇਖਣ ਵਾਲੀ ਚੀਜ਼ ਨਹੀਂ ਹੈ ਕਿ ਉਸ ਨੂੰ ਅਸੀਂ ਇਕ ਬਿੰਦੂ ਤੇ ਦੇਖ ਲੇਈਏ। ਜਿਹੜਾ ਉਹ ਸਪਸ਼ਟ ਹੈ, ਉਹ ਸਾਥੋਂ ਨਹੀਂ ਦੇਖਿਆ ਜਾਂਦਾ, ਬਹੁਤੀ ਨਿਗ੍ਹਾ ਹੋਵੇ ਤਾਂ ਮੀਲ ਤੱਕ ਦੇਖ ਲਵਾਂਗੇ ਪਰ ਅੱਗੇ ਫੇਰ ਹੈ, ਖੰਡ ਬ੍ਰਹਿਮੰਡ ਮੁਕਦੇ ਹੀ ਨਹੀਂ, ਬੇਅੰਤ ਨੇ। ਉਥੇ ਤਾਂ ਨਿਸ਼ਚਾ ਹੁੰਦਾ ਹੈ ਕਿ ਤੂੰ ਆਪੇ ਹੀ ਆਪ ਹੈਂ। ਸਮਸ਼ਟ ਦੇ ਦਰਸ਼ਨ ਕ੍ਰਿਸ਼ਨ ਮਹਾਰਾਜ ਨੇ ਕਰਾਉਣੇ ਸ਼ੁਰੂ ਕਰੇ ਅਰਜਨ ਨੂੰ, ਇਕ ਪਾਸੇ ਤਾਂ ਵੱਡੇ ਵੱਡੇ ਪੈਦਾ ਹੋ ਰਹੇ ਨੇ ਜਿਹੜੇ ਪੁੰਨੀ ਨੇ, ਇਕ ਪਾਸੇ ਓਨ੍ਹਾਂ ਹੀ ਪੁੰਨੀਆਂ ਨੂੰ ਕਾਲ ਚਬਾ ਰਿਹਾ ਹੈ। ਡਰ ਗਿਆ ਦੇਖ ਕੇ, ਬੇਨਤੀਆਂ ਕਰੀਆਂ ਕਿ ਤੁਸੀਂ ਆਪਣੇ ਰੂਪ ਵਿਚ ਆ ਜਾਓ ਤੇ ਮੈਂ 'ਵਿਰਾਟ ਰੂਪ' ਦੇ ਦਰਸ਼ਨ ਨਹੀਂ ਕਰਨਾ ਚਾਹੁੰਦਾ। ਅਖੀਰ ਜਦੋਂ ਉਹ ਆਪਣੇ ਰੂਪ 'ਚ ਆਏ ਤਾਂ ਕਹਿਣ ਲੱਗਿਆ ਕਿ ਮੈਂ ਤਾਂ ਡਰ ਗਿਆ।

ਕਹਿੰਦੇ, "ਅਰਜਨ! ਮੇਰਾ ਅਸਲੀ ਰੂਪ ਆਹੀ ਹੈ ਜਿਹੜਾ ਤੂੰ ਹੁਣੇ ਦੇਖਿਆ। ਮੈਂ ਹੀ ਹਾਂ ਇਥੇ, ਕੋਈ ਹੋਰ ਹੈ ਨਹੀਂ ਦੁਨੀਆਂ ਵਿਚ, ਮੈਂ ਹੀ ਅਨੇਕ ਰੂਪ ਧਾਰੇ ਹੋਏ ਨੇ, ਅਨੇਕਾਂ ਰੂਪਾਂ ਵਿਚ ਮੈਂ ਆਪ ਹੀ ਕੰਮ ਕਰਦਾ ਹਾਂ। ਇਨ੍ਹਾਂ ਦੇ ਉਤੇ ਦੀ ਹੋ ਕੇ ਤੂੰ ਮੇਰੀ ਜ਼ਾਤ ਨੂੰ ਪਛਾਣ ਤੇ ਉਸ ਦਾ ਭਜਨ ਕਰ।"

ਉਹ ਕੀ ਹੈ? ਉਹ ਦਇਆਲੂ ਹੈ, ਕਿਰਪਾਲੂ ਹੈ, ਸਾਡੇ ਨਾਲ ਜਿਸ ਦਾ ਸਬੰਧ ਹੈ, ਜੋ ਸਾਨੂੰ ਹੌਸਲਾ ਦਿੰਦਾ ਹੈ। ਦੂਜੇ ਪਾਸੇ ਧਿਆਨ ਨਾ ਦਿਓ ਕਿਉਂਕਿ ਅਸੀਂ ਤਕੜੇ ਨਹੀਂ ਹਾਂ, ਉਸ ਦੀ ਕਿਰਿਆ ਨੂੰ ਸਮਝ ਨਹੀਂ ਸਕਦੇ। ਸੋ ਏਸ ਤਰ੍ਹਾਂ ਦੇ ਨਾਲ ਭਰੋਸੇ 'ਚ ਰਹਿੰਦੇ ਹੋਏ ਕੁਝ ਕਰਕੇ ਜਾਇਆ ਕਰੋ ਇਥੋਂ, ਕਿ ਜੇ ਅੱਧਾ ਘੰਟਾ ਨਾਮ ਜਪਦੇ ਹਾਂ ਤਾਂ ਅੱਜ ਤੋਂ ਪੰਜ ਮਿੰਟ ਹੋਰ ਵਧਾ ਲੈਣੇ ਨੇ। ਪੰਜ ਮਿੰਟ ਮੈਂ ਅਗਲੇ ਸਤਿਸੰਗ ਤੇ ਵਧਾ ਲੈਣੇ ਨੇ। ਪਹਿਲਾਂ ਸੰਗਤ ਬਹੁਤ ਨਾਮ ਜਪਦੀ ਸੀ। ਜਦੋਂ ਮੈਂ ਯੂ.ਪੀ. ਤੋਂ ਆਇਆ ਹੀ ਸੀ, ਉਦੋਂ ਸੰਗਤ ਬਹੁਤ ਨਾਮ ਜਪਦੀ ਸੀ, ਕਰੋੜ ਕਰੋੜ ਪਾਠ ਕਰ ਦਿੰਦੇ ਸਨ। ਜਦੋਂ ਮੈਂ ਕਹਿਣਾ ਕਿ ਕਰੋੜ ਪਾਠ ਕਰਨਾ ਹੈ, ਯੂ.ਪੀ. ਵਿਚ ਮੈਂ ਕਿਹਾ ਕਿ ਕਰੋੜ ਪਾਠ ਕਰਨਾ ਹੈ, ਵਾਰੀ ਹੀ ਨਾ ਆਈ, ਉਠ ਉਠ ਖੜ੍ਹੇ ਹੋ ਗਏ ਕਿ ਬਾਰਾਂ ਲੱਖ ਸਾਡੇ ਡੇਰੇ ਨੂੰ, ਦਸ ਲੱਖ ਸਾਨੂੰ, ਉਹ ਛੇਤੀ ਦੇ ਕੇ ਮੁੱਕ ਗਏ। ਮੈਂ ਕਿਹਾ ਇਹ ਤਾਂ ਮੁੱਕ ਵੀ ਗਏ। ਜਿੰਨਾ ਚਿਰ ਸੰਗਤ ਵਿਚ ਇਉਂ ਦ੍ਰਿੜ੍ਹਤਾ ਨਹੀਂ ਆਉਂਦੀ, ਓਨਾਂ ਚਿਰ ਪ੍ਰੇਮ ਪੈਦਾ ਨਹੀਂ ਹੁੰਦਾ। ਪ੍ਰੇਮ ਤਾਂ ਹੀ ਪੈਦਾ ਹੋਏਗਾ ਜੇ ਵਾਹਿਗੁਰੂ ਨਾਲ ਸਾਡਾ ਮਨ ਜੁੜੇ।

ਸੋ ਏਸ ਤਰ੍ਹਾਂ ਸਿਧੀਆਂ ਸਿਧੀਆਂ ਜਿਹੀਆਂ ਮੈਂ ਗੱਲਾਂ ਕਰੀਆਂ ਨੇ, ਇਨ੍ਹਾਂ ਦੇ ਉਤੇ ਮੈਂ ਵੀ ਧਿਆਨ ਦੇਵਾਂ, ਤੁਸੀਂ ਵੀ ਧਿਆਨ ਦਿਓ ਕਿਉਂਕਿ ਸਰੀਰ ਜਿਸ ਦਿਨ ਦਾ ਬਿਆਧੀ 'ਚ ਪਿਆ ਹੈ, ਪਤਾ ਨਹੀਂ ਕਿਉਂ ਪਿਆ, ਵਾਹਿਗੁਰੂ ਜਾਣੇ, ਇਹ ਉਸ ਦੀ ਮਰਜ਼ੀ ਹੈ। ਮੈਨੂੰ ਤਾਂ ਇਉਂ ਲਗਦਾ ਹੈ ਕਿ ਬਹਾਨਾ ਸੀ ਇਹ ਮੈਨੂੰ ਵਿਦੇਸ਼ ਲਿਜਾਣ ਦਾ, ਦੋ ਵਾਰੀ ਮੈਂ ਜਾ ਆਇਆ, ਨਹੀਂ ਤਾਂ ਉਹ ਰਹਿ ਗਏ ਸੀ ਸਾਰੇ। ਉਸ ਦੇ ਵਾਸਤੇ ਬਹਾਨਾ ਆਹੀ ਸਭ ਤੋਂ ਸ੍ਰੇਸ਼ਟ ਸੀ ਜਿਹੜਾ ਮੈਨੂੰ ਹੋਇਆ ਕਿ ਮੈਂ ਇਲਾਜ ਕਰਵਾਉਣ ਜਾਣਾ ਹੈ। ਇਲਾਜ ਕਿਹੜਾ ਮੈਂ ਕਰਾਉਂਦਾ ਸੀ ਉਥੇ ਟਿਕ ਕੇ, ਤੁਰਿਆ ਹੀ ਫਿਰਦਾ ਸੀ - ਅੱਜ ਫਲਾਣੇ ਥਾਂ, ਅੱਜ ਫਲਾਣੇ ਥਾਂ। ਇਕ ਦਿਨ ਡਾਕਟਰ ਨੇ ਦਿੱਤਾ ਹੁੰਦਾ, ਮੈਂ ਜਾ ਆਉਂਦਾ ਸੀ ਨੱਠ ਭਜ ਕੇ। ਹੁਣ ਹੁਕਮ ਹੋ ਗਿਆ ਕਿ ਇਥੇ ਟਿਕ ਕੇ ਬੈਠ, ਟਿਕ ਕੇ ਮੈਂ ਇਲਾਜ ਸ਼ੁਰੂ ਕਰ ਲਿਆ। ਹੁਣ ਡਾਕਟਰ ਬੜੇ ਆਸਵੰਦ ਨੇ, ਤੁਹਾਨੂੰ ਵੀ ਦਿਸਦਾ ਹੈ, ਸਮਾਗਮ ਵਿਚ ਬਿਲਕੁਲ ਸਫੇਦ ਰੰਗ ਹੋ ਗਿਆ ਸੀ ਮੇਰਾ, ਐਨਾ ਬੋਲ ਨਹੀਂ ਸੀ ਸਕਦਾ, ਤੁਰ ਨਹੀਂ ਸੀ ਸਕਦਾ, ਮੰਜੇ ਤੇ, ਕੁਰਸੀ ਤੇ ਬੈਠ ਨਹੀਂ ਸੀ ਸਕਦਾ, ਦਮ ਚੜ੍ਹ ਜਾਂਦਾ ਸੀ ਪਰ ਫੇਰ ਵੀ ਤੁਰਿਆ ਹੀ ਜਾਂਦਾ ਰਿਹਾ। ਹੁਣ ਉਹ 'ਰੇਡੀਓ ਥਰੈਪੀ' ਵਿਚ ਨੌਂ ਵਾਰ ਇਲਾਜ ਕਰ ਚੁਕੇ ਨੇ, ਮੈਨੂੰ ਸਾਹ ਵੀ ਠੀਕ ਆਉਣ ਲੱਗ ਗਿਆ। ਪਹਿਲਾਂ ਮੇਰੇ ਸਾਹਾਂ ਦੀ ਗਿਣਤੀ ਸੀ ਸੱਤਰ ਇਕ ਮਿੰਟ ਵਿਚ, ਹੁਣ ਮੈਨੂੰ ਛੱਬੀ ਆ ਰਹੇ ਨੇ। ਇਹ ਜਿਸ ਵਕਤ ਬਾਰਾਂ ਤੇ ਆ ਗਿਆ, ਉਦੋਂ ਫੇਰ ਮੈਂ ਸਾਹ ਦੇ ਹਿਸਾਬ ਨਾਲ ਠੀਕ ਹੋ ਜਾਣਾ ਹੈ। ਹਰ ਰੋਜ਼ ਠੀਕ ਹੁੰਦਾ ਤੁਰਿਆ ਜਾ ਰਿਹਾ ਹਾਂ। ਜਿਹੜਾ ਅੰਦਰ ਪਾਣੀ ਭਰਿਆ ਹੋਇਆ ਸੀ, ਉਸ ਦੇ ਨਾਲ ਪੰਜ ਕਿਲੋ ਵਜ਼ਨ ਵਧ ਗਿਆ। ਮੈਂ ਇਨ੍ਹਾਂ ਨੂੰ ਕਹਾਂ ਕਿ ਮੈਂ ਖਾਧਾ ਤਾਂ ਕੁਝ ਹੈ ਨਹੀਂ, ਮੇਰਾ ਪੰਜ ਕਿਲੋ ਵਜਨ ਕਿਥੋਂ ਵਧ ਗਿਆ? ਸਾਰੇ ਪਾਣੀ ਪੈ ਗਿਆ - ਲੱਤਾਂ ਤੇ ਹਰੇਕ ਥਾਂ ਤੇ। ਰੇਡੀਓ ਥਰੈਪੀ ਵਾਲਿਆਂ ਨੇ ਸੁਕਾਅ ਦਿੱਤਾ, ਮੈਨੂੰ ਤਕਲੀਫ ਨਹੀਂ ਦਿੱਤੀ ਕੋਈ ਉਨ੍ਹਾਂ ਨੇ। ਬਹੁਤ ਪਿਆਰ ਪ੍ਰੇਮ ਨਾਲ ਇਲਾਜ ਕਰ ਰਹੇ ਨੇ। ਡਾਕਟਰ ਵੱਡਾ ਕੋਲ ਖੜ੍ਹਾ ਹੁੰਦਾ ਹੈ - ਨਬਜ਼ ਫੜ ਕੇ, ਨਾਲ ਦੀ ਨਾਲ ਨਿਗਰਾਨੀ ਕਰਦਾ ਹੈ ਕਿ ਏਧਰ ਨੂੰ ਨਾ ਆ ਜਾਵੇ ਕਿਰਨ, ਇਥੇ ਹੀ ਰਹੇ। ਉਹ ਸੇਵਾ ਕਰਦੇ ਰਹੇ, ਉਨ੍ਹਾਂ ਦੇ ਭਾਗਾਂ 'ਚ ਸੇਵਾ ਸੀ ਤੇ ਅੱਗੇ ਨਾਲੋਂ ਮੈਂ ਠੀਕ ਹੋ ਰਿਹਾ ਹਾਂ, ਇਸ ਦੇ ਵਿਚ ਤੁਹਾਡੀਆਂ ਵੀ ਅਰਦਾਸਾਂ ਨੇ। ਪਤਾ ਨਹੀਂ ਮਹਾਰਾਜ ਕਿੰਨੀ ਕੁ ਮੁਹਲਤ ਹੋਰ ਦੇ ਦੇਵੇ। ਬਕਾਇਆ ਕੰਮ ਤਾਂ ਮੈਂ ਇਨ੍ਹਾਂ ਨੂੰ ਹੁਣ ਸੰਭਾਲੀ ਜਾਂਦਾ ਹਾਂ ਕਿ ਹੁਣ ਆਪਣੇ ਕੰਮ ਆਪ ਕਰੋ। ਮੈਨੂੰ ਸਮਾਂ ਦਿਓ ਕਿ ਅਸੀਂ ਆਪਣੇ ਸਵੈ-ਅਧਿਐਨ 'ਚ ਬੈਠੀਏ। ਦੇਖਦਾ ਮੈਂ ਹਾਂ ਓਪਰੀ ਨਿਗ੍ਹਾ ਨਾਲ, ਦੱਸ ਵੀ ਮੈਂ ਦਿੰਦਾ ਹਾਂ ਕਿ ਇਉਂ ਕਰ ਲਓ। ਸੋ ਕੰਮ ਤਾਂ ਚੱਲੀ ਜਾਣਾ ਹੈ ਜਿਹੜਾ ਚਲਦਾ ਹੈ, ਸਮਝਦਾਰ ਬੰਦੇ ਨੇ ਇਹ, ਇਨ੍ਹਾਂ ਨੇ ਮੇਰੇ ਨਾਲ ਜਿੰਦਗੀ ਲੰਘਾਈ ਹੋਈ ਹੈ, ਜਦੋਂ ਤੋਂ ਮੈਂ ਏਸ ਰਸਤੇ ਪਿਆ ਹਾਂ - ਉਨੀ ਸੌ ਸੱਤਰ ਤੋਂ ਮੇਰੇ ਨਾਲ ਹੈ ਭਾਈ ਲਖਬੀਰ ਸਿੰਘ, ਬੱਤੀ ਸਾਲ ਦੀ ਸੇਵਾ ਹੈ, ਬੱਤੀ ਸਾਲਾਂ ਵਿਚ ਤਾਂ ਕਿਤੇ ਦਾ ਕਿਤੇ ਜਾਂਦਾ ਹੈ ਬੰਦਾ। ਆਹ! ਭਾਈ ਕੁਲਬੀਰ ਸਿੰਘ ਹੈ ਬਾਈ ਸਾਲ ਦੀ ਸੇਵਾ ਹੈ ਇਸ ਦੀ ਨਿਰੰਤਰ ਬਿਨਾ ਨਾਗਾ। ਕਰਨੈਲ ਸਿੰਘ ਘਰ ਗਿਆ ਹੀ ਨਹੀਂ ਕਦੇ, ਭੱਠੇ ਵਾਲਾ ਸਾਡਾ ਕਦੇ ਗਿਆ ਹੀ ਨਹੀਂ, ਇਸ ਦੇ ਵਿਚ ਹੀ ਹੋਰ ਲੱਗੇ ਹੋਏ ਨੇ ਸਾਰੇ। ਗੁਰਦੀਪ ਸਿੰਘ ਜਦੋਂ ਦਾ ਆ ਗਿਆ, ਮੁੜ ਕੇ ਕਦੇ ਗਿਆ ਹੀ ਨਹੀਂ। ਇਨ੍ਹਾਂ ਮੇਰਾ ਸਾਥ ਦਿੱਤਾ ਹੈ। ਸਾਥ ਦਿੱਤਾ ਹੈ ਭਾਈ! ਇਹ ਸਾਰੀ ਚੀਜ਼ ਤੁਹਾਡੀ ਹੈ, ਤੁਹਾਡੇ ਹਵਾਲੇ ਹੈ। ਮੇਰੇ ਹੁੰਦੇ ਹੁੰਦੇ ਸਾਂਭਣੀ ਸ਼ੁਰੂ ਕਰੋ। ਪ੍ਰਚਾਰ 'ਚ ਕੋਈ ਕਸਰ ਨਹੀਂ ਹੈ, ਬਹੁਤ ਸੋਹਣਾ ਪ੍ਰਚਾਰ ਹੈ, ਮੈਂ ਦੂਰ ਬੈਠ ਕੇ (ਭਾਈ ਲਖਬੀਰ ਸਿੰਘ ਦਾ ਦੀਵਾਨ) ਸੁਣਦਾ ਰਹਿੰਦਾ ਹਾਂ। ਉਂਝ ਨਹੀਂ ਸੁਣਦਾ, critically (ਅਲੋਚਨਾਤਮਕ ਢੰਗ ਨਾਲ) ਸੁਣਦਾ ਹਾਂ ਕਿ ਕਿਥੇ ਗਲਤੀ ਕਰੀ ਹੈ ਇਸ ਨੇ, ਦੂਜੇ ਸਿੰਘ ਵੀ (ਸੇਵਾ) ਕਰ ਰਹੇ ਨੇ ਸਾਰੇ। ਵਿਚ ਪੜ੍ਹਾਈ ਲਿਖਾਈ ਵੀ ਸ਼ੁਰੂ ਹੋ ਗਈ ਜਿਹੜਾ ਅਸਲੀ ਕੰਮ ਸੀ। ਸੋ ਬਾਕੀ ਮਹਾਰਾਜ ਜੀ ਜਿਹੜਾ ਮੈਥੋਂ guidance (ਰਹਿ-ਨੁਮਾਈ) ਦਾ ਕੰਮ ਲੈਂਦੇ ਨੇ, ਮੈਂ ਉਹ ਕਰੀ ਜਾਂਦਾ ਹਾਂ। ਜਿੰਨਾ ਚਿਰ ਉਨ੍ਹਾਂ ਨੇ ਕਰਾਉਣਾ ਹੈ ਇਹ ਕੰਮ ਕਰਾਈ ਜਾਣਾ ਹੈ। ਜਿੰਨਾ ਚਿਰ ਮੈਂ ਇਹੋ ਜਿਹਾ ਬੋਲਣਾ ਹੈ, ਉਹ ਮੈਂ ਬੋਲਦੇ ਹੀ ਰਹਿਣਾ ਹੈ, ਆਪਣੀ ਸਾਂਝ ਬਣੀ ਰਹਿਣੀ ਹੈ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਅਨੰਦ ਮਈ ਜੀਵਨ ਜਾਚ

**The Art of Joyful Living**

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

**ਨੋਟ** - ਡਾਕਟਰ ਸਵਾਮੀ ਰਾਮ ਜੀ ਦੀ ਸੁਪ੍ਰਸਿੱਧ ਪੁਸਤਕ 'The Art of Joyful Living' ਨੂੰ ਅਸੀਂ ਲੜੀਵਾਰ ਆਤਮ ਮਾਰਗ ਦੇ ਅੰਗ੍ਰੇਜ਼ੀ ਸੈਕਸ਼ਨ ਵਿਚ ਛਾਪਦੇ ਰਹੇ ਹਾਂ। ਇਨ੍ਹਾਂ ਲੇਖਾਂ ਨੂੰ ਬਹੁਤ ਸਲਾਹਿਆ ਗਿਆ ਹੈ। ਪਰ ਅੰਗਰੇਜ਼ੀ ਸੈਕਸ਼ਨ ਵਾਲਾ ਆਤਮ ਮਾਰਗ ਵਧੇਰੇ ਕਰਕੇ ਬਾਹਰ ਪ੍ਰਦੇਸਾਂ ਵਿਚ ਰਹਿੰਦੇ ਮੈਂਬਰਾਂ ਨੂੰ ਹੀ ਜਾਂਦਾ ਹੈ, ਇਸ ਲਈ ਪੰਜਾਬੀ ਅਤੇ ਹਿੰਦੀ ਵਿਚ ਛਪਦੇ 'ਆਤਮ ਮਾਰਗ' ਦੇ ਪਾਠਕ ਡਾ. ਸਵਾਮੀ ਰਾਮ ਜੀ ਦੇ ਵਿਚਾਰਾਂ ਤੋਂ ਲਾਹਾ ਨਹੀਂ ਲੈ ਸਕੇ। ਇਸ ਲਈ ਅਸੀਂ ਡਾ. ਸਵਾਮੀ ਰਾਮ ਦੀ ਇਸ ਪੁਸਤਕ ਦਾ ਪੰਜਾਬੀ ਵਿਚ ਅਨੁਵਾਦ ਕਰਕੇ 'ਅਨੰਦਮਈ ਜੀਵਨ ਜਾਚ' ਸਿਰਲੇਖ ਹੇਠ ਲੜੀਵਾਰ ਲੇਖਾਂ ਰਾਹੀਂ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਆਪ ਜੀ ਨੂੰ ਇਹ ਲੇਖ ਬਹੁਤ ਹੀ ਚੰਗੇ ਲਗਣਗੇ ਕਿਉਂਕਿ ਇਨ੍ਹਾਂ ਦਾ ਅਮਲੀ ਜੀਵਨ ਨਾਲ ਨਿਕਟ ਸਬੰਧ ਹੈ। ਇਹ ਲਿਖਤ ਕੇਵਲ ਭਗਤੀ ਮਾਰਗ ਦਾ ਰਾਹ ਹੀ ਨਹੀਂ ਦਸਦੀ ਸਗੋਂ ਸੋਹਣੀ, ਸੁਚੱਜੀ, ਸੁਥਰੀ ਅਨੰਦਮਈ ਸੰਸਾਰਕ ਯਾਤਰਾ ਦਾ ਰਾਹ ਵੀ ਪੱਧਰਾ ਕਰਦੀ ਹੈ। ਸਾਡੇ ਪਰਿਵਾਰਕ ਝਗੜੇ ਕਿਉਂ ਹੁੰਦੇ ਹਨ? ਅਸੀਂ ਦੂਜਿਆਂ ਤੋਂ ਕਿਵੇਂ ਆਸ਼ਾਵਾਂ ਰਖਦੇ ਹਾਂ? ਸਾਨੂੰ ਆਪਣਾ ਆਪਾ, ਆਪਣੀਆਂ ਭਾਵਨਾਵਾਂ, ਆਸ਼ਾਵਾਂ ਨੂੰ ਕਿਵੇਂ ਨਿਅੰਤਰਣ ਵਿਚ ਰਖਣਾ ਹੈ? ਜੀਵਨ ਦਾ ਸੰਤੁਲਨ ਕਿਵੇਂ ਕਾਇਮ ਰਖਣਾ ਹੈ? ਅਸਲ ਅਨੰਦ ਕੀ ਹੈ? ਅਤੇ ਇਹ ਕਿਥੋਂ ਤੇ ਕਿਵੇਂ ਪ੍ਰਾਪਤ ਹੋਣਾ ਹੈ? ਐਸੀ ਅਨੰਦਮਈ ਜੀਵਨ ਜਾਚ ਇਸ ਪੁਸਤਕ ਦਾ ਵਿਸ਼ਾ ਹੈ ਜਿਸ ਨੂੰ ਪਾਠਕ ਬੜੀ ਦਿਸਚਸਪੀ ਨਾਲ ਪੜ੍ਹਦਾ ਹੈ। ਇਸ ਦਾ ਸਬੰਧ ਸਾਡੇ ਸਭਨਾਂ ਦੇ ਨਿਕਟ ਜੀਵਨ ਨਾਲ ਹੈ। ਸਮੱਸਿਆਵਾਂ ਨੂੰ ਮਨੋਵਿਗਿਆਨਕ ਢੰਗ ਨਾਲ ਅਤੇ ਪ੍ਰਮਾਣਾਂ ਰਾਹੀਂ ਸੁਲਝਾਇਆ ਹੈ, ਇਹੋ ਇਸ ਪੁਸਤਕ ਦੀ ਸਫਲਤਾ ਦਾ ਵੱਡਾ ਰਾਜ਼ ਹੈ। ਪਾਠਕ ਇਸ ਲੜੀ ਨੂੰ ਅਵੱਸ਼ ਮਾਣਨਗੇ, ਮੇਰਾ ਇਹ ਨਿਜੀ ਵਿਸ਼ਵਾਸ਼ ਹੈ।

***ਜਗਜੀਤ ਸਿੰਘ***
***ਸੰਪਾਦਕ***

ਇਸ ਅਤਿ ਸੁੰਦਰ ਪੁਸਤਕ ਵਿਚ ਸਵਾਮੀ ਜੀ ਸਾਨੂੰ ਦਸਦੇ ਹਨ ਕਿ ਅਸੀਂ ਸੰਸਾਰਕ ਪ੍ਰਾਣੀ ਦੋ ਤਰ੍ਹਾਂ ਦਾ ਜੀਵਨ ਜੀਉਂਦੇ ਹਾਂ। ਦੋ ਵੱਖ ਵੱਖ ਜੀਵਨ ਹਨ ਸਾਡੇ। ਇਕ ਉਹ ਸੰਸਾਰ ਹੈ ਜਿਹੜਾ ਸਾਡੇ ਰਿਸ਼ਤਿਆਂ ਦਾ, ਸਬੰਧੀਆਂ ਦਾ ਸੰਸਾਰ ਹੈ, ਸਾਡੇ ਕੰਮ ਕਾਜਾਂ ਦਾ ਸੰਸਾਰ ਹੈ, ਸਾਡੇ ਪਰਿਵਾਰ ਦਾ ਸੰਸਾਰ ਹੈ, ਸਾਡੇ ਭਾਈਚਾਰੇ ਦਾ ਸੰਸਾਰ ਹੈ। ਦੂਸਰਾ ਸੰਸਾਰ ਸਾਡਾ ਆਪਣਾ, ਸਾਡੇ ਅੰਦਰ ਦਾ, ਸਾਡੀ ਆਤਮਾ ਦਾ ਸੰਸਾਰ ਹੈ। ਮਨੁੱਖ ਦੀ ਸਭ ਤੋਂ ਮਹੱਤਵਪੂਰਨ ਪ੍ਰਾਪਤੀ ਦੋਨੋਂ ਸੰਸਾਰਾਂ ਵਿਚ ਸੁਚੱਜੀ ਤਰ੍ਹਾਂ ਰਹਿਣਾ ਤੇ ਦੋਨਾਂ ਵਿਚ ਸੰਤੁਲਨ ਤੇ ਨਿਯੰਤਰਣ ਰਖਣਾ ਹੈ।

ਸਾਡਾ ਬਹੁਤ ਸਾਰਾ ਜੀਵਨ ਇਹ ਜਾਂਚ ਸਿੱਖਣ ਵਿਚ ਲਗ ਜਾਂਦਾ ਹੈ ਕਿ ਬਾਹਰੀ ਜੀਵਨ ਨੂੰ ਕਿਵੇਂ ਸਫਲ ਬਣਾਇਆ ਜਾਵੇ, ਕਿਵੇਂ ਉਸ ਵਿਚ ਚੰਗੇ ਹੋ ਕੇ ਨਿਤਰੀਏ, ਦੂਸਰਿਆਂ ਨਾਲ ਕਿਵੇਂ ਚੰਗੇ ਤੇ ਸਫਲ ਰਿਸ਼ਤੇ ਰੱਖੀਏ, ਕਿਵੇਂ ਦੂਸਰਿਆਂ ਨਾਲ ਚੰਗੀ ਬੋਲਚਾਲ, ਚੰਗੇ ਹਾਵ ਭਾਵ ਮਿਲਵਰਤਣ ਰੱਖੀਏ, ਬਹੁਤ ਸਾਰਾ ਸਮਾਂ ਇਸੇ ਵਿਚ ਲਗ ਜਾਂਦਾ ਹੈ। ਸਾਨੂੰ ਬਚਪਨ ਵਿਚ ਇਹ ਬਹੁਤ ਹੀ ਘੱਟ ਸਿਖਾਇਆ ਜਾਂਦਾ ਹੈ ਕਿ ਆਪਣੇ ਅੰਦਰ ਕਿਵੇਂ ਜਾਈਏ, ਆਪਣੇ ਅੰਦਰ ਦੇ ਸੰਸਾਰ ਨੂੰ ਕਿਵੇਂ ਟੋਲੀਏ ਤੇ ਅੱਗੇ ਵਧੀਏ। ਇਹ ਹੀ ਕਾਰਣ ਹੈ ਕਿ ਸਾਡੇ ਜੀਵਨ ਵਿਚ ਸੰਤੁਲਨ ਹੁੰਦਾ ਹੀ ਨਹੀਂ, ਕੋਈ ਖਾਸ ਦਿਸ਼ਾ ਨਹੀਂ, ਕੋਈ ਉਦੇਸ਼ ਨਹੀਂ।

ਇਸ ਅੰਦਰ ਦੇ ਸੰਸਾਰ ਦੀ ਮਹੱਤਤਾ ਨੂੰ ਜਾਣਦੇ ਹੋਏ, ਕਿ ਕਿਸੇ ਵੀ ਸੰਵੇਦਨਸ਼ੀਲ ਮਨੁੱਖ ਨੂੰ ਆਪਣੇ ਅੰਦਰ ਜਾਣ ਦੀ ਝਾਤੀ ਪਾਉਣ ਦੀ ਇੱਛਾ ਹੋ ਸਕਦੀ ਹੈ, ਅੰਦਰ ਤਕ ਪਹੁੰਚਣ ਦੀ ਚੇਸ਼ਟਾ ਹੋ ਸਕਦੀ ਹੈ। ਇਸੇ ਕਰਕੇ ਮੈਡੀਟੇਸ਼ਨ ਸਾਰੇ ਸੰਸਾਰ ਵਿਚ ਸਿਖਾਈ ਜਾਂਦੀ ਹੈ, ਵੱਖ ਵੱਖ ਦੇਸ਼ਾਂ ਵਿਚ ਵੱਖ ਵੱਖ ਸਭਿਆਚਾਰਾਂ ਵਿਚ ਸਿਖਾਈ ਜਾਂਦੀ ਹੈ।

ਸਵਾਮੀ ਰਾਮ ਜੀ ਨੇ ਜੋ ਦੱਸਿਆ ਹੈ ਉਸ ਅਨੁਸਾਰ ਇਹ ਵਧੇਰੇ ਜ਼ਰੂਰੀ ਹੈ ਕਿ ਮੈਡੀਟੇਸ਼ਨ ਲਈ ਕਿਵੇਂ ਤਿਆਰੀ ਕੀਤੀ ਜਾਵੇ। ਮੈਡੀਟੇਸ਼ਨ ਵਿਚ ਬੈਠ ਕੇ ਕਿੰਨਾ ਸਮਾਂ ਲਗਾਇਆ ਜਾਂਦਾ ਹੈ, ਉਹ ਐਨਾ ਜ਼ਰੂਰੀ ਨਹੀਂ; ਸਭ ਤੋਂ ਪਹਿਲਾਂ ਅਸੀਂ ਇਹ ਦੇਖਦੇ ਹਾਂ ਕਿ ਸਰੀਰ ਨੂੰ ਬੈਠਣ ਲਈ ਕਿਵੇਂ ਤਿਆਰ ਕੀਤਾ ਜਾਵੇ ਤਾਂ ਜੋ ਅਸੀਂ ਆਰਾਮ ਨਾਲ ਬੈਠ ਸਕੀਏ। ਅਸੀਂ ਬਹੁਤ ਛੇਤੀ ਇਹ ਮਹਿਸੂਸ ਕਰ ਸਕਦੇ ਹਾਂ ਕਿ ਵੱਖ ਵੱਖ ਕਸਰਤਾਂ ਦਾ ਸਰੀਰ ਤੇ ਵੱਖ ਵੱਖ ਪ੍ਰਭਾਵ ਪੈਂਦਾ ਹੈ, ਯੋਗ ਦੇ ਆਸਨ, ਐਰੋਬਿਕ (aerobic) ਕਸਰਤਾਂ, ਆਰਾਮ ਕਰਨਾ, ਸਰੀਰ ਨੂੰ ਨਿਸਲ ਕਰਨਾ, ਪ੍ਰਾਣਾਯਾਮ ਕਰਨਾ, ਇਨ੍ਹਾਂ ਸਭ ਕੁਝ ਦਾ ਸਰੀਰ ਨੂੰ ਸਥਿਰ ਰੱਖਣ ਵਿਚ ਆਪਣਾ ਯੋਗਦਾਨ ਹੈ। ਜਿਵੇਂ ਜਿਵੇਂ ਅਸੀਂ ਕਸਰਤ ਕਰਦੇ ਹਾਂ ਸਾਨੂੰ ਪਤਾ ਲਗਦਾ ਹੈ ਅਸੀਂ ਆਪਣਾ ਖਾਣਾ ਪੀਣਾ, ਸੌਣਾ ਤੇ ਹੋਰ ਇੰਦ੍ਰੀਆਂ ਨੂੰ ਕਿਵੇਂ ਨਿਯੰਤਰਣ ਵਿਚ ਲਿਆਉਂਦੇ ਹਾਂ।

ਅਗਲੀ ਗੱਲ ਜਿਹੜੀ ਅਸੀਂ ਦੇਖਦੇ ਹਾਂ, ਉਹ ਹੈ ਮੈਡੀਟੇਸ਼ਨ ਵਿਚ ਬੈਠਣ ਦੀ ਤਿਆਰੀ, ਮਨ ਨੂੰ ਕਾਬੂ ਕਰਨਾ, ਆਪਣੀਆਂ ਭਾਵਨਾਵਾਂ ਨੂੰ ਕਾਬੂ ਕਰਨਾ, ਆਪਣੇ ਵਿਅਕਤੀਤ੍ਵ ਨੂੰ ਸੰਤੁਲਨ ਵਿਚ ਰੱਖਣਾ, ਆਪਣੇ ਸਬੰਧਾਂ ਨੂੰ ਠੀਕ ਰੱਖਣਾ ਤਾਂ ਜੋ ਇਹ ਅੰਦਰ ਦੇ ਸੰਸਾਰ ਤੇ ਅਸ਼ਾਂਤੀ ਦਾ ਪ੍ਰਭਾਵ ਨਾ ਪਾ ਸਕਣ। ਸਾਡੀ ਮਨੋਦਸ਼ਾ, ਨਖੇਧੀ ਦੇ ਦ੍ਵੰਦ, ਮਨੋਵੇਗ, ਮਾਨਸਿਕ ਅਸ਼ਾਤੀ, ਇਹ ਸਾਡੀ ਮੈਡੀਟੇਸ਼ਨ ਵਿਚ ਬਾਧਾ ਬਣਦੀਆਂ ਹਨ, ਮਾਨਸਿਕ ਦ੍ਵੰਦ, ਮਾਨਸਿਕ ਅਸ਼ਾਂਤੀ, ਭਾਵਕ ਅਸ਼ਾਂਤੀ, ਬਹੁਤ ਵਾਰੀ ਸਰੀਰ ਵਿਚ ਵੀ ਵਿਕਾਰ ਪੈਦਾ ਕਰ ਦਿੰਦੇ ਹਨ ਜਿਹੜੇ ਠੀਕ ਕਰਨੇ ਔਖੇ ਹੋ ਜਾਂਦੇ ਹਨ ਜਿਵੇਂ ਕਿ ਖਾਣਾ ਪੀਣਾ, ਸੌਣਾ ਇਨ੍ਹਾਂ ਦਾ ਡੂੰਘਾ ਪ੍ਰਭਾਵ ਸਾਡੇ ਸਰੀਰ ਤੇ ਪੈਂਦਾ ਹੈ ਤੇ ਮੈਡੀਟੇਸ਼ਨ ਵਿਚ ਸਹਾਇਕ ਜਾਂ ਬਾਧਿਕ ਸਿੱਧ ਹੁੰਦਾ ਹੈ।

ਇਕ ਥਾਂ ਪਹੁੰਚ ਕੇ ਸਾਨੂੰ ਪਤਾ ਲਗਦਾ ਹੈ, ਮਨ ਨੂੰ ਚੁੱਪ ਕਰਾਉਣਾ ਕਿੰਨਾ ਔਖਾ ਹੈ, ਆਪਣੇ ਆਪ ਨੂੰ ਚੁੱਪ ਕਰਾਉਣਾ, ਕਿੰਨਾ ਔਖਾ ਹੈ। ਇਹ ਹੀ ਸਭ ਤੋਂ ਮਹੱਤਵਪੂਰਨ ਹੈ। ਜਿਵੇਂ ਜਿਵੇਂ ਅਸੀਂ ਆਪਣੇ ਕੰਮ ਨੂੰ ਠੀਕ ਠਾਕ ਕਰਦੇ ਹਾਂ, ਆਪਣੇ ਸਬੰਧ ਠੀਕ ਕਰਦੇ ਹਾਂ, ਆਪਣੇ ਮਾਨਸਿਕ ਤਰੀਕਿਆਂ ਨੂੰ ਢੰਗਾਂ ਨੂੰ ਪੱਧਰਾ ਕਰਦੇ ਹਾਂ ਫੇਰ ਅਸੀਂ ਮਹਿਸੂਸ ਕਰਦੇ ਹਾਂ ਕਿ ਕਿੰਨੀਆਂ ਘੱਟ ਸਮੱਸਿਆਵਾਂ ਹਨ, ਕਿੰਨੀ ਸ਼ਾਂਤੀ ਮਿਲਦੀ ਹੈ। ਬਾਹਰੀ ਜੀਵਨ ਭਾਵ ਸੰਸਾਰਕ ਜੀਵਨ ਦੀਆਂ ਸਮੱਸਿਆਵਾਂ ਨੂੰ ਠੀਕ ਕਰਕੇ ਮੈਡੀਟੇਸ਼ਨ ਵਿਚ ਬੈਠਣਾ ਸੌਖਾ ਹੋ ਜਾਂਦਾ ਹੈ, ਇਸ ਤਰ੍ਹਾਂ ਕਰਕੇ ਮਨ ਸਾਫ ਹੋ ਜਾਂਦਾ ਹੈ, ਵਧੇਰੇ ਸ਼ਕਤੀ ਮਿਲਦੀ ਹੈ, ਆਤਮ ਵਿਸ਼ਵਾਸ਼ ਵਧੇਰੇ ਆਉਂਦਾ ਹੈ ਅਤੇ ਬਾਹਰ ਦੀਆਂ ਸਮੱਸਿਆਵਾਂ ਨੂੰ ਵਧੇਰੇ ਚੰਗੀ ਤਰ੍ਹਾਂ ਸੁਲਝਾ ਸਕਦੇ ਹਾਂ।

ਇਸ ਪੁਸਤਕ ਵਿਚ ਸਵਾਮੀ ਜੀ ਸਾਨੂੰ ਮੈਡੀਟੇਸ਼ਨ ਦੀ ਖਾਸ ਤਕਨੀਕ ਦਸਦੇ ਹਨ। ਉਹ ਦਸਦੇ ਹਨ ਕਿ ਸਰੀਰ ਨੂੰ ਕਿਵੇਂ ਤਿਆਰ ਕਰਨਾ ਹੈ। ਪਹਿਲਾਂ ਸਰੀਰ ਨੂੰ ਨਿਸਲ ਕਰਨਾ ਭਾਵ ਢਿੱਲਾ ਛੱਡਣਾ, ਸ੍ਵਾਸ ਨੂੰ ਕਾਬੂ ਕਰਨਾ, ਆਪਣੇ ਆਹਾਰ ਨੂੰ ਜਾਨਣਾ ਆਦਿ ਕਿਉਂਕਿ ਇਹ ਕਿਹਾ ਜਾਂਦਾ ਹੈ, 'ਜੇਹਾ ਅੰਨ ਤੇਹਾ ਮੰਨ।' ਹੋਰ ਬਹੁਤ ਕੁਝ ਪੁਸਤਕ ਵਿਚ ਬੜੇ ਵਿਸਤਾਰ ਨਾਲ ਦੱਸਿਆ ਗਿਆ ਹੈ। ਇਸ ਪੁਸਤਕ ਨੂੰ ਲਿਖਣ ਤੋਂ ਭਾਵ ਹੈ ਕਿ ਸੱਚਾ ਸੁਹਿਰਦ ਪਾਠਕ ਉਤਸ਼ਾਹਿਤ ਹੋ ਕੇ ਮੈਡੀਟੇਸ਼ਨ ਨੂੰ ਸਮਝੇ ਅਤੇ ਹੋਰ ਡੂੰਘਾਈਆਂ ਤਕ ਜਾ ਕੇ ਆਪਣੇ ਅੰਤਰ ਦੀ ਯਾਤਰਾ ਕਰੇ ਤੇ ਆਪਣੇ ਆਪ ਨੂੰ ਜਾਣੇ।

ਸਾਡਾ ਜੀਵਨ ਉਦੇਸ਼ ਹੈ ਆਪਣੇ ਆਪ ਨੂੰ ਵਿਸਤਾਰਤ ਕਰਨਾ, ਸਾਰੇ ਪੱਧਰਾਂ ਤੇ ਆਪਣਾ ਪਸਾਰਾ ਕਰਨਾ, ਪ੍ਰੇਮ ਵਧਾਉਣਾ, ਉਤਸਾਹਤ ਹੋਣਾ, ਸਿਰਜਨਾਤਮਕ ਹੋਣਾ, ਬਾਹਰੀ ਸੰਸਾਰ ਵਿਚ ਯੋਗਦਾਨ ਪਾਉਣਾ ਤੇ ਅੰਤਰ ਜੀਵਨ ਨੂੰ ਵਿਕਸਿਤ ਕਰਨਾ। ਸਵਾਮੀ ਜੀ ਸਦਾ ਹੀ ਇਕੋ ਮਾਰਗ ਤੇ ਜ਼ੋਰ ਦਿੰਦੇ ਰਹੇ ਹਨ, ਉਹ ਹੈ - ਮੈਡੀਟੇਸ਼ਨ ਦਾ ਮਾਰਗ, ਅਧਿਆਤਮਵਾਦ ਸੰਸਾਰ ਤੋਂ ਪਰ੍ਹੇ ਹੋਣਾ ਨਹੀਂ ਹੈ, ਸੰਸਾਰ ਤੋਂ ਦੌੜਨਾ ਨਹੀਂ ਹੈ, ਡਰਨਾ ਨਹੀਂ ਹੈ, ਇਸ ਤੋਂ ਉਲਟ ਇਹ ਮਾਰਗ ਤਾਂ ਸੁਚੱਜੀ ਤਰ੍ਹਾਂ ਜੀਉਣਾ ਸਿਖਾਉਂਦਾ ਹੈ, ਜੀਵਨ ਜਾਂਚ ਦਸਦਾ ਹੈ। ਇਹ ਦਸਦਾ ਹੈ ਕਿ ਸੰਸਾਰ ਵਿਚ ਕਮਲ ਫੁੱਲ ਦੀ ਤਰ੍ਹਾਂ ਰਹੋ, ਭਾਵ ਰਹੋ ਭਾਵੇਂ ਸੰਸਾਰ ਵਿਚ ਪਰ ਭਿੱਜੋ ਨਹੀਂ। ਸੰਸਾਰ ਵਿਚ ਸਾਡੀ ਸਫਲਤਾ ਤੇ ਲਾਭ ਦੀ ਕਸਵੱਟੀ ਹੀ ਮੈਡੀਟੇਸ਼ਨ ਦੀ ਸਫਲਤਾ ਹੈ।

ਇਹ ਪੁਸਤਕ ਵਾਸਤਵ ਵਿਚ ਵੱਖ ਵੱਖ ਪ੍ਰਵਚਨ ਹੀ ਜਿਹੜੇ ਸਵਾਮੀ ਜੀ ਨੇ 1989 ਵਿਚ ਦਿਤੇ। ਸਰੋਤਿਆਂ ਦੀ ਮੰਗ ਨੇ ਇਸ ਨੂੰ ਪੁਸਤਕ ਰੂਪ ਦਿਵਾਇਆ। ਇਸ ਨੂੰ ਫੇਰ ਸਵਾਮੀ ਜੀ ਨੂੰ ਸੌਂਪਿਆ। ਜਿਥੇ ਲੋੜ ਪਈ ਉਥੇ ਹੋਰ ਕੁਝ ਵੀ ਜੋੜਿਆ, ਬਹੁਤ ਸਾਰੇ ਮੂਲ ਤੱਤਾਂ ਨੂੰ ਵਧੇਰੇ ਵਿਸਤਾਰ ਨਾਲ ਲਿਖਿਆ। ਅਸੀਂ ਅੱਜ ਇਸ ਗੱਲ ਵਿਚ ਖੁਸ਼ੀ ਮਹਿਸੂਸ ਕਰ ਰਹੇ ਹਾਂ ਕਿ ਸਵਾਮੀ ਜੀ ਦੇ ਪਾਠਕਾਂ ਨੂੰ ਇਹ ਪੁਸਤਕ ਇਨ੍ਹਾਂ ਲੇਖਾਂ ਰਾਹੀਂ ਉਪਲਬਧ ਹੋਵੇ ਤੇ ਉਹ ਇਸ ਤੋਂ ਲਾਭ ਉਠਾ ਸਕਣ।

***ਡਾ. ਬੀਬੀ ਤੇਜਿੰਦਰ ਮਲਹੋਤਰਾ***

## ਇਨਕਮ ਟੈਕਸ (I.T.) ਦੇ ਰਹੇ ਪ੍ਰੇਮੀਆਂ ਲਈ ਖੁਸ਼ਖਬਰੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੂੰ ਦਾਨ ਦੇਣ ਵਾਲੇ ਪ੍ਰੇਮੀ ਹੁਣ ਦਿਤੀ ਰਕਮ ਦੀ 50% ਰਾਸ਼ੀ ਤੇ ਇਨਕਮ ਟੈਕਸ ਛੋਟ ਲੈ ਸਕਦੇ ਹਨ। ਕਮਿਸ਼ਨਰ ਇਨਕਮ ਟੈਕਸ ਵਲੋਂ ਜਾਰੀ ਪੱਤਰ ਨੰ. CIT/CHD-II/80G/2001-2002/3050 ਮਿਤੀ 22.2.2002/ 6.3.2002 ਅਨੁਸਾਰ ਇਹ ਛੂਟ I.T. Act, 1961 (43 of 1961) ਦੀ ਧਾਰਾ 80G ਅਧੀਨ 1.4.2001 ਤੋਂ 31.3.2004 ਤੱਕ ਲਾਗੂ ਰਹੇਗੀ। ਛੂਟ ਲੈਣ ਲਈ ਇਨਕਮ ਟੈਕਸ ਰੀਟਰਨ ਭਰਨ ਸਮੇਂ ਮਿਸ਼ਨ ਵਲੋਂ ਪ੍ਰਾਪਤ ਰਸੀਦ ਨਾਲ ਲਾਵੋ ਜੀ।

# ਅਬਿਨਾਸ਼ੀ ਜੋਤ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-62)*

ਇਕ ਰਾਜਾ ਸੀ ਜਿਸ ਦਾ ਸ਼ਿਵੀ ਨਾਂ ਸੀ। ਇਸ ਦੇ ਯੱਗਾਂ ਦੀ ਮਹਿਮਾ ਬਹੁਤ ਵਧ ਗਈ। ਯੱਗ ਸਵਰਗ ਲੋਕਾਂ ਵਿਚ ਪਹੁੰਚਾਉਂਦੇ ਨੇ। ਇੰਦਰ ਦੇ ਮਨ ਵਿਚ ਫੇਰ ਈਰਖਾ ਹੋ ਗਈ। ਉਹ ਕਹਿੰਦਾ ਕਿ ਇਸ ਦਾ ਸਤਿ ਤੋੜਨਾ ਚਾਹੀਦਾ ਹੈ ਕਿਉਂਕਿ ਇਸ ਦੀ ਮਹਿਮਾ ਬਹੁਤ ਵਧ ਰਹੀ ਹੈ। ਉਸ ਵੇਲੇ ਅਗਨ ਦੇਵਤਾ ਤੇ ਧਰਮਰਾਜ ਨੂੰ ਕਿਹਾ ਕਿ ਤੁਸੀਂ ਜਾ ਕੇ ਇਸ ਨੂੰ ਸਤਿ ਤੋਂ ਗਿਰਾਓ। ਉਸ ਵੇਲੇ ਅਗਨ ਦੇਵਤਾ ਬਾਜ ਬਣ ਗਿਆ ਤੇ ਧਰਮ ਰਾਜ ਕਬੂਤਰ ਬਣ ਗਿਆ। ਬਾਜ ਨੇ ਕਬੂਤਰ ਤੇ ਹਮਲਾ ਕਰਿਆ ਤੇ ਕਬੂਤਰ ਜਾ ਕੇ ਰਾਜੇ ਦੀ ਝੋਲੀ ਵਿਚ ਗਿਰ ਗਿਆ। ਰਾਜਾ ਕਹਿਣ ਲੱਗਿਆ, ਮੈਂ ਤੈਨੂੰ ਮਾਰਨਾ ਨਹੀਂ ਸਗੋਂ ਜੀਵਨ ਦਾਨ ਦਿੰਦਾ ਹਾਂ। ਏਨੇ ਨੂੰ ਬਾਜ ਆ ਗਿਆ। ਬਾਜ ਕਹਿੰਦਾ, "ਇਹ ਤਾਂ ਮੇਰੀ ਖੁਰਾਕ ਹੈ, ਤੂੰ ਇਸ ਨੂੰ ਜੀਵਨ ਦਾਨ ਦਿੰਦਾ ਹੈਂ।"

ਉਹ ਕਹਿੰਦਾ, "ਹੁਣ ਤਾਂ ਮੇਰਾ ਬਚਨ ਹੋ ਗਿਆ, ਤੈਨੂੰ ਮੈਂ ਏਨਾ ਹੀ ਮਾਸ ਹੋਰ ਦੇ ਦਿੰਦਾ ਹਾਂ ਕਿਸੇ ਜਾਨਵਰ ਦਾ।"

ਬਾਜ ਕਹਿੰਦਾ, "ਨਹੀਂ! ਜੇ ਮੈਨੂੰ ਮਾਸ ਦੇਣਾ ਹੈ ਤਾਂ ਆਪਣਾ ਦੇਹ।"

ਤੱਕੜੀ ਦੇ ਇਕ ਪਲੜੇ ਵਿਚ ਕਬੂਤਰ ਪਾ ਲਿਆ, ਦੂਜੇ ਵਿਚ ਰਾਜਾ ਮਾਸ ਕੱਟ ਕੇ ਪਾ ਰਿਹਾ ਹੈ, ਓਹ ਹਿਲਦਾ ਹੀ ਨਹੀਂ, ਪਾਸਕੂ ਵੀ ਨਹੀਂ ਬਣਿਆ। ਕਰਦੇ-ਕਰਦੇ ਇਕ ਲੱਤ ਕੱਟ ਕੇ ਪਾ ਦਿੱਤੀ ਪੂਰੀ, ਫੇਰ ਵੀ ਕੁਝ ਨਾ ਬਣਿਆ; ਬਾਂਹ ਕੱਟ ਦਿੱਤੀ, ਫੇਰ ਵੀ ਕੁਝ ਨਹੀਂ ਬਣਿਆ।

ਬਾਜ ਕਹਿੰਦਾ, "ਇਹ ਮਾਸ ਤਾਂ ਇਸ ਦੇ ਬਰਾਬਰ ਬਣਿਆ ਨਹੀਂ, ਤੂੰ ਪੂਰਾ ਤੋਲ।"

ਅਖੀਰ ਜਦੋਂ ਗਰਦਨ ਵੱਢਣ ਲੱਗਿਆ ਕਿ ਮੈਂ ਆਪਣਾ ਆਪ ਹੀ ਵੱਢ ਦਿਆਂ, ਤੂੰ ਸਾਰਾ ਹੀ ਲੈ ਲੈ, ਉਸੇ ਵੇਲੇ ਭਗਵਾਨ ਦੇ ਦਰਸ਼ਨ ਹੋਏ, ਦੇਵਤਿਆਂ ਦੇ ਦਰਸ਼ਨ ਹੋਏ।

ਸੋ ਗੁਰੂ ਅੰਗਦ ਦੇਵ ਮਹਾਰਾਜ ਜੀ ਕਹਿਣ ਲੱਗੇ, "ਦੇਖੋ! ਕਿੱਡੀਆਂ-ਕਿੱਡੀਆਂ ਕਸਵੱਟੀਆਂ ਵਿਚੋਂ ਲੰਘੇ ਨੇ ਤੇ ਤੁਸੀਂ ਹੁਣੇ ਡੋਲਣਾ ਸ਼ੁਰੂ ਕਰ ਦਿੱਤਾ। ਇਹ ਜੋ ਕਸਵੱਟੀਆਂ ਨੇ, ਇਹ ਕੋਈ ਛੋਟੀ ਚੀਜ਼ ਨਹੀਂ ਹੁੰਦੀ।" ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਸਿਰ ਧੜ ਦੀ ਬਾਜੀ ਲਾ ਕੇ,***
***ਪਿਆਰੇ ਪ੍ਰੇਮ ਕਮਾਈਦੈ –2, 2.***
***ਪ੍ਰੇਮ ਕਮਾਈਦੈ, ਪਿਆਰੇ ਪ੍ਰੇਮ ਕਮਾਈਦੈ –2, 2.***
***ਸਿਰ ਧੜ ਦੀ ਬਾਜੀ ਲਾ ਕੇ, .. –2.***

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥ ਪੰਨਾ – 1412***

ਸੋ ਕਹਿਣ ਲੱਗੇ, "ਸਾਧ ਸੰਗਤ ਜੀ! ਸਿਰਾਂ ਦੀਆਂ ਬਾਜੀਆਂ ਲਾ ਕੇ ਪਿਆਰ ਪੂਰਾ ਨਿਭਿਆ ਕਰਦਾ ਹੈ। ਤੁਸੀਂ ਤਾਂ ਜਰਾ ਕੁ ਕੁਤਕੇ ਖਾ ਕੇ ਹੀ ਡਰ ਗਏ, ਗੁਰੂ ਸਾਹਿਬ ਦਾ ਸਰੂਪ ਦੇਖ ਕੇ ਹੀ ਡਰ ਗਏ।"

ਸਾਧ ਸੰਗਤ ਜੀ! ਕੋਈ ਕੋਈ ਹੋਇਆ ਕਰਦਾ ਹੈ ਜਿਹੜਾ ਇਨ੍ਹਾਂ ਗੱਲਾਂ ਵਿਚੋਂ ਲੰਘ ਸਕਦਾ ਹੈ। ਇਕ ਰਾਜਾ ਸੀ ਜਿਸ ਦਾ ਨਾਂ ਰੰਤੀ ਦੇਵ ਸੀ, ਰਘੁਵੰਸ਼ ਦਾ ਸੀ ਇਹ। ਸੰਕ੍ਰਿਤੀ ਰਾਜਾ ਸੀ ਜਿਸ ਦਾ ਇਹ ਪੁੱਤਰ ਸੀ। ਇਹ ਬਹੁਤ ਦਾਨੀ ਹੋਇਆ ਹੈ, ਬਹੁਤ ਦਾਨ ਕਰਦਾ ਸੀ। ਦਾਨ ਐਨਾ ਕਰਿਆ ਕਿ ਖਜ਼ਾਨੇ ਵੀ ਖਾਲੀ ਹੋ ਗਏ, ਕਿਸੇ ਨੂੰ ਵਾਪਸ ਨਹੀਂ ਸੀ ਕਰਦੇ। ਕੁਦਰਤੀ ਬਾਰਸ਼ਾਂ ਨਾ ਹੋਈਆਂ, ਕਾਲ ਪੈ ਗਿਆ ਤੇ ਇਹ ਰਾਜ ਛੱਡ ਕੇ ਚਲਿਆ ਗਿਆ। ਕਿਤੇ ਅੰਨ ਖਾਣ ਨੂੰ ਨਾ ਮਿਲੇ, 48 ਦਿਨ ਭੁੱਖੇ ਨੂੰ ਲੰਘ ਗਏ, ਨਾਲ ਰਾਣੀ ਤੇ ਰਾਜਕੁਮਾਰ ਹੈ, ਤਿੰਨੇ ਸਤਿ ਦੀ ਮੂਰਤੀ ਨੇ। ਭੁੱਖੇ ਨੇ ਤਿੰਨੇ ਹੀ, ਪ੍ਰਮੇਸ਼ਰ ਦਾ ਭਜਨ ਕਰੀ ਜਾਂਦੇ ਨੇ ਕਿ ਜੇ ਮਾਲਕ ਭੇਜੇਗਾ ਤਾਂ ਖਾ ਲਵਾਂਗੇ, ਕੋਈ ਗੱਲ ਨਹੀਂ, ਡੋਲੋ ਨਾ।

ਅੱਜ ਇਕ ਨਿਰਜਨ ਜੰਗਲ ਵਿਚ ਬੈਠੇ ਨੇ। ਅਚਾਨਕ ਕੀ ਦੇਖਦੇ ਨੇ, ਅਸਮਾਨ ਦੇ ਉਪਰੋਂ ਤਿੰਨ ਥਾਲ ਉੱਤਰੇ। ਇਕ ਰਾਜੇ ਅੱਗੇ ਆ ਗਿਆ, ਇਕ ਰਾਣੀ ਅੱਗੇ ਆ ਗਿਆ ਤੇ ਇਕ ਰਾਜ ਕੁਮਾਰ ਅੱਗੇ ਆ ਗਿਆ। ਉਸ ਵੇਲੇ ਇਨ੍ਹਾਂ ਨੇ ਨਮਸ਼ਕਾਰ ਕੀਤੀ। ਜੋ ਆਸਤਕ ਬੰਦੇ ਹੁੰਦੇ ਨੇ, ਇਹ ਮੂੰਹ ਵਿਚ ਗ੍ਰਾਹੀ ਪਾਉਣ ਤੋਂ ਪਹਿਲਾਂ, ਜਿਸ ਨੇ ਇਹ ਭੋਜਨ ਭੇਜਿਆ ਹੈ ਉਸ ਨੂੰ ਅਰਪਣ ਕਰਿਆ ਕਰਦੇ ਨੇ। ਅਸੀਂ ਵੀ ਇਸੇ ਤਰ੍ਹਾਂ ਕਰਦੇ ਹਾਂ। ਪ੍ਰਸ਼ਾਦਾ ਛਕਣ ਤੋਂ ਪਹਿਲਾਂ ਅਰਦਾਸ ਹੁੰਦੀ ਹੈ ਅੰਦਰ ਕਿ ਸੱਚੇ ਪਾਤਿਸ਼ਾਹ! ਮੇਰੇ ਵਰਗੇ ਜੀਵ ਨੂੰ ਵੀ ਤੂੰ ਪਾਲ ਰਿਹਾ ਹੈਂ, ਮੇਰੇ ਵਰਗੇ ਅਕ੍ਰਿਤਘਣ ਨੂੰ ਵੀ ਤੂੰ ਰੋਜ਼ੀ ਦੇ ਰਿਹਾ ਹੈਂ। ਪਾਤਿਸ਼ਾਹ! ਇਹ ਤੇਰਾ ਦਿੱਤਾ ਹੈ, ਤੂੰ ਪਰਵਾਨ ਕਰ, ਭੋਗ ਲਾ, ਚਾਹੇ ਦ੍ਰਿਸ਼ਟੀ ਭੋਗ ਲਾ। ਕਹਿੰਦੇ ਜਿਹੜਾ ਇਸ ਤਰ੍ਹਾਂ ਕਰੇ ਤੋਂ ਬਗੈਰ ਪ੍ਰਸ਼ਾਦ ਛਕਦਾ ਹੈ ਉਹ ਪਾਪ ਦਾ ਖਾਂਦਾ ਹੈ। ਹਮੇਸ਼ਾ ਪ੍ਰਸ਼ਾਦਾ ਛਕਣ ਤੋਂ ਪਹਿਲਾਂ ਗੁਰੂ ਨੂੰ ਅਰਪਣ ਕਰਨਾ ਚਾਹੀਦਾ ਹੈ। ਭੋਗ ਲਗਵਾਓ, ਬੇਨਤੀ ਕਰੋ। ਇਥੋਂ ਤੱਕ ਲਿਖਿਆ ਹੈ ਕਿ ਨਹੀਂ ਤਾਂ ਉਹ ਪਾਪ ਦੀ ਕਮਾਈ ਹੁੰਦੀ ਹੈ, ਬਿਸ਼ਟਾ ਦੇ ਸਮਾਨ ਹੁੰਦਾ ਹੈ ਜਿਹੜਾ ਬਿਨਾ ਅਰਦਾਸ ਕਰੇ ਛਕ ਲਵੇ ਪ੍ਰਸ਼ਾਦਾ।

ਸੋ ਉਹ ਸ਼ੁਕਰਗੁਜ਼ਾਰ ਹੋਏ। ਨੇਤਰ ਬੰਦ ਹੋ ਗਏ ਤੇਹਾਂ ਦੇ, ਕਿ ਹੇ ਪ੍ਰਭੂ! ਤੂੰ ਐਡਾ ਦਇਆਲੂ ਹੈਂ ਕਿ ਸਾਨੂੰ ਪ੍ਰਸ਼ਾਦੇ ਭੇਜ ਰਿਹਾ ਹੈਂ ਇਸ ਨਿਰਜਨ ਵਣ ਦੇ ਅੰਦਰ। ਜਦੋਂ ਨੇਤਰ ਖੋਲ੍ਹੇ ਤਾਂ ਕੀ ਦੇਖਦੇ ਨੇ ਸਾਹਮਣੇ ਇਕ ਬ੍ਰਾਹਮਣ ਖੜ੍ਹਾ ਹੈ।

ਦੁਹਾਈ ਪਾ ਰਿਹਾ ਹੈ ਕਿ ਰਾਜਨ! ਪ੍ਰਸ਼ਾਦਾ ਇਕੱਲੇ ਹੀ ਛਕ ਰਹੇ ਹੋ, ਮੈਨੂੰ ਵੀ ਛਕਾ ਦਿਓ, ਮੈਂ ਬੜਾ ਭੁੱਖਾ ਹਾਂ, ਮੈਨੂੰ ਜ਼ਰੂਰ ਛਕਾਓ। ਉਸੇ ਵੇਲੇ ਰਾਜੇ ਨੇ ਆਪਣਾ ਥਾਲ ਉਸ ਦੇ ਅੱਗੇ ਕਰ ਦਿੱਤਾ ਕਿ ਲੈ ਪ੍ਰੇਮੀਆਂ! ਅਸੀਂ ਇਨ੍ਹਾਂ ਦੋ ਥਾਲਾਂ ਦੇ ਨਾਲ ਗੁਜ਼ਾਰਾ ਕਰ ਲਵਾਂਗੇ, ਇਹ ਤੂੰ ਛਕ ਲੈ। ਉਹ ਸਾਰਾ ਹੀ ਛਕ ਗਿਆ। ਦੋ ਥਾਲਾਂ ਨੂੰ ਤਿੰਨਾਂ ਹਿਸਿਆਂ ਵਿਚ ਵੰਡ ਕੇ ਛਕਣ ਦਾ ਅਜੇ ਇਰਾਦਾ ਕਰਦੇ ਨੇ, ਅਜੇ ਗ੍ਰਾਹੀ ਮੂੰਹ ਵਿਚ ਨਹੀਂ ਪਾਈ, ਏਨੇ ਨੂੰ ਇਕ ਸ਼ੂਦਰ ਆ ਗਿਆ। ਆ ਕੇ ਦੁਹਾਈ ਪਾਈ ਕਿ ਮੈਂ 7 ਦਿਨਾਂ ਤੋਂ ਭੁੱਖਾ ਹਾਂ, ਮੈਨੂੰ ਕਿਧਰੇ ਅੰਨ ਨਹੀਂ ਮਿਲਿਆ ਖਾਣ ਨੂੰ। ਦੇਖਿਓ! ਮੈਨੂੰ ਨਾਲ ਰਲਾ ਲਓ ਖਾਣ ਨੂੰ। ਉਸੇ ਵੇਲੇ ਰਾਜੇ ਨੇ ਆਪਣਾ ਹਿੱਸਾ ਫੇਰ ਦੇ ਦਿੱਤਾ। ਕਹਿੰਦੇ, ਚਲੋ ਜਿਹੜਾ ਬਾਕੀ ਬਚ ਗਿਆ ਅਸੀਂ ਇਸ ਦੇ ਵਿਚੋਂ ਖਾ ਲਵਾਂਗੇ। ਉਸ ਤੋਂ ਬਾਅਦ ਇਕ ਬੰਦਾ ਫੇਰ ਆਇਆ ਤੇ ਕਹਿੰਦਾ, ਮੈਂ ਤੇ ਮੇਰਾ ਕੁੱਤਾ, ਅਸੀਂ ਕਈ ਦਿਨਾਂ ਦੇ ਭੁੱਖੇ ਹਾਂ ਰਾਜਨ, ਸਾਨੂੰ ਵੀ ਕੁਝ ਦੇਹ। ਉਸ ਨੇ ਰਾਣੀ ਵਾਲਾ ਥਾਲ ਉਸ ਦੇ ਅੱਗੇ ਕਰ ਦਿੱਤਾ। ਉਹ ਉਸ ਨੇ ਖਾ ਲਿਆ ਤੇ ਕਹਿੰਦਾ, ਮੈਂ ਕੁੱਤਿਆਂ ਨੂੰ ਕੀ ਦੇਵਾਂ? ਉਸ ਵੇਲੇ ਰਾਜ ਕੁਮਾਰ ਵਾਲਾ ਥਾਲ ਵੀ ਦੇ ਦਿੱਤਾ ਤੇ ਹੱਥ ਜੋੜ ਲਏ ਤੇ ਕਹਿੰਦੇ, "ਚਲੋ! ਆਪਾਂ ਪਾਣੀ ਪੀ ਲਵਾਂਗੇ।" ਜਦੋਂ ਜਲ ਪੀਣ ਲੱਗੇ, ਉਸੇ ਵੇਲੇ ਇਕ ਬੰਦਾ ਆ ਗਿਆ, ਕਹਿੰਦਾ, "ਪਾਣੀ ਮੈਨੂੰ ਵੀ ਦਿਓ, ਮੈਂ ਬਹੁਤ ਪਿਆਸਾ ਹਾਂ, ਮੇਰੀ ਜਾਨ ਨਿਕਲਦੀ ਜਾਂਦੀ ਹੈ।" ਪਾਣੀ ਵੀ ਦੇ ਦਿੱਤਾ। ਰਾਜਾ ਸ਼ੁਕਰ ਕਰਦਾ ਹੈ, ਅਰਦਾਸ ਵਿਚ ਖੜ੍ਹਾ ਹੋ ਗਿਆ ਕਿ ਤੂੰ ਕਿੰਨਾ ਦਇਆਲੂ ਹੈਂ ਕਿ ਇਹੋ ਜਿਹੇ ਹਾਲਾਤ ਵਿਚ ਵੀ ਸਾਥੋਂ ਦਾਨ ਕਰਵਾ ਰਿਹਾ ਹੈਂ। ਐਨੀ ਗੱਲ ਕਹਿਣ ਦੀ ਦੇਰ ਸੀ, ਉਸੇ ਵੇਲੇ ਭਗਵਾਨ ਪ੍ਰਗਟ ਹੋ ਗਏ।

ਕਹਿੰਦੇ, "ਜਾਹ ਰਾਜਨ! ਤੇਰੇ ਤੇ ਅਸੀਂ ਬਹੁਤ ਪ੍ਰਸੰਨ ਹਾਂ।" ਸੋ ਐਸਾ ਕੋਈ-ਕੋਈ ਬੰਦਾ ਹੁੰਦਾ ਹੈ, ਏਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਕੋਈ ਵਿਰਲੇ-ਵਿਰਲੇ ਬੰਦੇ,***
***ਸਹਿੰਦੇ ਤਾਓ ਕਸਵੱਟੀ ਦਾ -2, 2.***
***ਸਹਿੰਦੇ ਤਾਓ ਕਸਵੱਟੀ ਦਾ -4, 2.***
***ਕੋਈ ਵਿਰਲੇ ਵਿਰਲੇ ਬੰਦੇ,........... -2.***

***ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥***

***ਪੰਨਾ – 1411***

ਬਹੁਤ ਘੱਟ ਬੰਦੇ ਨੇ। ਸਾਡਾ ਤਾਂ ਸਾਧ ਸੰਗਤ ਜੀ! ਜੇ ਵਿਚਾਰ ਕਰਨ ਲੱਗੀਏ ਤਾਂ ਕਿਤੇ ਵੀ ਨੰਬਰ ਨਹੀਂ ਆਉਂਦਾ, ਸਿਫਰ ਨੰਬਰ ਆਉਂਦਾ ਹੈ ਸਾਡਾ, ਕਸਵੱਟੀ ਤਾਂ ਇਕ ਪਾਸੇ ਰਹੀ। ਪ੍ਰਮੇਸ਼ਰ ਨੇ ਦਾਤਾਂ ਦਿੱਤੀਆਂ ਹੋਈਆਂ ਨੇ, ਸਾਰੀਆਂ ਦਾਤਾਂ ਪ੍ਰਮੇਸ਼ਰ ਤੋਂ ਮਿਲਦੀਆਂ ਨੇ ਪਰ ਜੇ ਇਕ ਵਾਪਸ ਲੈ ਲਏ ਤਾਂ ਅਸੀਂ ਚੀਕਦੇ ਹਾਂ, ਰੋਂਦੇ ਹਾਂ, ਓਲਾਂਭੇ ਦਿੰਦੇ ਹਾਂ। ਕੋਈ ਕਹਿੰਦਾ ਜੀ ਸਤਿਸੰਗ ਵਿਚ ਜਾਂਦਾ ਸੀ, ਇਸ ਦੇ ਨਾਲ ਐਸਾ ਨਹੀਂ ਸੀ ਹੋਣਾ ਚਾਹੀਦਾ, ਕੋਈ ਕੁਝ ਕਹਿੰਦਾ ਹੈ, ਕੋਈ ਕੁਝ ਕਹਿੰਦਾ ਹੈ –

ਸ੍ਰੀ ਗੁਰੂ ਗੋਬਿੰਦ ਸਿੰਘ ਜੀ

***ਦਸ ਬਸਤੂ ਲੇ ਪਾਛੈ ਪਾਵੈ॥***
***ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥***
***ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥***
***ਤਉ ਮੂੜਾ ਕਹੁ ਕਹਾ ਕਰੇਇ॥ ਪੰਨਾ – 268***

ਫੇਰ ਕਹਿੰਦੇ ਮੂੜ੍ਹਾ ਕੀ ਕਰੇ? ਸੋ ਕੋਈ ਵਿਰਲਾ-ਵਿਰਲਾ ਬੰਦਾ ਹੈ ਜਿਹੜਾ ਕਸਵੱਟੀ ਲੱਗੀ ਤੇ ਤਾਅ ਸਹਿ ਜਾਵੇ, ਸਾਰੇ ਨਹੀਂ ਸਹਿੰਦੇ।

ਇਕ ਰਾਜਾ ਹੋਇਆ ਹੈ ਦੁਆਪਰ ਯੁੱਗ ਦੇ ਅੰਦਰ। ਉਦੋਂ ਦੁਆਪਰ ਖਤਮ ਹੋ ਰਿਹਾ ਸੀ ਤੇ ਕਲਜੁਗ ਸ਼ੁਰੂ ਹੋ ਰਿਹਾ ਸੀ ਕਿਉਂਕਿ –

***ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥***

***ਪੰਨਾ – 951***

ਬਜੁਰਗਾਂ ਦੀਆਂ ਕਹਾਣੀਆਂ ਸਾਨੂੰ ਵੀ ਰਾਹ ਦਿਖਾਉਂਦੀਆਂ ਨੇ। ਸਾਡੀ ਕਸਵੱਟੀ ਕਿੰਨੀ ਹੈ। ਜੇ ਸ਼ਰਾਬ ਦੀ ਹੀ ਕਸਵੱਟੀ ਲੱਗ ਜਾਵੇ; ਇਥੇ ਅੰਮ੍ਰਿਤ ਛਕਾਇਆ ਤਾਂ ਇਕ ਪ੍ਰੇਮੀ ਮੇਰੇ ਕੋਲ ਆਇਆ। ਕਹਿੰਦਾ, "ਜੀ! ਬੜਾ ਮੁਸ਼ਕਲ ਹੋ ਗਿਆ?"

ਮੈਂ ਕਿਹਾ, "ਕੀ ਹੋ ਗਿਆ?"

ਕਹਿੰਦਾ, "ਜਿਹੜਾ ਸੈਣੀ ਮਾਜਰੇ ਦਾ ਠੇਕਾ ਹੈ ਉਹ ਸਾਨੂੰ ਲੰਘਣ ਨਹੀਂ ਦਿੰਦਾ।"

ਮੈਂ ਕਿਹਾ, "ਕਿਉਂ? ਠੇਕਾ ਤੁਹਾਡੇ ਰਾਹ ਵਿਚ ਸੜਕ ਤੇ ਖੜ੍ਹਦਾ ਹੈ?"

ਕਹਿੰਦਾ, "ਨਹੀਂ ਜੀ! ਉਹ ਠੇਕੇਦਾਰ ਬਾਂਹ ਕੱਢ ਲੈਂਦਾ ਹੈ ਬਾਹਰ ਤੇ ਸਾਨੂੰ ਹਾਕਾਂ ਮਾਰਦਾ ਹੈ। ਸ਼ਰਾਬ ਦੀ ਬੋਤਲ ਦਿਖਾ ਕੇ ਕਹਿੰਦਾ ਕਿ ਅੱਜ ਤੈਨੂੰ ਮੁਫਤ ਹੀ ਪਿਲਾਉਣੀ ਹੈ।"

ਮੈਂ ਕਿਹਾ, "ਫੇਰ।"

ਕਹਿੰਦਾ, "ਜੀ ਫੇਰ ਜੀਅ ਕਰ ਆਉਂਦਾ ਹੈ ਤੇ ਫੇਰ ਟੁੱਟ ਜਾਂਦੇ ਹਾਂ ਅਸੀਂ।"

ਆਹ ਸਾਡੀ ਹਾਲਤ ਹੈ। ਹੋਰ ਕਸਵੱਟੀਆਂ ਤਾਂ ਕੀ ਸਹਿਣੀਆਂ ਨੇ! ਨਿਤਨੇਮ ਨਹੀਂ ਕਰਨਾ, ਅੰਮ੍ਰਿਤ ਵੇਲੇ ਜਾਗਣਾ ਨਹੀਂ, ਉਠ ਕੇ ਇਸ਼ਨਾਨ ਨਹੀਂ ਕਰਨਾ, ਸੇਵਾ ਨਹੀਂ ਕਰਨੀ, ਗੁਰੂ ਘਰ ਨਹੀਂ ਆਉਣਾ; ਹੋਰ ਅਸੀਂ ਕੀ ਸਹਿ ਸਕਦੇ ਹਾਂ? ਬਾਕੀ ਗੱਲਾਂ ਤਾਂ ਬਹੁਤ ਵੱਡੀਆਂ ਜਮਾਤਾਂ ਦੀਆਂ ਨੇ। ਵੱਡੀਆਂ-ਵੱਡੀਆਂ ਕਸਵੱਟੀਆਂ ਸਹਿੰਦੇ ਆਏ ਨੇ।

ਇਕ ਰਾਜਾ ਸੀ ਜਿਸ ਦਾ ਨਾਂ ਮੋਰਧੁਜ ਸੀ। ਉਹ ਰਾਜਾ ਦੁਆਪਰ ਦੇ ਅੰਤ ਤੇ ਕਲਜੁਗ ਦੇ ਸ਼ੁਰੂ ਵਿਚ ਹੋਇਆ ਹੈ। ਜਿਸ ਵਕਤ ਮਹਾਂਭਾਰਤ ਦਾ ਯੁੱਧ ਹਟ ਗਿਆ ਉਸ ਵੇਲੇ ਪਾਂਡਵਾਂ ਨੇ ਰਾਜਸੂ ਯੱਗ ਕਰਨਾ ਸੀ। ਉਸ ਵਾਸਤੇ ਇਹ ਘੋੜਾ ਫੇਰ ਰਹੇ ਨੇ। ਦਿੱਲੀ ਤੋਂ ਘੋੜਾ ਸ਼ੁਰੂ ਹੋਇਆ, ਸਾਰੇ ਪਾਸੇ ਅਫਗਾਨਿਸਤਾਨ, ਕਰਾਚੀ ਵਲੋਂ ਹੋ ਕੇ ਰਾਜਸਥਾਨ ਦੇ ਰਾਜਿਆਂ ਦੇ ਰਾਜ ਵਿਚੋਂ ਦੀ ਹੋ ਕੇ ਚਲਦਾ-ਚਲਦਾ ਕੇਰਲਾ ਵਿਚ ਪਹੁੰਚ ਗਿਆ। ਉਥੇ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਅਰਜੁਨ! ਇਸ ਰਾਜੇ ਨੂੰ ਜਿੱਤਣਾ ਸਭ ਤੋਂ ਔਖਾ ਹੈ।

ਕਹਿੰਦਾ, "ਮਹਾਰਾਜ! ਮੈਂ ਤਾਂ ਹੈਰਾਨ ਹਾਂ ਕਿ ਅੱਜ ਜਦੋਂ ਆਪਾਂ ਗਏ ਸੀ ਸੈਰ ਕਰਨ ਤਾਂ ਦੇਖਿਆ ਕਿ ਇਹ ਤਾਂ ਸਾਰਾ ਸ਼ਹਿਰ ਇਕੋ ਜਿਹਾ ਹੈ, ਇਕੋ ਜਿਹੇ ਘਰ ਨੇ, ਇਕੋ ਜਿਹੀ ਪੁਸ਼ਾਕ ਹੈ, ਇਕੋ ਜਿਹੀ ਖੁਰਾਕ ਹੈ। ਆਪਾਂ ਕਿਸ ਰਾਜੇ ਦੇ ਰਾਜ ਵਿਚ ਆ ਗਏ, ਐਸਾ ਭਲਾ ਰਾਜਾ ਕੌਣ ਹੈ ਜਿਥੇ ਛੋਟਾ ਵੱਡਾ ਹੀ ਨਹੀਂ ਹੈ?"

ਭਗਵਾਨ ਕਹਿੰਦੇ, "ਇਹ ਰਾਜ ਚੰਦਰ ਹੰਸ ਰਾਜੇ ਦਾ ਹੈ। ਚੰਦਰ ਹੰਸ ਬ੍ਰਹਮਗਿਆਨੀ ਹੈ ਤੇ ਨਿਰਗੁਣ ਦਾ ਉਪਾਸ਼ਕ ਹੈ। ਇਸ ਦੇ ਨਾਲ ਜੇ ਤੂੰ ਯੁੱਧ ਕੀਤਾ ਤਾਂ ਇਸ ਨੂੰ ਤੂੰ ਨਹੀਂ ਜਿੱਤ ਸਕਦਾ ਕਿਉਂਕਿ ਨਿਰਗੁਣ ਬ੍ਰਹਮ ਪੂਰੀਆਂ ਸ਼ਕਤੀਆਂ ਵਾਲਾ ਹੁੰਦਾ ਹੈ।"

ਕਹਿੰਦਾ, "ਮਹਾਰਾਜ! ਤੁਸੀਂ ਨਾਲ ਹੋ ਮੇਰੇ।"

ਕ੍ਰਿਸ਼ਨ ਮਹਾਰਾਜ ਕਹਿੰਦੇ, "ਨਾ, ਮੈਂ ਸਾਕਾਰ ਰੂਪ ਵਿਚ ਹਾਂ ਤੇ ਇਹ ਨਿਰਗੁਣ ਦਾ ਉਪਾਸ਼ਕ ਹੈ।"

ਕਹਿੰਦਾ, "ਫੇਰ ਕੀ ਕਰਿਆ ਜਾਵੇ, ਜੇ ਘੋੜਾ ਇਸ ਨੇ ਫੜ ਲਿਆ?"

ਕਹਿੰਦੇ, "ਫੜੇਗਾ ਇਹ ਜ਼ਰੂਰ।"

ਸੋ ਘੋੜਾ ਜਦੋਂ ਤੋਰਿਆ ਤਾਂ ਰਾਜੇ ਦੇ ਸਿਪਾਹੀਆਂ ਨੇ ਫੜ ਲਿਆ। ਰਾਜੇ ਚੰਦਰਹੰਸ ਨੂੰ ਖਬਰ ਦਿੱਤੀ ਤਾਂ ਉਹ ਆ ਗਿਆ। ਇਹ ਕਹਿੰਦੇ ਕਿ ਘੋੜਾ ਛੱਡ ਦਿਓ। ਉਹ ਕਹਿੰਦਾ, "ਨਾ! ਘੋੜਾ ਨਹੀਂ ਅਸੀਂ ਛੱਡਣਾ।"

ਕ੍ਰਿਸ਼ਨ ਮਹਾਰਾਜ ਅਰਜੁਨ ਨੂੰ ਕਹਿੰਦੇ, "ਯੁੱਧ ਨਾ ਕਰੀਂ ਕਿਸੇ ਵੀ ਕੀਮਤ ਤੇ ਇਸ ਦੇ ਨਾਲ। ਇਥੇ ਤੂੰ ਤੇ ਮੈਂ ਹਾਰ ਖਾ ਜਾਵਾਂਗੇ ਕਿਉਂਕਿ ਇਹ ਨਿਰਗੁਣ ਬ੍ਰਹਮ ਦਾ ਪੁਜਾਰੀ ਹੈ। ਮੇਰੇ ਨਿਰਗੁਣ ਸਰੂਪ ਨੂੰ ਮੰਨਦਾ ਹੈ ਇਹ। ਹਰੇਕ ਵਿਚ ਪ੍ਰਮੇਸ਼ਰ ਦੇਖਦਾ ਹੈ। ਸਾਰੀ ਰਿਆਇਆ, ਜਿਥੇ ਤੱਕ ਰਾਜ ਹੈ ਇਸ ਦਾ, ਕੋਈ ਵੀ ਗਰੀਬ ਨਹੀਂ ਹੈ, ਕੋਈ ਅਮੀਰ ਨਹੀਂ। ਇਕੋ ਜਿਹੇ ਕੱਪੜੇ ਨੇ, ਇਕੋ ਜਿਹਾ ਖਾਣਾ ਹੈ, ਇਕੋ ਜਿਹੀ ਜ਼ਮੀਨ, ਇਕੋ ਜਿਹਾ ਸਭ ਨੂੰ ਹੱਕ ਹੈ। ਇਹ ਆਪ ਵੀ ਉਨ੍ਹਾਂ ਵਾਂਗ ਹੀ ਰਹਿੰਦਾ ਹੈ। ਇਹ ਕੋਈ ਰਾਜਾ ਨਹੀਂ, ਨਾਂ ਦਾ ਹੀ ਰਾਜਾ ਹੈ। ਇਹ ਤਾਂ ਸਾਧੂ ਬ੍ਰਹਮਗਿਆਨੀ ਮਹਾਂਪੁਰਸ਼ ਹੈ।"

ਅਰਜੁਨ ਕਹਿੰਦਾ, "ਮਹਾਰਾਜ! ਫੇਰ ਲੰਘੀਏ ਕਿਵੇਂ?"

ਕਹਿੰਦੇ, "ਜਦੋਂ ਕੱਲ੍ਹ ਨੂੰ ਯੁੱਧ ਕਰਨ ਆਏਗਾ ਤਾਂ ਤੂੰ ਨਮਸ਼ਕਾਰ ਕਰੀਂ ਤੇ ਓਸ ਵੇਲੇ ਮੈਂ ਇਸ ਦੇ ਹਿਰਦੇ ਵਿਚ ਪ੍ਰਵੇਸ਼ ਕਰ ਜਾਵਾਂਗਾ।"

ਸੋ ਦੂਜੇ ਦਿਨ ਜਦੋਂ ਯੁੱਧ ਕਰਨ ਗਏ ਤਾਂ ਅਰਜੁਨ ਨੇ ਰਾਜੇ ਨੂੰ ਨਮਸ਼ਕਾਰ ਕੀਤੀ, ਇਸ ਨੇ ਵੀ ਕਰੀ ਤਾਂ ਏਨੇ ਨੂੰ ਕ੍ਰਿਸ਼ਨ ਮਹਾਰਾਜ ਜੀ ਦੀ ਪ੍ਰੇਰਨਾ ਨਾਲ ਉਹ ਕਹਿਣ ਲੱਗਿਆ, "ਠੀਕ ਹੈ ਅਰਜੁਨ! ਤੂੰ ਵੀ ਭਗਵਾਨ ਨੂੰ ਮੰਨਣ ਵਾਲਾ ਹੈਂ। ਦੱਸ ਕੀ ਚਾਹੁੰਦਾ ਹੈਂ?"

ਉਹ ਕਹਿੰਦਾ, "ਮੇਰਾ ਘੋੜਾ ਲੰਘਾ ਦਿਓ।"

ਕਹਿੰਦਾ, "ਜਾਹ! ਆਪਾਂ ਮਿੱਤਰ ਹੋਏ।" ਸੋ ਘੋੜਾ ਲੰਘਾ ਦਿੱਤਾ।

ਇਥੋਂ ਚਲਦਾ-ਚਲਦਾ ਘੋੜਾ ਜਦੋਂ ਮਣੀਪੁਰ ਵਿਚ ਗਿਆ ਤਾਂ ਉਥੇ ਮੋਰਧੁਜ ਰਾਜਾ ਵੀ ਅਸ਼੍ਵਮੇਧ ਯੱਗ ਕਰ ਰਿਹਾ ਸੀ ਤੇ ਉਸ ਦਾ ਜੋ ਪੁੱਤਰ ਸੀ ਉਸ ਦਾ ਨਾਂ ਤਾਮਰਕਵ ਸੀ। ਉਹ ਵੀ ਆਪਣੀਆਂ ਫੌਜਾਂ ਲਈ ਫਿਰਦਾ ਸੀ, ਦੋਹਾਂ ਦਾ ਹੀ ਟਾਕਰਾ ਹੋ ਗਿਆ। ਅਖੀਰ ਯੁੱਧ ਹੀ ਹੋਣਾ ਸੀ ਤੇ ਯੁੱਧ ਸ਼ੁਰੂ ਹੋ ਗਿਆ ਤੇ ਉਸ ਨੇ ਯੁੱਧ ਵਿਚ ਕ੍ਰਿਸ਼ਨ ਜੀ ਤੇ ਅਰਜੁਨ ਦੋਹਾਂ ਨੂੰ ਮੂਰਛਤ ਕਰ ਦਿੱਤਾ। ਜਦੋਂ ਉਸ ਨੇ ਆਪਣੇ ਪਿਤਾ ਨੂੰ ਜਾ ਕੇ ਦੱਸਿਆ ਕਿ ਏਸ ਤਰ੍ਹਾਂ ਦੇ ਨਾਲ ਹੋਇਆ ਤੇ ਘੋੜਾ ਮੈਂ ਲੈ ਆਇਆ ਹਾਂ।

ਉਹ ਕਹਿੰਦਾ, "ਤੂੰ ਤਾਂ ਬੜਾ ਮਾੜਾ ਕੰਮ ਕਰਿਆ। ਆਪਾਂ ਤਾਂ ਇਨ੍ਹਾਂ ਦੇ ਉਪਾਸ਼ਕ ਹਾਂ।"

ਪੁੱਤਰ ਕਹਿੰਦਾ, "ਠੀਕ ਹੈ! ਉਪਾਸ਼ਕ ਤਾਂ ਉਪਾਸ਼ਕ ਦੇ ਥਾਂ, ਪਰ ਇਹ ਤਾਂ ਯੁੱਧ ਵਿਚ ਵੰਗਾਰ ਰਹੇ ਸੀ। ਜਦੋਂ ਯੁੱਧ ਛਡਾਂਗੇ, ਉਦੋਂ ਉਪਾਸ਼ਕ ਬਣ ਜਾਵਾਂਗੇ।"

ਦੂਸਰੇ ਦਿਨ ਫੇਰ ਯੁੱਧ ਹੋਇਆ। ਕ੍ਰਿਸ਼ਨ ਮਹਾਰਾਜ, ਜਦੋਂ ਉਹ ਬਾਣ ਮਾਰਦਾ ਹੈ, ਤਾਂ ਚਾਰ ਵਾਰੀ ਵਾਹ-ਵਾਹ ਕਹਿੰਦੇ ਨੇ।

ਅਰਜੁਨ ਕਹਿੰਦਾ, "ਮਹਾਰਾਜ! ਬੜੀ ਪ੍ਰਸੰਸਾ ਕਰਨ ਲੱਗੇ ਹੋ।"

ਕਹਿੰਦੇ, "ਅਰਜੁਨ! ਪ੍ਰਸੰਸਾ ਕਰਾਂ ਨਾ? ਮੈਂ ਤੇਰੇ ਰੱਥ ਤੇ ਤ੍ਰਿਲੋਕੀ ਦਾ ਭਾਰ ਦੇ ਕੇ ਬੈਠਾ ਹਾਂ। ਪਰ ਜਦੋਂ ਉਸ ਦਾ ਬਾਣ ਲਗਦਾ ਹੈ ਤਾਂ ਤੇਰਾ ਰਥ ਪਿਛੇ ਹਟ ਜਾਂਦਾ ਹੈ। ਉਸ ਦੇ ਅੰਦਰ ਬਹੁਤ ਸ਼ਕਤੀ ਹੈ। ਇਸ ਕਰਕੇ ਮੈਂ ਉਸ ਦੀ ਪ੍ਰਸੰਸਾ ਕਰਦਾ ਹਾਂ।"

ਦੂਜੇ ਦਿਨ ਇਨ੍ਹਾਂ ਨੇ ਬ੍ਰਾਹਮਣ ਦਾ ਭੇਸ ਬਣਾ ਲਿਆ ਤੇ ਰਾਜੇ ਦੇ ਕੋਲ ਚਲੇ ਗਏ। ਰਾਜਾ ਦਾਨ ਕਰ ਰਿਹਾ ਸੀ ਉਸ ਨੇ ਦੇਖਿਆ ਕਿ ਬ੍ਰਾਹਮਣ ਨੇ।

ਕਹਿਣ ਲੱਗਿਆ, "ਕੀ ਚਾਹੁੰਦੇ ਹੋ? ਦੱਸੋ ਮੈਨੂੰ।"

ਕਹਿੰਦੇ, "ਰਾਜਨ! ਅਸੀਂ ਦੋਵੇਂ ਤੇਰੇ ਕੋਲ ਆ ਰਹੇ ਸੀ। ਇਹ ਮੇਰਾ ਚੇਲਾ ਹੈ ਤੇ ਮੈਂ ਬ੍ਰਾਹਮਣ ਹਾਂ। ਰਸਤੇ ਵਿਚ ਸਾਨੂੰ ਸ਼ੇਰ ਮਿਲਿਆ। ਅਸੀਂ ਕਿਹਾ ਕਿ ਅਸੀਂ ਰਾਜੇ ਕੋਲ ਜਾ ਆਈਏ ਤੇ ਸਾਨੂੰ ਤੂੰ ਛੱਡ ਦੇ। ਅਸੀਂ ਬਚਨ ਦਿੰਦੇ ਹਾਂ, ਤੈਨੂੰ ਮਾਸ ਦੇਵਾਂਗੇ ਮਨੁੱਖ ਦਾ। ਸੋ ਆਹ ਸ਼ੇਰ ਸਾਡੇ ਨਾਲ ਹੈ, ਸਾਨੂੰ ਮਾਸ ਚਾਹੀਦਾ ਹੈ।"

ਉਹ ਕਹਿੰਦਾ, "ਕੋਈ ਨਾ, ਮਨੁੱਖ ਦਾ ਮਾਸ ਦੇ ਦਿੰਦੇ ਹਾਂ, ਕੋਈ ਵੱਡੀ ਬਾਤ ਨਹੀਂ ਹੈ।"

ਕਹਿੰਦੇ, "ਮਨੁੱਖ ਦਾ ਮਾਸ ਨਹੀਂ ਲੈਣਾ, ਅਸੀਂ ਰਾਜਕੁਮਾਰ ਦਾ ਮਾਸ ਲੈਣਾ ਹੈ।"

ਉਦੋਂ ਰਾਜੇ ਸਤਿਵਾਦੀ ਹੋਇਆ ਕਰਦੇ ਸੀ। ਬਚਨ ਕਰ ਬੈਠਿਆ ਤੇ ਕਹਿੰਦਾ ਕਿ ਦੱਸੋ ਕਿਵੇਂ ਲੈਣਾ ਹੈ?

ਕਹਿੰਦੇ, "ਰਾਜਕੁਮਾਰ ਦੇ ਸਰੀਰ ਦਾ ਅੱਧਾ ਹਿੱਸਾ ਲੈਣਾ ਹੈ। ਰਾਣੀ ਇਕ ਪਾਸੇ ਲੱਗੇ, ਦੂਜੇ ਪਾਸੇ ਰਾਜਾ ਲੱਗੇ ਤੇ ਅੱਧਾ ਹਿੱਸਾ ਚੀਰ ਕੇ ਲੈਣਾ ਹੈ।"

ਜਦੋਂ ਸਿਰ ਤੇ ਆਰਾ ਰੱਖਿਆ, ਚੀਰਿਆ ਉਨ੍ਹਾਂ ਨੇ ਥੋੜ੍ਹਾ ਜਿਹਾ ਤਾਂ ਉਸ ਵੇਲੇ ਰਾਜਕੁਮਾਰ ਦੀ ਖੱਬੀ ਅੱਖ ਦੇ ਅੰਦਰ ਪਾਣੀ ਆ ਗਿਆ। ਉਸੇ ਵੇਲੇ ਉਹ ਬਿਗੜ ਗਏ।

ਕਹਿੰਦੇ, "ਤੂੰ ਤਾਂ ਤਮੋ-ਗੁਣੀ ਦਾਨ ਦੇ ਰਿਹਾ ਹੈਂ। ਅਸੀਂ ਤਮੋਗੁਣੀ ਦਾਨ ਨਹੀਂ ਲੈਣਾ, ਸਤੋਗੁਣੀ ਲੈਣਾ ਹੈ।"

ਜਿਹੜਾ ਆਦਮੀ ਖਿਝ ਕੇ ਦਾਨ ਦੇਵੇ, ਦੁੱਖ ਨਾਲ ਦੇਵੇ, ਬੁਰਾ ਮੰਨੇ, ਨਿੰਦਿਆ ਕਰੇ, ਉਹ ਤਮੋਗੁਣੀ ਦਾਨ ਪਾਪ ਦਾ ਕਾਰਨ ਹੋਇਆ ਕਰਦਾ ਹੈ - ਲੈਣ ਵਾਲੇ ਨੂੰ ਵੀ ਪਾਪ, ਦੇਣ ਵਾਲੇ ਨੂੰ ਵੀ ਪਾਪ। ਰਾਜਕੁਮਾਰ ਕਹਿੰਦਾ, "ਮੈਂ ਇਸ ਕਰਕੇ ਨਹੀਂ ਰੋਂਦਾ। ਤੁਸੀਂ ਮੈਥੋਂ ਕਾਰਨ ਤਾਂ ਪੁਛੋ?"

ਕਹਿੰਦੇ, "ਕੀ ਕਾਰਨ ਹੈ?"

ਕਹਿੰਦਾ, "ਮੇਰੀ ਅੱਖ ਵਿਚ ਇਸ ਕਰਕੇ ਪਾਣੀ ਆਇਆ ਹੈ - ਖੱਬੀ ਵਿਚ ਕਿ ਸੱਜਾ ਪਾਸਾ ਤਾਂ ਤੁਸੀਂ ਸ਼ੇਰ ਨੂੰ ਖੁਆ ਦੇਣਾ ਹੈ ਪਰ ਖੱਬਾ ਪਾਸਾ ਐਵੇਂ ਹੀ ਗਿਆ, ਕਿਸੇ ਲੇਖੇ ਨਾ ਆਇਆ ਮੇਰਾ ਸਰੀਰ।" ਜਦੋਂ ਐਡੀ ਵੱਡੀ ਦ੍ਰਿੜ੍ਹਤਾ ਦੇਖੀ, ਓਸੇ ਵੇਲੇ ਭਗਵਾਨ ਦੇ ਦਰਸ਼ਨ ਹੋਏ, ਸਰੀਰ ਸਹੀ ਕਰ ਦਿੱਤਾ।

ਸੋ ਗੁਰੂ ਅੰਗਦ ਸਾਹਿਬ ਕਹਿਣ ਲੱਗੇ ਕਿ ਪ੍ਰੇਮੀਓ! ਦੇਖੋ ਕਿੱਡੇ ਵੱਡੇ-ਵੱਡੇ ਹੋਏ ਨੇ ਤੇ ਤੁਸੀਂ ਤਾਂ ਹੁਣੇ ਹੀ ਡੋਲ ਗਏ ਕੁਤਕੇ ਖਾ ਕੇ, ਗੁਰੂ ਸਾਹਿਬ ਦਾ ਸਰੂਪ ਦੇਖ ਕੇ। ਪਰ ਇਸ ਦੇ ਵਿਚ ਪੱਕਾ ਨਿਹਚਾ ਹੋਵੇ, ਗੁਰੂ ਦੀ ਹੋਵੇ ਕਿਰਪਾ, ਫੇਰ ਤਾਂ ਲੰਘ ਜਾਂਦਾ ਹੈ। ਜਿਹੜੇ ਦੂਸਰੇ ਨੇ ਉਹ ਨਹੀਂ ਲੰਘਦੇ।

***ਧਾਰਨਾ - ਕੱਚੇ ਝੜ ਜਾਂਦੇ ਨੇ,***
***ਸਹਿਣੀ ਕਸਵੱਟੀ ਔਖੀ -2, 2.***
***ਸਹਿਣੀ ਕਸਵੱਟੀ ਔਖੀ -2, 2.***
***ਕੱਚੇ ਝੜ ਜਾਂਦੇ ਨੇ, ................ -2.***

***ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ੀ ਸਿਞਾਤਾ ਸਾਈ॥***
***ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ॥***
***ਪੰਨਾ - 1425***

ਪੱਕਾ ਹੀ ਲੰਘਦਾ ਹੈ, ਕੱਚਾ ਨਹੀਂ ਲੰਘ ਸਕਦਾ। ਜੇ ਇਹ ਕਰੇ ਕਿ ਮੈਂ ਲੰਘ ਜਾਵਾਂਗਾ, ਨਾ ਸਾਧ ਸੰਗਤ ਜੀ! ਇਹ ਕਿਸੇ ਚੀਜ਼ ਦੀ ਕਸਵੱਟੀ ਲੱਗ ਜਾਵੇ, ਫੇਰ ਕੱਚੇ ਪੱਕੇ ਹੋਣ ਦਾ ਪਤਾ ਲਗਦਾ ਹੈ।

ਗੁਰੂ ਦਸਵੇਂ ਪਾਤਿਸ਼ਾਹ ਮਹਾਰਾਜ! ਆਪ ਜੀ ਦੇ ਵੇਲੇ ਗੁਰਸਿੱਖੀ ਬਹੁਤ ਜੁਆਨ ਹੋ ਚੁੱਕੀ ਸੀ, ਸਿਖਰ ਪਹੁੰਚ ਗਈ ਸੀ ਜਿਥੋਂ ਇਹ ਡੋਲ ਨਹੀਂ ਸਕਦੇ। ਉਸ ਵੇਲੇ ਅਨੰਦਪੁਰ ਸਾਹਿਬ ਦੇ ਅੰਦਰ ਆਪ ਸੰਗਤਾਂ ਨੂੰ ਰੂਹਾਨੀ ਉਪਦੇਸ਼ ਦਿੰਦੇ ਨੇ ਤੇ ਨਾਲ ਦੀ ਨਾਲ ਸ਼ਸ਼ਤਰ ਵਿਦਿਆ ਦਾ ਵੀ ਅਭਿਆਸ ਹੋ ਰਿਹਾ ਹੈ। ਰਾਜਿਆਂ ਨੇ, ਜੋ ਆਲੇ ਦੁਆਲੇ ਦੇ ਸੀ, ਕਈ ਵਾਰੀ ਆ ਕੇ ਝੜਪਾਂ ਲਈਆਂ। ਅਖੀਰ ਇਕ ਬੈਠਕ ਹੋਈ ਬਹੁਤ ਵੱਡੀ - ਬਾਈ ਧਾਰ ਦੇ ਰਾਜਿਆਂ ਦੀ। ਨਾਲ ਇਨ੍ਹਾਂ ਨੇ ਸੂਬੇ ਸਰਹੰਦ ਦੀਆਂ ਫੌਜਾਂ ਰਲਾਈਆਂ। ਕਹਿੰਦੇ ਬਾਰ-ਬਾਰ ਨਾਲੋਂ ਇਕ ਬਾਰ ਹਮਲਾ ਕਰੋ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਥੋਂ ਉਜਾੜ ਦਿਓ ਤੇ ਫੜ ਲਓ। ਗ੍ਰਿਫਤਾਰ ਕਰਕੇ ਔਰੰਗਜੇਬ ਦੇ ਹਵਾਲੇ ਕਰ ਦਿਓ ਨਹੀਂ ਤਾਂ ਰੋਜ-ਰੋਜ ਦਾ ਝੇੜਾ ਰਹਿਣਾ ਹੈ ਕਿ ਅੱਜ ਬਿਲਾਸਪੁਰ ਵਾਲਾ ਲੜ ਪਿਆ, ਕੱਲ੍ਹ ਨੂੰ ਫਲਾਣਾ ਲੜ ਪਿਆ। ਇਕੋ ਵਾਰੀ ਜੋਰ ਲਾ ਕੇ ਦੇਖ ਲਓ। ਉਸ ਵੇਲੇ ਡੇਢ ਲੱਖ ਫੌਜ ਇਕੱਠੀ ਕਰ ਲਈ। ਲੜਾਈਆਂ ਲੜੀਆਂ, ਨੇੜੇ ਨਾ ਜਾਣ। ਓਧਰ ਤਾਂ ਸਿਰ-ਲੱਥ ਸੂਰਮੇ ਸੀ। ਜਿਹੜੇ ਸਿਰ ਲੱਥ ਸੂਰਮੇ ਹੁੰਦੇ ਨੇ ਸਾਧ ਸੰਗਤ ਜੀ! ਉਹ ਕਰਾਮਾਤਾਂ ਕਰਕੇ ਦਿਖਾ ਦਿੰਦੇ ਨੇ, ਫੇਰ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਹੋਵੇ ਦ੍ਰਿਸ਼ਟੀ, ਬਲ ਹੋਵੇ ਗੁਰੂ ਮਹਾਰਾਜ ਜੀ ਦਾ, ਫੇਰ ਤਾਂ ਸਾਹਮਣੇ ਕੋਈ ਆ ਹੀ ਨਹੀਂ ਸਕਦਾ। ਬਹੁਤ ਭਿਆਨਕ ਯੁੱਧ ਹੋਏ, ਬਹੁਤ ਬੰਦੇ ਮਰ ਗਏ। ਅਖੀਰ ਫੈਸਲਾ ਹੋਇਆ ਕਿ ਘੇਰਾ ਪਾ ਲਓ, ਰਾਸ਼ਨ ਖਤਮ ਹੋ ਜਾਏਗਾ, ਉਸੇ ਵੇਲੇ ਇਨ੍ਹਾਂ ਨੂੰ ਫੜ ਲਵਾਂਗੇ। ਘੇਰਾ ਪਾ ਕੇ ਬੈਠ ਗਏ। ਦੋ ਮਹੀਨੇ ਲੰਘ ਗਏ ਘੇਰਾ ਪਾਏ ਨੂੰ। ਸਿੰਘ ਬਾਹਰ ਨਿਕਲਦੇ ਨੇ ਤੇ ਜਿਥੇ ਰਾਸ਼ਨ ਹੁੰਦਾ ਹੈ ਉਨ੍ਹਾਂ ਦਾ, ਉਥੇ ਜਾ ਕੇ ਹੱਲਾ ਕਰਦੇ ਨੇ ਤੇ ਰਾਸ਼ਨ ਚੁੱਕ ਲਿਆਉਂਦੇ ਨੇ। ਅਖੀਰ ਖੰਡੂਰ ਦਾ ਰਾਜਾ ਕੇਸਰੀ ਚੰਦ ਕਹਿਣ ਲਗਿਆ, ਕਿਉਂ ਬੁਜ਼ਦਿਲਾਂ ਵਾਂਗ ਗੱਲਾਂ ਕਰਦੇ ਹੋ। ਆਪਾਂ ਬਹਾਦਰ ਹਾਂ, ਰਾਜਪੂਤਾਂ ਦੀ ਔਲਾਦ ਹਾਂ। ਸਾਡੇ ਬਜੁਰਗ ਮਰ

ਮਿਟਦੇ ਸੀ ਤੇ ਤੁਸੀਂ ਇਹ ਕੀ ਗੱਲਾਂ ਕਰਨ ਲੱਗੇ ਹੋ। ਥੋੜ੍ਹੇ ਜਿਹੇ ਬੰਦੇ ਨੇ ਉਨ੍ਹਾਂ ਨਾਲ, ਉਹ ਕਿਲੇ ਦੇ ਵਿਚ ਲੜਦੇ ਨੇ। ਦੂਸਰੇ ਨੇ ਕਿਹਾ ਕਿ ਕਿਲ੍ਹਾ ਬੜਾ ਮਜ਼ਬੂਤ ਹੈ, ਤੋੜਨਾ ਬੜਾ ਔਖਾ ਹੈ, ਮੈਦਾਨ ਵਿਚ ਆਉਣ ਤਾਂ ਫੇਰ ਸਾਨੂੰ ਪਤਾ ਲੱਗ ਜਾਵੇ, ਫੇਰ ਤਾਂ ਅਸੀਂ ਲੜਾਈ ਲੜੀਏ। ਹੁਣ ਤਾਂ ਲੜਦੇ ਨੇ ਤੇ ਕਿਲ੍ਹੇ ਵਿਚ ਚਲੇ ਜਾਂਦੇ ਨੇ। ਇਕ ਕਹਿੰਦਾ ਉਨ੍ਹਾਂ ਦੀ ਲੜਾਈ ਵੀ ਦੇਖੀ ਹੈ ਤੁਸੀਂ? ਕਿਵੇਂ ਸ਼ਸਤਰ ਚਲਦੇ ਨੇ, ਕਿਵੇਂ ਨੇਜੇ ਚਲਦੇ ਨੇ, ਕਿਵੇਂ ਤਲਵਾਰਾਂ ਚਲਦੀਆਂ ਨੇ, ਜਿਵੇਂ ਬਿਜਲੀਆਂ ਲਿਸ਼ਕਦੀਆਂ ਹੁੰਦੀਆਂ ਨੇ। ਕਿਹੜੀਆਂ ਗੱਲਾਂ ਤੁਸੀਂ ਕਰਦੇ ਹੋ। ਉਹ ਕਹਿਣ ਲੱਗਿਆ ਕਿ ਆਹ ਬੁਜ਼ਦਿਲ ਗੱਲਾਂ ਨਹੀਂ ਅਸੀਂ ਸੁਣਦੇ। ਵਿਉਂਤ ਬਣਾਈ ਕਿ ਕੱਲ੍ਹ ਨੂੰ ਹਾਥੀ ਮਸਤ ਕਰਕੇ ਕਿਲ੍ਹੇ ਦਾ ਦਰਵਾਜ਼ਾ ਤੁੜਵਾਉਣਾ ਹੈ। ਸੋ ਉਸ ਵਿਉਂਤ ਨਾਲ ਇਹ ਕਰ ਲਿਆ ਕਿ ਹੁਣ ਮੋਜੇ ਚੁੱਕ ਲਓ। ਸਾਰੀ ਡੇਢ ਲੱਖ ਫੌਜ ਇਕੱਠੀ ਕਰਕੇ ਹੱਲਾ ਕਰੋ। ਕਿੰਨੇ-ਕੁ ਮਰ ਜਾਣਗੇ? ਦਰਵਾਜਾ ਟੁੱਟ ਜਾਵੇ, ਫੇਰ ਨਹੀਂ ਆਪਾਂ ਜਾਣ ਦੇਣਾ। ਸੋ ਵਿਉਂਤ ਬਣ ਗਈ, ਫੌਜਾਂ ਉਠਣੀਆਂ ਸ਼ੁਰੂ ਹੋ ਗਈਆਂ।

ਜਾਸੂਸ ਬਿਜਲਾ ਸਿੰਘ ਨੇ ਗੁਰੂ ਦਸਮੇਸ਼ ਪਿਤਾ ਕੋਲ ਆ ਕੇ ਅਰਜ ਕੀਤੀ ਕਿ ਪਾਤਿਸ਼ਾਹ! ਫੌਜਾਂ ਉਠ ਰਹੀਆਂ ਨੇ, ਮੋਰਚੇ ਛੱਡ ਕੇ ਜਾ ਰਹੀਆਂ ਨੇ। ਪਤਾ ਨਹੀਂ ਕੋਈ ਨਵੀਂ ਵਿਉਂਤ ਬਣਾਈ ਹੈ ਇਨ੍ਹਾਂ ਨੇ। ਆਪ ਅੰਤਰਜਾਮੀ ਹੋ ਮਹਾਰਾਜ! ਆਪ ਵਿਚਾਰ ਕਰ ਲਓ। ਮਹਾਰਾਜ ਜੀ ਉਸੇ ਤਰ੍ਹਾਂ ਵੇਪਰਵਾਹ ਬੈਠੇ ਨੇ, ਕੋਈ ਗੱਲ ਨਹੀਂ ਕਰੀ ਤੇ ਏਧਰ ਇਹ ਇਕੱਠੇ ਹੁੰਦੇ ਤੁਰੇ ਜਾ ਰਹੇ ਨੇ। ਜਿਹੜੇ ਜਥੇਦਾਰ ਸੀ ਉਹ ਕਹਿਣ ਲੱਗੇ ਕਿ ਹੁਣ ਇਹ ਹਿੱਲ ਰਹੇ ਨੇ, ਚਲੋ ਰਾਸ਼ਨ ਖੋਹੀਏ ਇਨ੍ਹਾਂ ਤੋਂ। ਜਿੰਨਾ ਖੋਹ ਸਕਦੇ ਹਾਂ ਖੋਹ ਲਓ। ਜਾ ਕੇ ਹੱਲਾ ਕਰਿਆ, ਬੇਅੰਤ ਰਾਸ਼ਨ ਖੋਹ ਲਿਆਂਦਾ, ਬਹੁਤ ਸਾਰੇ ਮਾਰ ਦਿੱਤੇ। ਉਸ ਤੋਂ ਬਾਅਦ ਇਹ ਇਕੱਠੇ ਹੋ ਗਏ। ਇਕ ਹਾਥੀ ਮੰਗਵਾਇਆ। ਮਹਾਰਾਜ ਜੀ ਨੂੰ ਆ ਕੇ ਦੱਸਿਆ ਕਿ ਸੱਚੇ ਪਾਤਿਸ਼ਾਹ! ਹਾਥੀ ਮੰਗਵਾ ਲਿਆ ਹੈ, ਬੜਾ ਬਲੀ ਹਾਥੀ ਹੈ ਤੇ ਵਿਉਂਤ ਇਹ ਬਣਾਈ ਹੈ ਕਿ ਹਾਥੀ ਦੇ ਸਿਰ ਤੇ ਤਵੀਆਂ ਬੰਨ੍ਹਣਗੇ। ਬਾਕੀ ਸਾਰੇ ਸਰੀਰ ਦੇ ਲੋਹਾ ਮੜ੍ਹਨਾ ਹੈ ਕਿ ਤੀਰ ਨਾ ਕੋਈ ਲੱਗੇ, ਬਰਛਾ ਵੀ ਨਾ ਲੱਗੇ, ਤਲਵਾਰ ਵੀ ਨਾ ਲੱਗੇ। ਸਾਰੀ ਸੁੰਡ ਵਿਚੋਂ ਕੇਵਲ ਇਕ ਹੱਥ ਬਾਹਰ ਰੱਖੀ ਹੈ ਤੇ ਉਸ ਦੇ ਵਿਚ ਵੀ 5-6 ਫੁੱਟ ਦੀ ਤਲਵਾਰ ਤਿਆਰ ਕਰੀ ਹੈ ਕਿ ਉਹ ਇਸ ਦੇ ਨਾਲ ਬੰਨ੍ਹਣਗੇ।

ਪਾਤਿਸ਼ਾਹ! ਹਾਥੀ ਨੂੰ ਮੜ੍ਹਨ ਵਾਸਤੇ ਲੋਹਾ ਹੀ ਲੋਹਾ ਲਿਆਂਦਾ ਪਿਆ ਹੈ। ਚਾਦਰਾਂ ਬੰਨ੍ਹ ਦੇਣੀਆਂ ਨੇ ਚਾਰੇ ਪਾਸੇ। ਸਾਰੇ ਸਿੰਘ ਬੈਠੇ ਨੇ, ਕੱਲ੍ਹ ਦੀ ਵਿਉਂਤ ਬਣ ਰਹੀ ਹੈ। ਏਨੇ ਨੂੰ ਦੁਨੀ ਚੰਦ, ਜੋ ਮਸੰਦ ਸੀ ਮਾਝੇ ਦਾ, ਉਹ ਆ ਗਿਆ- ਭਾਈ ਸਾਲ੍ਹੋ ਦਾ ਲੜਕਾ। ਉਸ ਨੇ ਆ ਕੇ ਮਹਾਰਾਜ ਜੀ ਨੂੰ ਮੱਥਾ ਟੇਕਿਆ ਤਾਂ ਮਹਾਰਾਜ ਜੀ ਕਹਿੰਦੇ, "ਆਹ ਸਾਡਾ ਹਾਥੀ ਦੇਖੋ ਕਿੱਡਾ ਹੈ। ਪੰਜਾਹ ਇੰਚ ਦੇ ਤਾਂ ਇਸ ਦੇ ਡੌਲੇ ਨੇ, ਛਾਤੀ ਬਵੰਜਾ-ਤਰਵੰਜਾ ਇੰਚ ਹੈ। ਇਹ ਤਾਂ ਆਪ ਹੀ ਹਾਥੀ ਨਾਲੋਂ ਤਕੜਾ ਹੈ। ਇਹ ਕੱਲ੍ਹ ਨੂੰ ਲੜੇਗਾ, ਬੇਫਿਕਰ ਰਹੋ ਤੁਸੀਂ।"

ਭਾਈ ਬਚਿੱਤਰ ਸਿੰਘ ਜੀ ਖ਼ੂਨੀ ਹਾਥੀ ਨਾਲ ਯੁੱਧ ਕਰਦੇ ਹੋਏ।

ਗੱਲ ਸੁਣ ਲਈ, ਮੂੰਹ ਪੀਲਾ ਹੋਣਾ ਸ਼ੁਰੂ ਹੋ ਗਿਆ ਕਿ ਮਸਤ ਹਾਥੀ ਨਾਲ ਮੇਰੀ ਲੜਾਈ? ਅਸੀਂ ਤਾਂ ਸੰਗਤਾਂ ਇਥੇ ਲਿਆਉਂਦੇ ਹਾਂ ਤੇ ਗੁਰੂ ਮਹਾਰਾਜ ਆਹ ਕੀ ਕਰਨ ਲੱਗ ਗਏ? ਆਪਣੇ ਆਪ ਨੂੰ ਕਿਹਾ ਕਰਦਾ ਸੀ ਕਿ ਮੇਰੇ ਮੁਕਾਬਲੇ ਦਾ ਸੂਰਮਾ ਸਾਰੇ ਪੰਜਾਬ ਵਿਚ ਨਹੀਂ ਹੈ। ਜੇ ਮੈਂ ਦੋਹਾਂ ਹੱਥਾਂ ਦੇ ਨਾਲ ਤਲਵਾਰ ਮਾਰਾਂ ਤਾਂ ਜੁਆਨ ਦੇ ਸਾਰੇ ਜਰ੍ਹਾ-ਬਖਤਰ

(ਲੋਹੇ ਦੀ ਵਰਦੀ) ਕੱਟ ਕੇ, ਘੋੜੇ ਦੀ ਕਾਠੀ ਕੱਟ ਕੇ, ਪਿੱਠ ਘੋੜੇ ਦੀ ਕੱਟ ਕੇ ਧਰਤੀ ਦੇ ਵਿਚ ਵੀ ਹੱਥ ਭਰ ਮੇਰੀ ਤਲਵਾਰ ਖੁਭ ਜਾਂਦੀ ਹੈ। ਬੜੀਆਂ ਸ਼ੇਖੀਆਂ ਮਾਰਿਆ ਕਰਦਾ ਸੀ। ਮਹਾਰਾਜ ਜੀ ਨੂੰ ਪਤਾ ਸੀ ਕਿ ਵਕਤ ਆਏ ਤੇ ਕਿਤੇ ਪਰਖਾਂਗੇ ਏਸ ਨੂੰ। ਸੋ ਓਸ ਵੇਲੇ ਕਸਵੱਟੀ ਲੱਗ ਗਈ ਸਾਧ ਸੰਗਤ ਜੀ! ਦਮ ਚੜ੍ਹ ਗਿਆ, ਥੋੜ੍ਹੀ ਦੇਰ ਗੁਰੂ ਸਾਹਿਬ ਕੋਲ ਬੈਠਾ। ਪਾਣੀ ਦੀ ਪਿਆਸ ਲੱਗੀ, ਉਠ ਕੇ ਪਾਣੀ ਪੀਣ ਚਲਿਆ ਗਿਆ। ਡੇਰੇ ਆ ਗਿਆ, ਮੰਜੇ ਤੇ ਪੈ ਗਿਆ।

ਸੇਵਾਦਾਰ ਪੁਛਦੇ ਨੇ ਕਿ ਕੀ ਗੱਲ ਮਹਾਰਾਜ! ਕੁਝ ਤਬੀਅਤ ਖਰਾਬ ਹੈ?"

ਕਹਿੰਦੇ, ਨਹੀਂ! ਭਾਈ ਦਯਾ ਸਿੰਘ ਨੂੰ ਮਿਲਣਾ ਹੈ।"

ਭਾਈ ਦਯਾ ਸਿੰਘ ਜੀ ਦਾ ਪਤਾ ਕਰਿਆ, ਕਹਿੰਦੇ ਉਹ ਆਪਣੇ ਡੇਰੇ ਵਿਚ ਹੀ ਹੈ। ਪਤਾ ਕਰਕੇ ਉਥੇ ਚਲਿਆ ਗਿਆ।

ਕਹਿੰਦਾ, "ਭਾਈ ਦਯਾ ਸਿੰਘਾ! ਦੇਖ ਆਪਾਂ ਮਾਝੇ ਦੇ ਰਹਿਣ ਵਾਲੇ ਹਾਂ ਦੋਵੇਂ। ਤੂੰ ਲਾਹੌਰ ਦਾ ਤੇ ਮੈਂ ਪੱਟੀ ਦਾ। ਆਹ ਗੁਰੂ ਸਾਹਿਬ ਕੀ ਕਰਨ ਲੱਗ ਗਏ? ਆਪਾਂ ਨੂੰ ਹੀ ਮਰਵਾਉਣ ਲੱਗ ਗਏ।"

ਆਪਣਾ ਬਣਾ ਲਿਆ ਨਾਲ ਹੁਣ ਭਾਈ ਦਯਾ ਸਿੰਘ ਨੂੰ।

ਕਹਿੰਦਾ, "ਕੱਲ੍ਹ ਨੂੰ ਮੈਨੂੰ ਕਹਿੰਦੇ ਹਾਥੀ ਨਾਲ ਲੜ। ਹਾਥੀ ਨਾਲ ਲੜਨਾ ਕਿਤੇ ਖੇਡ ਹੈ? ਤੇ ਮੈਂ ਕਿੰਨੀ ਸੇਵਾ ਕਰਦਾ ਹਾਂ, ਕਿੰਨੇ ਸਿੱਖ ਲੈ ਕੇ ਆਉਂਦਾ ਹਾਂ, ਕਿੰਨੀ ਭੇਟਾ ਲਿਆਉਂਦਾ ਹਾਂ। ਆਹੀ ਮੈਨੂੰ ਫਲ ਮਿਲਣਾ ਸੀ ਕਿ ਹਾਥੀ ਤੋਂ ਮਰਵਾਉਣਾ ਹੈ?"

ਭਾਈ ਸਾਹਿਬ ਕਹਿੰਦੇ, "ਭਾਈ ਦੁਨੀ ਚੰਦ! ਤੂੰ ਹੌਸਲਾ ਨਾ ਹਾਰ। ਬਲ ਤਾਂ ਗੁਰੂ ਮਹਾਰਾਜ ਜੀ ਦਾ ਕੰਮ ਕਰਨਾ ਹੈ। ਤੈਥੋਂ ਤਾਂ ਇਹ ਕੰਮ ਕਰਵਾਉਣਾ ਹੈ, ਤੇਰੀ ਤਾਂ ਨੇਕ ਨਾਮੀ ਹੋਣੀ ਹੈ।"

ਕਹਿੰਦਾ, "ਸੁਆਹ ਨੇਕ ਨਾਮੀ, ਮਰਨ ਤੋਂ ਬਾਅਦ ਹੋਈ ਜਾਵੇ ਜਿਹੜੀ ਹੋਣੀ ਹੈ। ਜਦੋਂ ਦੇਖਿਆ ਕਿ ਨਾਲ ਨਹੀਂ ਰਲਦੇ, ਫੇਰ ਬਾਬੇ ਬੁੱਢੇ ਕਿਆਂ ਦੇ ਕੋਲ ਚਲਿਆ ਗਿਆ – ਬਾਬਾ ਗੁਰਬਖਸ਼ ਸਿੰਘ ਕੋਲ, ਬਾਬਾ ਰਾਮ ਕੁਇਰ ਕੋਲ।

ਕਹਿਣ ਲੱਗਿਆ, "ਦੇਖੋ! ਤੁਸੀਂ ਹੋ ਰਾਮਦਾਸ ਦੇ। ਮੈਂ ਵੀ ਮਾਝੇ ਦਾ ਤੇ ਤੁਸੀਂ ਵੀ ਮਾਝੇ ਦੇ। ਆਹ ਗੁਰੂ ਸਾਹਿਬ ਕੀ ਕਰਨ ਲੱਗ ਗਏ? ਮੈਨੂੰ ਮਰਵਾਉਂਦੇ ਨੇ। ਪਹਿਲੇ ਗੁਰੂ ਦੇਖੋ, ਗੁਰੂ ਨਾਨਕ ਸਾਹਿਬ ਤੋਂ ਦੇਖੋ, ਕੋਈ ਲੜਾਈ ਲੜਦਾ ਸੀ? ਇਨ੍ਹਾਂ ਨੂੰ ਤਾਂ ਜਿਵੇਂ ਲੜਨ ਦਾ ਸ਼ੌਕ ਹੀ ਲੱਗਿਆ ਹੁੰਦਾ ਹੈ।"

ਸੋ ਨਿੰਦਿਆ ਕਰਦਾ ਹੈ। ਕਿੰਨੀਆਂ ਹੀ ਗੱਲਾਂ ਕਹਿ ਦਿੱਤੀਆਂ।

ਉਹ ਕਹਿੰਦੇ, "ਓ ਗੁਰਮੁਖਾ! ਇਹ ਤਾਂ ਗੁਰੂ ਦੀ ਮਾਇਆ ਹੈ। ਤੂੰ ਡੋਲ ਨਾ, ਤੈਨੂੰ ਤਾਂ ਨੇਕ-ਨਾਮੀ ਮਿਲਣੀ ਹੈ।"

ਨਹੀਂ ਡਟਦਾ ਕਿਉਂਕਿ ਸਾਧ ਸੰਗਤ ਜੀ! ਸਤਿਗੁਰੂ ਦੀ ਮਾਇਆ ਜਿਹੜੀ ਹੈ ਇਸ ਨੂੰ ਜਣਾ ਖਣਾ ਨਹੀਂ ਸਹਿ ਸਕਦਾ। ਏਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਇਹ ਮਾਇਆ ਸਤਿਗੁਰੂ ਦੀ,***
***ਪਿਆਰਿਓ ਝੱਲਣੀ ਹੈ ਅਤਿ ਔਖੀ –2, 2.***
***ਝੱਲਣੀ ਹੈ ਅਤਿ ਔਖੀ ਪਿਆਰੇ –2, 2.***
***ਇਹ ਮਾਇਆ ਸਤਿਗੁਰੂ ਦੀ,...... –2.***

ਕਹਿਣ ਲੱਗਾ, "ਬਾਬਾ ਜੀ! ਤੁਹਾਡੇ ਵਿਚ ਤਾਂ ਸ਼ਕਤੀ ਹੈ ਕਿ ਜਿਸ ਦੇ ਤਿਲਕ ਲਾ ਦੇਵੋਂ, ਓਹੀ ਗੁਰੂ ਹੋ ਜਾਂਦਾ ਹੈ।"

ਕਹਿੰਦੇ, "ਫੇਰ?"

ਹੁਣ ਅਕਲ ਕੰਮ ਕਰ ਰਹੀ ਹੈ, ਭਰੋਸਾ ਨਹੀਂ ਕੰਮ ਕਰ ਰਿਹਾ।

ਬਾਬਾ ਜੀ ਕਹਿਣ ਲੱਗੇ, "ਪ੍ਰੇਮੀਆਂ! ਇਹ ਤਾਂ ਸਤਿਗੁਰੂ ਦੀ ਮਾਇਆ ਹੈ, ਤੂੰ ਤਕੜਾ ਹੋ, ਹੌਸਲਾ ਕਰ। ਤੈਨੂੰ ਕੋਈ ਮਰਵਾਉਣ ਵਾਸਤੇ ਕਹਿੰਦੇ ਨੇ? ਬਲ ਤਾਂ ਓਨ੍ਹਾਂ ਨੇ ਦੇਣਾ ਹੈ।"

ਕਹਿੰਦਾ, "ਨਾ! ਮੈਂ ਦੇਖਦਾ ਹਾਂ ਕੁਝ ਨਹੀਂ ਉਹ ਕਰਦੇ। ਆਹ ਦੇਖੋ ਕਿੰਨੇ ਸਿੰਘ ਰੋਜ਼ ਸ਼ਹੀਦ ਹੁੰਦੇ ਨੇ। ਫੇਰ ਤਾਂ ਇਕ ਵੀ ਸ਼ਹੀਦ ਨਾ ਹੋਵੇ।"

ਏਸ ਤਰ੍ਹਾਂ ਦੀਆਂ ਕੱਚੀਆਂ-ਪਿੱਲੀਆਂ ਗੱਲਾਂ ਕਰੀਆਂ। ਹੋਰ ਵੀ ਜਿਹੜੇ ਮਾਝੇ ਦੇ ਚੰਗੇ-ਚੰਗੇ ਸਿੱਖ ਸੀ, ਉਨ੍ਹਾਂ ਕੋਲ ਜਾਂਦਾ ਹੈ। ਦੂਜਿਆਂ ਨੂੰ ਵੀ ਵਰਗਲਾਉਂਦਾ ਹੈ। ਅਖੀਰ ਆਪਣੇ ਡੇਰੇ ਆ ਗਿਆ ਤੇ ਸਾਥ ਨਾ ਕਿਸੇ ਨੇ ਦਿੱਤਾ। ਉਥੇ ਆ ਕੇ ਸਾਰਿਆਂ ਨੂੰ ਬੁਲਾ ਲਿਆ ਜਿਹੜੀ ਸੰਗਤ ਲੈ ਕੇ ਆਇਆ ਸੀ।

ਕਹਿੰਦਾ, "ਲਓ ਬਈ ਪ੍ਰੇਮੀਓ! ਆਪਣਾ ਤਾਂ ਦੋ ਟੁਕ ਹੋ ਗਿਆ ਕੰਮ। ਗੁਰੂ ਤਾਂ ਆਪਾਂ ਨੂੰ ਮਰਵਾਉਣ ਲੱਗਿਆ ਹੋਇਆ ਹੈ। ਮੈਨੂੰ ਮਰਨ ਲਈ ਕਿਹਾ ਹੈ ਤੇ ਮੇਰੇ ਨਾਲ ਤੁਸੀਂ ਸਭ ਨੇ ਜਾਣਾ ਹੈ ਤੇ ਆਪਾਂ ਤਾਂ ਸਾਰੇ ਖਤਮ ਹਾਂ। ਸਾਨੂੰ ਗੁਰੂ ਦੀ ਹੀ ਲੋੜ ਹੈ ਨਾ? ਆਪਾਂ ਚੱਲ ਕੇ ਧੀਰ ਮੱਲ ਨੂੰ ਬਣਾਉਂਦੇ ਹਾਂ ਗੁਰੂ। ਬਥੇਰੀ ਮਾਝੇ ਦੀ ਸੰਗਤ ਹੈ ਮੇਰੇ ਨਾਲ, ਕਿਉਂ ਇਥੇ ਲੜ ਕੇ ਮਰਦੇ ਹਾਂ?"

ਸੋ ਵਿਉਂਤ ਬਣਾ ਲਈ। ਅੱਧੀ ਰਾਤ ਹੋ ਗਈ। ਲੱਜਾਂ (ਵੱਡੀਆਂ ਲੰਮੀਆਂ ਰੱਸੀਆਂ) ਲੈ ਲਈਆਂ। ਜਿਥੇ ਦੇਖਿਆ ਪਹਿਰੇਦਾਰ ਘੱਟ ਨੇ ਉਸ ਥਾਂ ਤੋਂ ਹਨ੍ਹੇਰੇ ਵਿਚ ਲੱਜ ਪਾ ਲਈ ਤੇ ਲੱਜਾਂ ਦੇ ਨਾਲ, ਉਤਰਨਾ ਸ਼ੁਰੂ ਕਰ ਦਿੱਤਾ। ਆਪ ਉਪਰ ਖੜ੍ਹਿਆ ਉਤਾਰ ਰਿਹਾ ਹੈ ਤੇ ਕਿੰਨੇ ਹੀ ਬੰਦੇ ਕੱਢ ਦਿੱਤੇ ਤੇ ਅਖੀਰ ਵਿਚ ਆਪ ਉਤਰਨ ਲੱਗਿਆ। ਜਦੋਂ ਵਿਚਾਲੇ ਆਇਆ, ਕਿਉਂਕਿ ਭਾਰਾ ਸੀ ਕਈ ਕੁਇੰਟਲ ਦਾ, ਲੱਜ ਤੋਂ ਬੋਝ ਸਹਿ ਨਾ ਹੋਇਆ, ਧੜੰਮ ਥੱਲੇ ਗਿਰਿਆ, ਗਿਰਦੇ ਦੀ ਹੀ ਲੱਤ ਟੁੱਟ ਗਈ, ਹਾਏ-ਹਾਏ ਕਰਨ ਲੱਗ ਗਿਆ। ਨਾਲ ਦੇ ਸਿੱਖ ਕਹਿੰਦੇ ਰੌਲਾ ਨਾ ਪਾਓ, ਫੜ ਕੇ ਲੈ ਜਾਣਗੇ। ਚੁੱਪ

ਕਰੋ, ਅੱਗੇ ਜਾ ਕੇ ਕਰ ਲਿਓ। ਉਥੋਂ ਮੰਜਾ ਲੈ ਆਂਦਾ ਕੋਈ, ਉਸ ਦੇ ਉਤੇ ਪਾ ਕੇ ਲਈ ਜਾਂਦੇ ਨੇ। ਸਾਧ ਸੰਗਤ ਜੀ! ਇਉਂ ਝੜ ਜਾਂਦੇ ਨੇ ਕੱਚੇ ਜਿਹੜੇ ਹੁੰਦੇ ਨੇ –

***ਧਾਰਨਾ – ਕੱਚੇ ਝੜ ਗਏ ਸਿਦਕ ਤੋਂ ਹੀਣੇ,***
***ਪਿੱਠ ਦੇ ਕੇ ਸਤਿਗੁਰੂ ਨੂੰ – 2, 2.***
***ਮੇਰੇ ਪਿਆਰੇ, ਪਿੱਠ ਦੇ ਕੇ ਸਤਿਗੁਰੂ ਨੂੰ –2.***
***ਕੱਚੇ ਝੜ ਗਏ ਸਿਦਕ ਤੋਂ ਹੀਣੇ,.......2***

***ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ॥***
***ਪੰਨਾ – 1425***

ਪਿੱਠ ਦੇ ਗਏ ਗੁਰੂ ਦਸਮੇਸ਼ ਪਿਤਾ ਨੂੰ। ਤੁਰੇ ਜਾਂਦੇ ਨੇ, ਬਹੁਤਿਆਂ ਦੇ ਮਨ ਡੋਲ ਰਹੇ ਨੇ, ਕਹਿੰਦੇ ਫੇਰ ਵੀ ਤਾਂ ਮਰਨਾ ਹੈ। ਕਿੱਡੀ ਗਲਤੀ ਕਰੀ ਅਸੀਂ ਕਿ ਗੁਰੂ ਮਹਾਰਾਜ ਜੀ ਨੂੰ ਐਸੇ ਮੌਕੇ ਤੇ ਪਿੱਠ ਦੇ ਕੇ ਤੁਰ ਗਏ। ਚਲਦੇ ਚਲਦੇ ਮਾਝੇ 'ਚ ਪਹੁੰਚ ਗਏ। ਆਪਣੇ ਘਰ ਪਹੁੰਚ ਗਿਆ, ਉਥੇ ਜਦੋਂ ਪਤਾ ਲੱਗਿਆ, ਬੇਅੰਤ ਸੰਗਤ ਮਿਲਣ ਆਉਂਦੀ ਹੈ, ਹਰੇਕ ਹੀ ਕਹਿੰਦਾ ਹੈ ਕਿ ਤੂੰ ਇਹ ਮਾੜਾ ਕੰਮ ਕਰਿਆ। ਘਰਵਾਲੀ ਨੂੰ ਅਤੇ ਸੇਵਾਦਾਰਾਂ ਨੂੰ ਕਿਹਾ ਕਿ ਮੈਨੂੰ ਕੋਈ ਨਾ ਮਿਲੇ।

ਕਹਿਣ ਲੱਗੇ, "ਮਹਾਰਾਜ! ਤੁਹਾਡਾ ਮੰਜਾ ਬਾਹਰ ਹੈ, ਸਭ ਨੇ ਮਿਲਣਾ ਹੈ।"

ਕਹਿੰਦਾ, "ਕੋਠੜੀ ਵਿਚ ਡਾਹ ਦਿਓ।" ਮੰਜਾ ਚੁੱਕ ਕੇ ਕੋਠੜੀ ਵਿਚ ਡਾਹ ਦਿੱਤਾ, ਉਥੇ ਕਾਲਾ ਨਾਗ ਰਹਿੰਦਾ ਸੀ। ਲੱਤ ਟੁੱਟੀ ਹੋਈ ਹੈ, ਹਾਏ ਹਾਏ ਕਰੀ ਜਾਂਦਾ ਹੈ। ਮੰਜਾ ਅੰਦਰ ਡਾਹ ਕੇ ਜਦੋਂ ਬਿਠਾਇਆ ਤੇ ਇਸ ਨੇ ਲੱਤ ਹੇਠਾਂ ਰੱਖੀ, ਉਦੋਂ ਹੀ ਕਾਲੇ ਨਾਗ ਨੇ ਡੰਗ ਮਾਰਿਆ।

ਕਹਿੰਦਾ, "ਓਏ! ਖਾ ਲਿਆ ਸੱਪ ਨੇ, ਮਰ ਗਿਆ ਮੈਂ।"

ਉਸ ਵੇਲੇ ਸਿਆਣੇ ਬੰਦੇ ਕਹਿੰਦੇ, "ਓ ਦੁਨੀਚੰਦ! ਮੌਤ ਤਾਂ ਰੁਕ ਨਹੀਂ ਸਕਦੀ ਪਰ ਸਾਰੀ ਜ਼ਿੰਦਗੀ ਦੀ ਕੀਤੀ ਹੋਈ ਅਖੀਰ ਵਿਚ ਗੁਆ ਲਈ ਤੂੰ ਤੇ ਹੁਣ ਜਿਹੜੀ ਤੇਰੀ ਮੌਤ ਹੈ ਇਹ ਨਿੰਦਣ ਵਾਲੀ ਮੌਤ ਹੈ, ਇਹ ਕੋਈ ਸਲਾਹੁਣ ਵਾਲੀ ਮੌਤ ਨਹੀਂ ਹੈ।"

***ਧਾਰਨਾ – ਕਿਉਂ ਜਨਮ ਗਵਾ ਲਿਆ ਓ,***
***ਮੂਰਖਾ ਗੁਰਾਂ ਤੋਂ ਬੇਮੁਖ ਹੋ ਕੇ –2, 2.***
***ਗੁਰਾਂ ਤੋਂ ਬੇਮੁਖ ਹੋ ਕੇ ਮੂਰਖਾ –2, 2.***
***ਕਿਉਂ ਜਨਮ ਗਵਾ ਲਿਆ ਓ,... –2.***

***ਮਨਮੁਖਿ ਆਵੈ ਮਨਮੁਖਿ ਜਾਵੈ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥***
***ਪੰਨਾ – 1073***

ਕਹਿੰਦੇ, "ਓ ਪ੍ਰੇਮੀਆਂ! ਮੌਤ ਤਾਂ ਟਲਣੀ ਨਹੀਂ ਸੀ ਤੇ ਹੁਣ ਗੁਰੂ ਤੋਂ ਬੇਮੁਖ ਹੋ ਗਿਆ।"

ਏਧਰ ਗੁਰੂ ਦਸਵੇਂ ਪਾਤਿਸ਼ਾਹ ਜੀ ਨੂੰ ਸਵੇਰੇ ਹੀ ਸਿੰਘਾਂ ਨੇ ਦੱਸਿਆ ਕਿ ਮਹਾਰਾਜ! ਤੁਹਾਡਾ ਹਾਥੀ ਤਾਂ ਨੱਠ ਗਿਆ ਰਾਤ।

ਮਹਾਰਾਜ ਜੀ ਕਹਿੰਦੇ, "ਮੌਤ ਤੋਂ ਡਰਦਾ ਨੱਠਿਆ ਹੈ ਉਹ। ਟਲ ਜਾਣੀ ਸੀ ਇਥੇ ਮੌਤ ਉਸ ਦੀ ਪਰ ਹੁਣ ਤਾਂ ਤਿਆਰ ਹੀ ਖੜ੍ਹੀ ਹੈ ਜਾਂਦੇ ਨੂੰ।"

ਕਹਿੰਦੇ, "ਮਹਾਰਾਜ! ਹੁਣ ਕੀ ਹੋਏਗਾ?"

ਮਹਾਰਾਜ ਜੀ ਕਹਿੰਦੇ, "ਸਾਡਾ ਸ਼ੇਰ ਖੜ੍ਹਾ ਹੈ ਬਚਿੱਤਰ ਸਿੰਘ।"

ਨਾਉਂ ਲੈਣ ਦੀ ਦੇਰ ਸੀ, ਜੈਕਾਰੇ ਬੁਲਾਉਣ ਲੱਗ ਗਿਆ, ਚਾਓ ਚੜ੍ਹ ਗਿਆ ਕਿ ਮਹਾਰਾਜ ਜੀ ਨੇ ਅੱਜ ਮੈਨੂੰ ਆਪਣਾ ਬਲ ਦੇਣਾ ਹੈ। ਚਰਨਾਂ ਤੇ ਆ ਕੇ ਨਮਸ਼ਕਾਰ ਕੀਤੀ।

ਕਹਿੰਦਾ, "ਪਾਤਿਸ਼ਾਹ! ਮੇਰੇ ਵਿਚ ਬਲ ਨਹੀਂ ਹੈ, ਆਪ ਬਲ ਦੇਵੋਗੇ ਤਾਂ ਇਕ ਹਾਥੀ ਤਾਂ ਕੀ, ਕੁਝ ਕਰਾ ਲਓ ਚਾਹੇ।"

ਸੋ ਓਧਰੋਂ ਹਾਥੀ ਨੂੰ ਸਵਾ ਮਣ ਸ਼ਰਾਬ ਪਿਲਾ ਕੇ, ਤਲਵਾਰ ਉਸ ਦੀ ਸੁੰਡ ਦੇ ਨਾਲ ਬੰਨ੍ਹ ਕੇ, ਸਾਰੇ ਬਰਛਿਆਂ ਦੇ ਨਾਲ ਹੱਕੀਂ ਆਉਂਦੇ ਨੇ ਦਰਵਾਜੇ ਵੱਲ ਨੂੰ।

ਸਿੰਘ ਕਹਿੰਦੇ, "ਮਹਾਰਾਜ! ਨੇੜੇ ਹੀ ਆ ਗਏ।"

ਮਹਾਰਾਜ ਜੀ ਕਹਿੰਦੇ, "ਕੋਈ ਨਾ! ਸਾਡਾ ਸ਼ੇਰ ਜਾਣ ਨੂੰ ਤਿਆਰ ਹੈ।"

ਮਹਾਰਾਜ ਜੀ ਨੇ ਤੋਸ਼ੇਖਾਨੇ ਵਿਚੋਂ ਨਾਗਣੀ ਮੰਗਾਈ, ਦੱਸਿਆ ਵਲ ਕਿ ਏਸ ਤਰ੍ਹਾਂ ਮਾਰਨੀ ਹੈ। ਸਾਰੀ ਗੱਲ ਸਮਝਾ ਦਿੱਤੀ।

ਏਧਰ ਉਦੈ ਸਿੰਘ ਨੂੰ ਕਹਿਣ ਲੱਗੇ, "ਜਦੋਂ ਇਹ ਹਾਥੀ ਨੂੰ ਜ਼ਖਮੀ ਕਰ ਦੇਵੇ ਤਾਂ ਹਾਥੀ ਨੇ ਪਿੱਛੇ ਨੂੰ ਹਟਣਾ ਹੈ। ਉਸ ਵੇਲੇ ਹਫੜਾ ਤਫੜੀ ਪੈਣੀ ਹੈ ਤੇ ਤੇਰਾ ਕੀ ਕੰਮ ਹੈ?"

ਕਹਿੰਦਾ, "ਮਹਾਰਾਜ! ਜੋ ਹੁਕਮ ਹੋਵੇ।"

ਕਹਿੰਦੇ, "ਤੂੰ ਕੇਸਰੀ ਚੰਦ ਦਾ ਸਿਰ ਲਿਆਉਣਾ ਹੈ। ਬਹੁਤ ਘੁਮੰਡੀ ਹੈ ਇਹ, ਬੜਾ ਅਭਿਮਾਨ ਹੈ ਇਹਦੇ ਅੰਦਰ।"

ਸੋ ਇਸੇ ਤਰ੍ਹਾਂ ਹੋਇਆ। ਜਦੋਂ ਫੌਜ ਨੇੜੇ ਆ ਗਈ। ਜਦੋਂ ਲੋਹਗੜ੍ਹ ਕਿਲ੍ਹੇ ਦੇ ਦਰਵਾਜੇ ਤੇ ਟੱਕਰ ਮਾਰਨ ਲੱਗੇ, ਉਸੇ ਵੇਲੇ ਘੋੜੇ ਤੇ ਸਵਾਰ ਹੋ ਕੇ ਬਾਹਰ ਨਿਕਲ ਆਇਆ ਇਕੱਲਾ ਹੀ। ਉਧਰੋਂ ਹਾਥੀ ਆਉਂਦਾ ਹੈ ਤੇ ਏਧਰੋਂ ਇਹ ਸ਼ੇਰ ਜਾਂਦਾ ਹੈ। ਜਾਂਦੇ ਨੇ ਹੀ ਰਕਾਬਾਂ ਤੇ ਪੈਰ ਟਕਾ ਕੇ ਪੂਰੇ ਜੋਰ ਦੇ ਨਾਲ ਗੁਰੂ ਕਲਗੀਧਰ ਦਾ ਧਿਆਨ ਧਰ ਕੇ ਨਾਗਣੀ ਮਾਰੀ ਤੇ ਉਹ ਤਵੇ ਚੀਰਦੀ ਹੋਈ ਹਾਥੀ ਦੇ ਸਿਰ ਵਿਚ ਧਸ ਗਈ, ਚੀਕਾਂ ਮਾਰਦਾ ਹਾਥੀ ਉੱਚੀ-ਉੱਚੀ, ਪਿਛੇ ਨੂੰ ਮੁੜ ਗਿਆ। ਫੌਜ ਨੂੰ ਮਿਧਦਾ ਹੀ ਤੁਰਿਆ ਜਾਂਦਾ ਹੈ, ਹਫੜਾ ਤਫੜੀ ਮਚ ਗਈ। ਉਦੈ ਸਿੰਘ ਨੇ ਉਸੇ ਵੇਲੇ ਥੋੜ੍ਹੇ-ਜਿਹੇ ਸਿੰਘ ਨਾਲ ਲੈ ਕੇ ਕੇਸਰੀ ਚੰਦ ਦਾ ਸਿਰ ਵੱਢ ਲਿਆ। ਸੋ ਇਹ ਕਰਦਾ ਕਰਾਉਂਦਾ ਗੁਰੂ ਹੈ, ਨਿਹਚਾ ਹਿੱਲ ਜਾਇਆ ਕਰਦਾ ਹੈ।

***'ਚਲਦਾ'***

# ਜੇਲ੍ਹ ਚਿੱਠੀਆਂ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-53)*

## ਗ੍ਰਿਫਤਾਰੀ ਤੇ ਮੁਕੱਦਮਾ

ੴ ਵਾਹਿਗੁਰੂ ਜੀ ਕੀ ਫਤਹਿ

ਪਿਆਰੇ ਭਾਈ ਨਾਹਰ ਸਿੰਘ ਜੀ,

ਆਪ ਦੀ ਇਛਿਆ ਅਨੁਸਾਰ ਪੁਲਿਸ ਅਫਸਰਾਂ ਦੇ ਨਾਲ ਜੋ ਮੇਰੀ ਬਾਤ ਚੀਤ ਹੋਈ ਸੋ ਜਿਤਨਾ ਕੁ ਮੇਰੇ ਯਾਦ ਹੈ ਉਸ ਦਾ ਸਾਰ ਅੰਸ਼ ਮਾਤਰ ਯਥਾਸ਼ਕਤ ਹੇਠ ਲਿਖੇ ਪ੍ਰਸ਼ਨ ਉਤਰ ਵਿਚ ਵਰਨਣ ਕਰਦਾ ਹਾਂ। ਪਹਿਲੀ ਬਾਤ ਰਿਆਸਤੀ ਸਰਦਾਰ ਗੁਰਦਿਆਲ ਸਿੰਘ ਸੁਪ੍ਰੰਟੰਡੰਟ ਪੁਲਿਸ ਨਾਭਾ ਨਾਲ ਲੁਧਿਆਣੇ ਸ਼ਹਿਰ ਵਿਚ, ਲੁਧਿਆਣੇ ਦੇ ਡਿਪਟੀ ਸੁਪ੍ਰੰਟੰਡੰਟ ਪੁਲਿਸ ਖਾਨ ਅਤਾ ਮੁਹੰਮਦ ਖਾਂ ਦੇ ਘਰ ਹੋਈ ਜੋ ਇਸ ਪ੍ਰਕਾਰ ਹੈ -

ਸੁਪ੍ਰੰਟੰਡੰਟ ਪੁਲਿਸ ਨਾਭਾ - ਸਿੰਘ ਸਾਹਿਬ ਜੀ! ਆਪ ਸੱਚੇ ਸਿੰਘ ਹੋ। ਆਸ਼ਾ ਹੈ ਕਿ ਜੋ ਕੁਝ ਆਪ ਤੋਂ ਪੁਛਦਾ ਹਾਂ, ਸੱਚ ਸੱਚ ਦੱਸੋਗੇ।

ਮੈਂ - ਕੀ ਆਪ ਝੂਠੇ ਸਿੱਖ ਹੋ ਜੋ ਮੈਨੂੰ ਸੱਚਾ ਸਿੱਖ ਸਮਝ ਕੇ ਫੇਰ ਵੀ ਸਚਿਆਈ ਵਿਚ ਸ਼ੱਕ ਰਖਦੇ ਹੋ ਕਿਉਂਕਿ ਜੋ ਖੁਦ ਸੱਚਾ ਸਿੰਘ ਹੁੰਦਾ ਹੈ ਉਸ ਨੂੰ ਦੂਸਰੇ ਸਿੰਘ ਭੀ ਅਵੱਸ਼ ਮਨ, ਬਚ ਕਰਮ ਕਰਕੇ ਸੱਚੇ ਹੀ ਪ੍ਰਤੀਤ ਹੁੰਦੇ ਹਨ।

ਸੁਪ੍ਰੰ:- ਮੈਂ ਤਾਂ ਸੱਚਾ ਸਿੱਖ ਨਹੀਂ, ਐਵੇਂ ਝੂਠਾ ਮੂਠਾ ਹੀ ਸਿੱਖ ਹਾਂ। ਜਿਸ ਤਰ੍ਹਾਂ ਮੈਂ ਆਪਣੇ ਨਾਂ-ਸੱਚੇ ਸਿੱਖ ਹੋਣ ਦੀ ਸੱਚੀ ਗੱਲ ਸੱਚੇ ਦਿਲ ਨਾਲ ਆਖਦਾ ਹਾਂ, ਉਸੇ ਤਰ੍ਹਾਂ ਹੀ ਉਸ ਸੱਚੇ ਦਿਲ ਨਾਲ ਮੈਂ ਆਪ ਨੂੰ ਮਨ, ਬਚ, ਕ੍ਰਮ ਕਰਕੇ ਸੱਚਾ ਸਿੱਖ ਪ੍ਰਤੀਤ ਕਰਦਾ ਹਾਂ।

ਮੈਂ - ਜੇ ਆਪ ਮੈਨੂੰ ਸੱਚਮੁੱਚ ਹੀ ਸੱਚਾ ਸਿੱਖ ਸਮਝਦੇ ਹੋ ਤਾਂ ਆਪ ਪੁਲਿਸ ਅਫਸਰ ਦੀ ਹੈਸੀਅਤ ਵਿਚ ਜੋ ਮੈਥੋਂ ਸੱਚ ਪੁਛਣਾ ਚਾਹੁੰਦੇ ਹੋ, ਇਸ ਤੋਂ ਤਾਂ ਸਾਫ ਸਿੱਧ ਹੈ ਕਿ ਆਪ ਨੂੰ ਮੇਰੇ ਸਚਿਆਰ ਹੋਣ ਵਿਚ ਜ਼ਰੂਰ ਕੁਛ ਸ਼ੱਕ ਹੈ। ਨਹੀਂ ਤਾਂ ਇਕ ਝੂਠੇ ਪੁਰਸ਼ ਨੂੰ (ਜੈਸਾ ਕਿ ਆਪ ਆਪਣੀ ਜ਼ੁਬਾਨੀ ਆਪਣੇ ਆਪ ਨੂੰ ਮੰਨ ਚੁੱਕੇ ਹੋ) ਕੀ ਹੱਕ ਹਾਸਲ ਹੈ ਕਿ ਜਿਨ੍ਹਾਂ ਨੂੰ ਉਹ ਸੱਚੇ ਸਿੱਖ ਸਮਝਦਾ ਹੈ ਉਨ੍ਹਾਂ ਦੀ ਸਚਿਆਈ ਉਤੇ ਕੁਛ ਛਾਣ-ਬੀਣ ਕਰਨ ਦਾ ਇਰਾਦਾ ਰੱਖੇ।

ਸੁਪ੍ਰੰ:-ਮੈਂ ਆਪ ਦੀ ਸਚਿਆਈ ਬਾਬਤ ਛਾਣ-ਬੀਣ ਕਰਨ ਦਾ ਇਰਾਦਾ ਨਹੀਂ ਰਖਦਾ ਬਲਕਿ ਆਪ ਦੀ ਸਚਿਆਈ ਦੀ ਕਸੌਟੀ ਨਾਲ ਕੁਛ ਵਾਕਿਆਤ ਦੀ ਛਾਣ-ਬੀਣ ਕਰਨਾ ਚਾਹੁੰਦਾ ਹਾਂ।

ਮੈਂ - ਇਹ ਅਜੀਬ ਗੱਲ ਹੈ ਕਿ ਜਿਸ ਨੂੰ ਤੁਸੀਂ ਮੁਜ਼ਰਮ ਗਰਦਾਨ ਕੇ ਹੱਥਾਂ ਵਿਚ ਹੱਥਕੜੀਆਂ ਪਾ ਕੇ ਪਕੜਿਆ ਜਕੜਿਆ ਹੈ, ਉਸੇ ਦੀ ਰੋਸ਼ਨੀ ਨਾਲ ਕਿਸੇ ਮਨ ਮੰਨੇ ਮਾਮਲੇ ਦੀ ਛਾਣ-ਬੀਣ ਕਰਨਾ ਲੋਚਦੇ ਹੋ?

ਸੁਪ੍ਰੰ:-ਮੈਂ ਤਾਂ ਆਪ ਨੂੰ ਪਹਿਲਾਂ ਹੀ ਬੇਨਤੀ ਕੀਤੀ ਸੀ ਕਿ ਆਪ ਦੀਆਂ ਹਥਕੜੀਆਂ ਲਾਹ ਦਿਨੇ ਹਾਂ, ਆਪ ਕੁਰਸੀ ਤੇ ਬੈਠੋ ਪਰ ਆਪ ਨੇ ਮਨਜ਼ੂਰ ਨਹੀਂ ਕੀਤਾ ਸਗੋਂ ਫਰਸ਼ ਗਲੀਚਾ ਕਾਲੀਨ ਵਗੈਰਾ ਭੀ ਪਰੇ ਹਟਾ ਕੇ ਮੱਲੋ ਮੱਲੀ ਭੁੰਞੇ ਹੀ ਬੈਠ ਗਏ।

ਮੈਂ - ਮੈਂ ਆਪ ਦੀ ਦਿਤੀ ਕੁਰਸੀ ਨੂੰ ਸੋਭਾ ਦੀ ਸੂਲੀ ਦੇ ਬਰਾਬਰ ਸਮਝਦਾ ਹਾਂ ਕਿਉਂਕਿ ਮੈਂ ਜਾਣਦਾ ਹਾਂ ਕਿ ਆਪ ਮੇਰੇ ਨਾਲ ਇਹ ਸਾਫ ਛਲ ਕਰ ਰਹੇ ਹੋ। ਆਪ ਹੀ ਹੋ ਜਿਸ ਦੇ ਤੁਫੈਲ ਮੈਂ ਹਵਾਲਾਤ ਦੀ ਨਰਕਸਮਾਨ ਕੋਠੀ ਵਿਚ ਜਕੜਿਆ ਸੁੱਟਿਆ ਪਿਆ ਹਾਂ। ਅਤੇ ਹੁਣ ਆਪ ਮੈਨੂੰ ਇਹ ਨੁਮਾਇਸ਼ ਦੇ ਸਾਜ਼ ਸਮਾਨ ਦਿਖਾ ਕੇ ਪ੍ਰਚਾਉਣਾ ਚਾਹੁੰਦੇ ਹੋ।

ਸੁਪ੍ਰੰ:-ਮੈਂ ਆਪਣੇ ਹੁਦਰੋਂ ਤਾਂ ਆਪ ਨਾਲ ਐਸਾ ਨਹੀਂ ਕੀਤਾ, ਸਰਕਾਰੀ ਹੁਕਮਾਂ ਦੀ ਤਾਮੀਲ ਮਜਬੂਰਨ ਕਰਨੀ ਪਈ ਹੈ। ਨਹੀਂ ਤਾਂ ਖਾਸ ਨਿਜ ਦੇ ਤੌਰ ਤੇ ਮੈਂ ਆਪ ਨੂੰ ਏਸ ਦਸ਼ਾ ਵਿਚ ਦੇਖਣਾ ਭੀ ਨਹੀਂ ਚਾਹੁੰਦਾ ਅਤੇ ਇਸੇ ਦਸ਼ਾ ਵਿਚੋਂ ਕੱਢਣ ਦਾ ਹੀਲਾ ਹੈ ਜਿਸ ਕਰਕੇ ਮੈਂ ਆਪ ਨੂੰ ਪੁੱਛ ਗਿੱਛ ਕਰਨਾ ਚਾਹੁੰਦਾ ਹਾਂ।

ਮੈਂ - ਇਹ ਤਾਂ ਗੁਰੂ ਕਰਤਾਰ ਦੇ ਵਸ ਹੈ। ਦੁਖ ਸੁਖ ਸਮ ਕਰ ਸਹਿਣਾ ਗੁਰੂ ਕੇ ਭਾਣੇ ਤੇ ਹੁਕਮ ਅੰਦਰ ਹੈ। 'ਜੇ ਸੁਖੁ ਦੇਹਿ ਤ ਤੁਝਹਿ ਆਰਾਧੀ ਦੁਖ ਭੀ ਤੁਝੈ ਧਿਆਈ' ਮੈਂ ਆਪ ਪਾਸ ਇਸ ਦੁਖ ਤਕਲੀਫ ਦੀ ਕੋਈ ਸ਼ਿਕਾਇਤ ਨਹੀਂ ਕਰ ਰਿਹਾ ਕਿ ਆਪ ਨੇ ਮੈਨੂੰ ਕਿਉਂ ਇਥੇ ਸੁੱਟਿਆ ਜਾ ਸੁਟਵਾਇਆ ਹੈ। ਸਵਾਲ ਤਾਂ ਆਪ ਦੀ ਦੁਰੰਗੀ ਤੇ ਨੁਮਾਇਸ਼ੀ ਚਾਲ ਪਰ ਹੈ। ਹੁਣ ਵੀ ਜੋ ਕੁਝ ਆਪ ਕਰ ਰਹੇ ਹੋ, ਜਾਂ ਮੈਥੋਂ ਪੁਛਣਾ ਗਿਛਣਾ ਚਾਹੁੰਦੇ ਹੋ, ਉਹ ਭੀ ਸਰਕਾਰੀ ਹੁਕਮਾਂ ਦੀ ਤਾਮੀਲ ਵਿਚ ਕਰ ਰਹੇ ਹੋ, ਹੋਰ ਮੇਰੇ ਨਾਲ ਕੋਈ ਹਮਦਰਦੀ ਨਹੀਂ ਕਰ ਰਹੇ। ਆਪ ਹੁਣ ਸਿੱਧਾ ਪੱਧਰਾ ਆਪਣਾ ਅਸਲ ਤਾਮੀਲੀ ਕੰਮ ਕਰੋ, ਬਹੁਤੇ ਹੇਰਾਂ ਫੇਰਾਂ ਦੀ ਹਾਜਤ ਨਹੀਂ।

ਸੁਪ੍ਰੰ: ਆਪ ਮੇਰੇ ਬਚਨਾਂ ਪਰ ਇਤਬਾਰ ਕਰੋ ਕਿ ਮੈਂ ਆਪ ਦੇ ਨਾਲ ਸਚੀ ਹਮਦਰਦੀ ਰਖਦਾ ਹਾਂ।

ਮੈਂ - ਆਪ ਦੇ ਖਿਆਲ ਆਪ ਨੂੰ ਮੁਬਾਰਕ ਹੋਣ ਪਰ ਮੈਨੂੰ ਆਪ ਦੇ ਉਤੇ ਇਤਬਾਰ ਕਰਨ ਦੀ ਕੋਈ ਲੋੜ ਨਹੀਂ ਅਤੇ ਨਾ ਹੀ ਮੇਰਾ ਇਤਬਾਰ ਕਦੇ ਆਪ ਦੇ ਉਤੇ ਜੰਮ ਸਕਦਾ ਹੈ ਜਦ ਕਿ ਤੁਸੀਂ ਖੁਦ ਆਪਣੀ ਜ਼ੁਬਾਨੀ ਆਪਣੇ ਆਪ ਨੂੰ ਝੂਠਾ ਮੰਨ ਚੁਕੇ ਹੋ। ਹੁਣ ਦੱਸੋ ਕਿ ਮੈਂ ਆਪ ਦੀ ਆਪਣੇ ਆਪ ਨੂੰ ਝੂਠਾ ਮੰਨਣ ਵਾਲੀ ਗੱਲ ਉਤੇ ਇਤਬਾਰ ਕਰਾਂ ਕਿ ਆਪ ਦੇ ਹਮਦਰਦੀ ਵਾਲੇ ਬਚਨ ਤੇ ਅਮੰਨਾਂ ਕਰਾਂ।

ਮੇਰੇ ਗੁਰੂ ਨੇ ਮੈਨੂੰ ਝੂਠਿਆਂ ਤੇ ਅਮੰਨਾਂ ਕਰਨ ਦੀ ਸਿਖਿਆ ਨਹੀਂ ਦਿੱਤੀ।

ਸੁਪ੍ਰੰ: - ਅੱਛਾ ਮੈਂ ਤਾਂ ਝੂਠਾ ਹੀ ਹਾਂ, ਆਪ ਤਾਂ ਸਚੇ ਗੁਰੂ ਦੇ ਸਚੇ ਸਿੱਖ ਹੋ। ਆਪ ਦਾ ਧਰਮ ਹੈ ਕਿ ਸਚੋ ਸਚ ਦਸ ਦੇਵੋ ਜਿਸ ਤੋਂ ਮੈਨੂੰ ਵਾਕਿਆਤ ਦੀ ਅਸਲੀਅਤ ਪਰ ਰੋਸ਼ਨੀ ਪੈਣ ਕਰਕੇ ਆਪ ਨੂੰ ਇਸ ਅਪਦਾ ਵਿਚੋਂ ਕਢ ਸਕਣ ਦਾ ਬਹੁਤ ਕੁਛ ਸਹਾਰਾ ਮਿਲੇ।

ਮੈਂ - ਗੁਰੂ ਸਾਹਿਬ ਦਾ ਹੁਕਮ ਨਹੀਂ ਕਿ ਸਚਿਆਰ ਸਿਖ ਕੂੜਿਆਰ ਸਿਕਦਾਰਾਂ ਪਾਸੋਂ ਅਪਦਾ ਨਵਿਰਤੀ ਦੀ ਹਮਾਇਤ ਮੰਗਣ। ਮੇਰਾ ਸਚੇ ਸਿਖ ਹੋਣ ਦੀ ਹੈਸੀਅਤ ਵਿਚ ਧਰਮ ਹੈ ਕਿ ਗੁਰੂ ਅਗੇ ਗੁਰ ਸੰਗਤ ਰੂਪੀ ਸੱਚੀ ਸਰਕਾਰ ਅਗੇ ਸੱਚ ਝੂਠ ਦਾ ਨਿਤਾਰਾ ਕਰਾਵਾਂ। ਝੂਠਿਆਂ ਪਾਸੋਂ ਸੱਚ ਝੂਠ ਦਾ ਨਿਤਾਰਾ ਕਰਾਉਣ ਦੀ ਮੈਨੂੰ ਕੋਈ ਲੋੜ ਨਹੀਂ। ਝੂਠਿਆਂ ਨੂੰ ਸੱਚ ਦੀ ਸਾਰ ਹੀ ਕੀ? ਝੂਠਿਆਂ ਨੂੰ ਸਚਿਆਰਾਂ ਪਾਸੋਂ ਸੱਚ ਪੁੱਛਣ ਦਾ ਹੱਕ ਹੀ ਕੀ?

ਸੁਪ੍ਰੰ: - ਜੇ ਸਰਕਾਰ ਕਿਸੇ ਝੂਠੇ ਆਦਮੀ ਦੇ ਕਥਨ ਤੇ ਆਪ ਨੂੰ ਗੁਨਾਹਗਾਰ ਗਰਦਾਨਦੀ ਹੋਵੇ ਅਤੇ ਉਸ ਝੂਠੇ ਦੇ ਝੂਠ ਕਥਨ ਦੇ ਕਾਰਨ ਆਪ ਜੈਸੇ ਸਚੇ ਪੁਰਸ਼ ਝੂਠ ਮੂਠ ਹੀ ਫਸਦੇ ਹੋਣ ਤੇ ਉਥੇ ਸੱਚ ਪ੍ਰਗਟ ਕਰਨ ਦਾ ਕੀ ਹਰਜ ਹੈ ਜਿਸ ਤੇ ਆਪ ਉਤੇ ਮੱਲੋ ਮੱਲੀ ਝੂਠੀ ਤੁਹਮਤ ਨਾ ਲਗ ਸਕੇ।

ਮੈਂ - ਮੈਨੂੰ ਇਹ ਕੋਈ ਪ੍ਰਵਾਹ ਨਹੀਂ ਕਿ ਜੇ ਮੈਂ ਸੱਚਾ ਹਾਂ ਤਾਂ ਇਕ ਆਦਮੀ ਕੀ, ਚਾਹੇ ਸਾਰੀ ਦੁਨੀਆਂ ਮੇਰੇ ਤੇ ਤੁਹਮਤ ਲਾਵੇ ਅਤੇ ਅਜਿਹੀ ਤੁਹਮਤ ਦੇ ਕਾਰਣ ਆਪ ਦੀ ਸਰਕਾਰ ਮੈਨੂੰ ਗੁਨਾਹਗਾਰ ਕਿਉਂ ਨਾ ਗਰਦਾਨੇ, ਮੈਂ ਆਪਣੀ ਸਚੀ ਸਰਕਾਰ ਦੇ ਹੁਕਮਾਂ ਅਨੁਸਾਰ ਸੱਚਾ ਹਾਂ ਅਤੇ ਜਿਸ ਸਰਕਾਰ ਨੇ ਬਗੈਰ ਕਿਸੇ ਸਬੂਤ ਦੇ ਤੇ ਕੇਵਲ ਕਿਸੇ ਝੂਠ ਬਿਆਨੀਏ ਦੇ ਝੂਠੇ ਬਿਆਨ ਦੇ ਸ਼ਕ ਉਤੇ ਮੈਨੂੰ ਗ੍ਰਿਫਤਾਰ ਕਰ ਛਡਿਆ ਹੈ, ਉਹ ਹੁਣ ਮੇਰੀ ਸੱਚ ਬਿਆਨੀ ਤੇ ਪਤੀਜ ਕੇ ਕੀ ਮੈਨੂੰ ਸੱਚਾ, ਤੇ ਬੇਗੁਨਾਹ ਤਸਲੀਮ ਕਰ ਲਵੇਗੀ? ਇਹੀ ਨਿਰੀ ਪੋਚਾ ਪਾਚੀ ਹੈ।

ਸੁਪ੍ਰੰ: - ਦੇਖੋ ਪ੍ਰਤੱਖ ਨੂੰ ਪ੍ਰਮਾਣ ਦੀ ਕੀ ਲੋੜ ਹੈ? ਅਛਰਾ ਸਿੰਘ ਨੇ ਸਚੋ ਸਚ ਦਸ ਦਿਤਾ, ਸਰਕਾਰ ਨੇ ਉਸ ਨੂੰ ਸਚਾ ਸਮਝ ਕੇ ਮੁਆਫ ਕਰ ਦਿਤਾ।

ਮੈਂ - ਅਫਸੋਸ ਹੈ ਆਪ ਦੀ ਮੋਮੋ ਠਗਣੀ ਗੁਫਤਗੂ ਉਤੇ! ਕੀ ਆਪ ਮੈਨੂੰ ਤਿਸ ਦੇ ਨਾਲ ਰਲਾਉਂਦੇ ਹੋ ਅਤੇ ਵਾਦਾ ਮੁਆਫ ਬਣਾਉਣਾ ਚਾਹੁੰਦੇ ਹੋ? ਅਛੀ ਹਮਦਰਦੀ ਦਿਖਾਉਣ ਲਗੇ ਹੋ? ਮੈਨੂੰ ਅਜਿਹੀ ਬੁਝਾਰਤ ਕਦੇ ਨਹੀਂ ਪਾਉਣੀ। ਮੈਂ ਆਪ ਦੇ ਨਾਲ ਕੋਈ ਗਲ ਬਾਤ ਕਰਨਾ ਨਹੀਂ ਚਾਹੁੰਦਾ।

ਸੁਪ੍ਰੰ: - ਆਪ ਤਾਂ ਬਹੁਤ ਖਫਾ ਹੋ ਗਏ। ਮੁਆਫ ਕਰੋ ਕਿ ਮੈਂ ਨੇ ਆਪ ਨੂੰ ਅਛਰਾ ਸਿੰਘ ਨਾਲ ਮਿਲਾ ਦਿਤਾ। ਪਰ ਮੈਂ ਤਾਂ ਆਪ ਨੂੰ ਉਸ ਨਾਲੋਂ ਉਚੇ ਦਰਜੇ ਦਾ ਸੱਚਾ ਸਿਖ ਸਮਝਦਾ ਹਾਂ। ਏਸੇ ਸਚੀ ਕਦਰ ਅਤੇ ਹਮਦਰਦੀ ਦੇ ਖਿਆਲ ਨਾਲ ਮੈਂ ਆਪ ਨੂੰ ਹੁਣ ਸੱਚੋ ਸੱਚ ਗੋਝ ਭੇਦ ਦੀਆਂ ਗਲਾਂ ਦਸਦਾ ਹਾਂ ਕਿ ਆਪ ਦੇ ਬਰਖਿਲਾਫ ਪਹਿਲਾਂ ਤਾਂ ਅਛਰਾ ਸਿੰਘ ਨੇ ਕੁਝ ਬਿਆਨ ਦਿਤੇ ਸਨ ਅਤੇ ਉਹਨਾਂ ਦੇ ਕਾਰਣ ਹੀ ਪਹਿਲਾਂ ਆਪ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਪਰ ਉਹਨਾਂ ਬਿਆਨਾਂ ਦਾ ਕੁਝ ਪੱਕਾ ਸਬੂਤ ਨਹੀਂ ਪਹੁੰਚਦਾ ਸੀ, ਇਸ ਵਾਸਤੇ ਆਪ ਨੂੰ ਹੁਣ ਤਾਂਈ ਨਜ਼ਰਬੰਦ ਹੀ ਰਖਿਆ ਗਿਆ। ਪਰ ਹੁਣ ਇਕ ਹੋਰ ਨਵਾਂ ਆਦਮੀ ਪਕੜਿਆ ਗਿਆ ਹੈ ਜੋ ਆਪ ਦੇ ਤੁਅਲਕਾਤ ਸਰਕਾਰ ਦੇ ਬਰਖਲਾਫ ਕਿਸੇ ਹੋਰ ਸਾਜਿਸ਼ ਸਬੰਧੀ ਮਿ: ਡਾਨਲਡ ਸਾਹਿਬ ਸੁਪ੍ਰੰਟੰਡੰਟ ਪੁਲਿਸ ਲੁਧਿਆਣਾ ਦੇ ਸਾਹਮਣੇ ਬਿਆਨ ਕਰਦਾ ਹੈ ਅਤੇ ਆਪ ਦੇ ਨਾਲ ਹੋਰ ਭੀ ਚਾਲੀ ਪੰਜਾਹ ਆਦਮੀਆਂ ਨੂੰ ਗਰਦਾਨਦਾ ਹੈ ਜਿਹਨਾਂ ਵਿਚੋਂ ਪੰਜ ਸਤ ਆਦਮੀਆਂ ਦੇ ਨਾਮ ਤਾਂ ਯਾਦ ਹਨ ਤੇ ਬਾਕੀਆਂ ਦੇ ਨਾਮ ਉਹ ਕਹਿੰਦਾ ਹੈ ਕਿ ਆਪ ਦੇ ਸੀਨੇ ਵਿਚ ਹਨ। ਅਤੇ ਹੋਰ ਭੀ ਬਹੁਤ ਸਾਰੀਆਂ ਨਿਸ਼ਾਨੇ ਦੀਆਂ ਗੱਲਾਂ ਦਸਦਾ ਹੈ ਜਿਹਨਾਂ ਨੂੰ ਸੁਣ ਕੇ ਸਾਹਿਬ ਸੁਪ੍ਰੰਟੰਡੰਟ ਨੂੰ ਯਕੀਨ ਆ ਗਿਆ ਹੈ। ਹੁਣ ਉਸ ਦੇ ਬਿਆਨ ਮੈਜਿਸਟਰੇਟ ਅਗੇ ਭੀ ਕਲਮ-ਬੰਦ ਹੋਣ ਵਾਲੇ ਹਨ। ਪਰ ਮੈਂ ਸਾਹਿਬ ਨੂੰ ਆਖਿਆ ਕਿ ਮੈਨੂੰ ਆਪ ਦੇ ਪਾਸੋਂ ਦਰਿਆਫਤ ਕਰ ਲੈਣ ਦਿਓ, ਕਿਉਂਕਿ ਮੈਂ ਉਸ ਨੂੰ ਬਹੁਤ ਸੱਚਾ ਆਦਮੀ ਸਮਝਦਾ ਹਾਂ, ਉਹ ਸਚੋ ਸੱਚ ਦੱਸ ਦੇਵੇਗਾ। ਸਾਹਿਬ ਸੁਪ੍ਰੰਟੰਡੰਟ ਨੇ ਬਹੁਤ ਖੁਸ਼ ਹੋ ਕੇ ਕਿਹਾ ਕਿ ਉਹ ਅਗਰ ਸੱਚੋ ਸੱਚ ਦਸ ਦੇਵੇਗਾ ਤਾਂ ਅਸੀਂ ਅਛਰਾ ਸਿੰਘ ਦੀ ਤਰ੍ਹਾਂ ਉਸ ਨੂੰ ਭੀ ਮਾਫ ਕਰ ਦੇਣ ਦਾ ਹੁਣੇ ਵਾਦਾ ਲਿਖ ਦਿੰਦੇ ਹਾਂ।

ਮੈਂ - ਮੈਨੂੰ ਆਪ ਤੋਂ ਇਹ ਉਮੈਦ ਨਹੀਂ ਸੀ ਕਿ ਆਪ ਨੇ ਵਾਦਾ ਮੁਆਫ ਬਣਾਉਣ ਦੀ ਪੱਟੀ ਪੜ੍ਹਾਉਣ ਲਈ ਮੈਨੂੰ ਬੁਲਾਇਆ ਹੈ। ਮੁਆਫੀ ਤਾਂ ਉਹ ਮੰਗੇ ਜਿਸ ਨੇ ਅਪਰਾਧ ਕੀਤਾ ਹੋਵੇ, ਕੀ ਤੁਸੀਂ ਮੈਨੂੰ ਅਪਰਾਧੀ ਸਮਝਦੇ ਹੋ?

ਸੁਪ੍ਰੰ: - ਨਹੀਂ! ਮੈਂ ਤਾਂ ਨਹੀਂ ਸਮਝਦਾ ਪਰ ਸਰਕਾਰ ਸਮਝਦੀ ਹੈ।

ਮੈਂ - ਤਾਂ ਆਪਣੀ ਸਰਕਾਰ ਨੂੰ ਕਹੋ ਕਿ ਅਪਰਾਧੀ ਨੂੰ ਸਜ਼ਾ ਦੇਵੋ। ਐਥੇ ਕੋਈ ਅਪਰਾਧੀ ਨਹੀਂ। ਨਿਰ-ਅਪਰਾਧੀ ਨੂੰ ਅਪਰਾਧੀ ਗਰਦਾਨ ਕੇ ਜੇ ਆਪ ਦੀ ਸਰਕਾਰ ਸਜ਼ਾ ਦੇਵੇਗੀ, ਤਾਂ ਸਚੀ ਸਰਕਾਰ ਵਲੋਂ ਇਹ ਦੁਨਿਆਵੀ ਸਰਕਾਰ ਭੀ ਅਪਰਾਧੀ ਬਣੇਗੀ। ਮੈਂ ਆਪਣੇ ਆਪ ਨੂੰ ਉੱਕਾ ਹੀ ਨਿਰ-ਅਪਰਾਧ ਸਮਝਦਾ ਹਾਂ। ਕੇਵਲ ਸਜ਼ਾ ਦੇ ਦਾਬੇ ਹੇਠ ਆ ਕੇ ਜੇ ਮੇਰੀ ਅੰਤਸ਼ਕਰਣ ਮਾਫੀ ਮੰਗਣ ਤੇ ਤਿਆਰ ਹੋ ਜਾਵੇ ਤਾਂ ਮੈਂ ਆਪਣੇ ਇਸ ਸੰਕਲਪ ਮਾਤਰ ਨੂੰ ਹੀ ਬੜਾ ਅਪਰਾਧ ਸਮਝਦਾ ਹਾਂ। "ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ।" ਜਿਹੜੇ ਪਾਪ ਕਮਾਉਂਦੇ ਹਨ, ਉਹ ਡਰ ਦੇ ਮਾਰੇ ਇਸ ਤਰ੍ਹਾਂ ਦੀਆਂ ਮਾਫੀਆਂ ਮੰਗ ਕੇ ਹੋਰ ਅਪ੍ਰਾਧ ਕਮਾਉਂਦੇ ਹਨ, ਪ੍ਰੰਤੂ ਜਿਹੜੇ ਧਰਮੀ ਨਿਰ-ਅਪ੍ਰਾਧ, ਨਿਸ ਪਾਪ ਹਨ, ਉਹ ਸਜ਼ਾ ਤਸੀਹਿਆਂ ਦੇ ਆਉਂਦਿਆਂ ਭੀ ਵਿਗਸੇ ਖਿੜੇ ਰਹਿੰਦੇ ਹਨ।

ਸੁਪ੍ਰੰ: – ਅਜੀ ਭਾਈ ਸਾਹਿਬ ਜੀ! ਸਜ਼ਾ ਤਸੀਹੇ ਹੀ ਨਹੀਂ, ਇਸ ਮੁਕੱਦਮੇ ਵਿਚ ਤਾਂ ਫਾਂਸੀ ਲੱਗਣ ਦਾ ਭੀ ਡਰ ਹੈ ਕਿਉਂਕਿ ਮੈਨੂੰ ਸੁਪ੍ਰੰਟੰਡੰਟ ਸਾਹਿਬ ਨੇ ਕਿਹਾ ਸੀ ਕਿ ਉਸ ਕੋ ਸਮਝਾ ਦੋ ਕਿ ਅਗਰ ਮਾਫੀ ਨਾ ਮਾਂਗੇਗਾ ਤੋ ਫਾਂਸੀ ਲਗਨਾ ਹੋਗਾ।

ਮੈਂ – ਇਹ ਸਭ ਤੋਂ ਅੱਛੀ ਗੱਲ ਹੈ, ਵਿਚਾਲੇ ਲਟਕਣ ਨਾਲੋਂ ਤਾਂ ਮਰਨਾ ਹੀ ਅੱਛਾ ਹੈ। ਇਸ ਭਾਂਡੇ ਨੇ ਤਾਂ ਇਕ ਦਿਨ ਫੁਟਣਾ ਹੀ ਹੈ। ਧ੍ਰਿਗ ਹੈ ਅਛਰਾ ਸਿੰਘ ਵਰਗੇ ਵਾਦਾ ਮੁਆਫਾਂ ਦੇ ਜੀਉਣ ਉਤੇ, ਜਿਨ੍ਹਾਂ ਨੇ ਇਸ ਠੀਕਰੇ ਨੂੰ ਫੁਟਣੋਂ ਬਚਾਈ ਰੱਖਣ ਦੀ ਖਾਤਰ ਅਨੇਕਾਂ ਹੋਰਾਂ ਮਾਈਆਂ ਦੇ ਜਾਇਆਂ ਨੂੰ ਫਸਾਉਣ ਦਾ ਘੋਰ ਅਪਰਾਧ ਕੀਤਾ। ਆਪ ਕਿਤਨਾ ਕੁ ਚਿਰ ਜੀਉਣਾ ਹੈ? ਓੜਕ ਮਰਨਾ ਹੀ ਹੈ ਅਤੇ ਬੁਰੀ ਮਰਨੀ ਮਰਨਾ ਹੈ ਅਤੇ ਅਫਸੋਸ ਹੈ ਐਸੇ ਕਰਮਚਾਰੀਆਂ ਉਤੇ ਜਿਨ੍ਹਾਂ ਨੇ ਆਪਣੇ ਨਿਆਉਂ ਇਨਸਾਫ ਦਾ ਨਿਰਭਰ ਅਜਿਹੇ ਵਾਦਾ ਮੁਆਫਾਂ ਉਤੇ ਰੱਖਿਆ ਹੈ, ਕਿਉਂਕਿ ਜਿਨ੍ਹਾਂ ਆਪਣੀ ਜਾਨ ਦਾ ਬਚਾਉਣਾ ਹੀ ਮੁਖ ਰੱਖਿਆ ਹੋਇਆ ਹੈ ਉਨ੍ਹਾਂ ਦਾ ਧਰਮ ਈਮਾਨ ਕੁਝ ਨਹੀਂ। ਆਪਣੀ ਜਾਨ ਦੇ ਬਚਾਉ ਖਾਤਰ ਝੂਠ ਮੂਠ ਜਿਵੇਂ (ਪੁਲਸੀ) ਬੁਲਾਰੇ ਬਕਾਉਣਾ ਚਾਹੁਣਗੇ, ਸੋ ਬਕਣਗੇ। ਜ਼ੀਦੇ ਵਲ ਉਨ੍ਹਾਂ ਉਂਗਲੀ ਭੀ ਕਰ ਦਿਤੀ ਉਸੇ ਤੇ ਸਰਕਾਰ ਦਾ ਸ਼ੱਕ ਹੋ ਗਿਆ। ਹੁਣ ਜੋ ਨਵਾਂ ਪਕੜਿਆ ਹੋਇਆ ਆਦਮੀ ਆਪ ਦਸਦੇ ਹੋ, ਉਸ ਦੇ ਉਤੇ ਭੀ ਕੋਈ ਭਾਰਾ ਜੁਰਮ ਸਾਬਤ ਹੋ ਚੁੱਕਾ ਹੋਵੇਗਾ ਤੇ ਉਸ ਨੇ ਕੋਈ ਅਪਰਾਧ ਕੀਤਾ ਹੋਊ। ਇਸ ਕਰਕੇ ਉਸ ਦਾ ਮਨ ਕਾਂਪ ਖਾ ਗਿਆ ਤੇ ਆਪਣੀ ਜਾਨ ਬਚਾਉਣ ਦਾ ਮਾਰਿਆ ਹੋਰਨਾਂ ਨਿਰ-ਅਪਰਾਧੀਆਂ ਨੂੰ ਫਸਾਉਂਦਾ ਫਿਰਦਾ ਹੈ। ਕੀ ਐਸੇ ਆਦਮੀ ਨੂੰ ਤੁਸੀਂ ਸੱਚਾ ਸਮਝ ਸਕਦੇ ਹੋ?

ਸੁਪ੍ਰੰ:-(ਅੱਖਾਂ ਵਿਚ ਜਲ ਭਰ ਕੇ) ਭਾਈ ਰਣਧੀਰ ਸਿੰਘ ਜੀ! ਮੈਨੂੰ ਮੁਆਫ ਕਰਨਾ ਕਿ ਮੈਂ ਆਪ ਨੂੰ ਵਾਦਾ ਮੁਆਫ ਬਣਾਉਣ ਦੀ ਕੋਸ਼ਿਸ਼ ਕੀਤੀ ਤੇ ਆਪ ਦੀ ਆਤਮਾ ਨੂੰ ਕਲਪਾਇਆ। ਮੈਨੂੰ ਪਤਾ ਨਹੀਂ ਸੀ ਕਿ ਆਪ ਨੇ ਜੋ ਕਲੰਕ ਸਿੱਖਾਂ ਦੇ ਨਾਂ ਉਤੇ ਲਾਇਆ ਸੀ ਉਹ ਆਪ ਨੇ ਧੋ ਦਿਤਾ। ਮੈਨੂੰ ਇਸ ਗੱਲ ਦਾ ਨਿਸਚਾ ਹੋ ਗਿਆ ਹੈ ਕਿ ਆਪ ਬਿਲਕੁਲ ਨਿਰ ਅਪਰਾਧ ਤੇ ਸੱਚੇ ਹੋ ਅਤੇ ਅੱਗੇ ਲਈ ਮੇਰੇ ਦਿਲ ਵਿਚ ਆਪ ਦੀ ਸ਼ਾਨ ਵਿਚ ਕਦੇ ਕੋਈ ਗੁਮਾਨ ਮਾਤਰ ਭੀ ਨਹੀਂ ਰਿਹਾ। ਮੈਂ ਹੁਣ ਵਾਪਸ ਨਾਭੇ ਨੂੰ ਜਾਂਦਾ ਹਾਂ ਤੇ ਬੜਾ ਖੁਸ਼ ਜਾਂਦਾ ਹਾਂ ਤੇ ਅਫਸੋਸਜਨਕ ਭੀ ਜਾਂਦਾ ਹਾਂ। ਖੁਸ਼ ਤਾਂ ਇਸ ਗੱਲ ਲਈ ਕਿ ਸਿੱਖੀ ਦਾ ਬੀਜ ਨਾਸ਼ ਨਹੀਂ ਹੋਇਆ। ਅਫਸੋਸਨਾਕ ਇਸ ਕਰਕੇ ਕਿ ਆਪ ਨੂੰ ਨਾ-ਹਕ ਤਸੀਹੇ ਮਿਲਣਗੇ ਤੇ ਅਣਹੋਏ ਅਪਰਾਧ ਭੀ ਆਪ ਦੇ ਜ਼ੁੰਮੇ ਮੜ੍ਹੇ ਜਾਣਗੇ। ਇਹ ਮੇਰੀ ਆਪ ਦੇ ਨਾਲ ਪ੍ਰਾਈਵੇਟ ਗੁਫਤਗੂ ਹੈ। ਹੁਣ ਮੈਂ ਆਪ ਨੂੰ ਇਹ ਭੀ ਦਸਣਾ ਚਾਹੁੰਦਾ ਹਾਂ ਕਿ ਅਜੇ ਆਪ ਨੂੰ ਗਿਰਾਉਣ ਦੀਆਂ ਬਹੁਤ ਕੋਸ਼ਿਸ਼ਾਂ ਹੋਣਗੀਆਂ ਤੇ ਬਹੁਤ ਹੇਰ ਫੇਰ ਹੋਣਗੇ। ਆਪ ਸਾਫ ਹਿਰਦੇ ਪੁਰਸ਼ ਹੋ, ਦੇਖਣਾ, ਆਪ ਨੇ ਉਕਤ ਹੇਰਾਂ ਫੇਰਾਂ ਅੰਦਰ ਨਾ ਆ ਜਾਣਾ, ਅਤੇ ਇਸੇ ਤਰ੍ਹਾਂ ਪਰਬਤ ਦੀ ਨਿਆਈਂ ਅਡੋਲ ਰਹਿਣਾ। ਮੈਨੂੰ ਇਹ ਸੁਣ ਕੇ ਬੜਾ ਸਦਮਾ ਹੋਵੇਗਾ ਜੇਕਰ ਆਪ ਕਿਸੇ ਹੋਰ ਅਫਸਰ ਦੇ ਹੇਰ ਫੇਰ ਵਿਚ ਆ ਕੇ ਕੁਛ ਮੰਨ ਬੈਠੇ। ਇਹ ਮੇਰੀ ਆਖਰੀ ਬੇਨਤੀ ਮਾਤਰ ਨਸੀਹਤ ਆਪਣੇ ਅੰਦਰ ਹੀ ਗੁਪਤ ਰੱਖਣੀ। ਅੱਛਾ, ਹੁਣ ਆਪ ਤੋਂ ਵਿਦਾ ਹੁੰਦਾ ਹਾਂ (ਸਜਲ ਨੇਤ੍ਰ ਹੋ ਕੇ), ਦਾਸ ਨੂੰ ਜਿਗਰ ਤੋਂ ਮਾਫੀ ਦੇਣਾ।

ਦੂਸਰੇ ਦਿਨ ਖਾਨ ਅਤਾ ਮੁਹੰਮਦ ਡਿਪਟੀ ਸੁਪ੍ਰੰਟੰਡੰਟ ਪੁਲਿਸ ਲੁਧਿਆਣਾ ਨਾਲ ਜੋ ਗੁਫਤਗੂ ਹੋਈ, ਉਸ ਦਾ ਸਾਰ ਇਹ ਹੈ –

ਡਿ: ਸੁਪ੍ਰੰ: – ਆਪ ਕੋ ਬਹੁਤ ਨਾਦਰ ਮੌਕਾ ਦੀਆ ਜਾਤਾ ਹੈ। ਸਰਕਾਰ ਆਪ ਪਰ ਬਹੁਤ ਮਿਹਰਬਾਨੀ ਕਰੇਗੀ, ਅਗਰ ਆਪ ਉਸ ਮੌਕੇ ਕੋ ਸੰਭਾਲ ਲੇਂਗੇ।

ਮੈਂ – ਕਿਹੜਾ ਮੌਕਾ? ਮੇਰੇ ਨਾਲ ਸਿੱਧੇ ਪੰਜਾਬੀ ਵਿਚ ਗੱਲ ਕਰੋ।

ਡਿ: ਸੁਪ੍ਰੰ: -ਵਾਦਾ ਮੁਆਫੀ ਦਾ।

ਮੈਂ – ਮੈਂ ਵਾਇਦਾ ਮੁਆਫੀ ਦੇ ਸਿਰ ਥੁਕਦਾ ਹਾਂ ਅਤੇ ਮੰਗਾਉਣ ਵਾਲੇ ਨੂੰ ਕੀ ਆਖਾਂ।

ਡਿ: ਸੁਪ੍ਰੰ: -ਫਿਰ ਆਪ ਨੂੰ ਤਕਲੀਫ ਮਿਲੂ ਤੇ ਓੜਕ ਫਾਂਸੀ ਲਟਕਣਾ ਪਊ।

ਮੈਂ – ਤਕਲੀਫ ਕਿਸ ਨੂੰ ਮਿਲੂ? ਜਦ ਮੇਰੀ ਆਤਮਾ ਨਿਰਭੈ ਹੈ ਤੇ ਨਿਰਪਾਪ ਹੈ ਤਾਂ ਅਨੰਦ ਹੀ ਅਨੰਦ ਹੈ। ਜਿਉਂ ਜਿਉਂ ਕਸ਼ਟ ਮਿਲਣਗੇ, ਤਿਉਂ ਤਿਉਂ ਅਨੰਦ ਖਿੜੂ।

ਡਿ: ਸੁਪ੍ਰੰ: – ਪਰ ਜੇ ਤੁਸੀਂ ਸਰਕਾਰ ਦੀ ਹਸਬ ਮਰਜ਼ੀ ਸਭ ਵਾਕਿਆਤ ਦਸ ਦਵੋ ਤਾਂ ਇਕ ਤਾਂ ਸਰਕਾਰ ਤੁਸਾਂ ਨੂੰ ਮਾਫੀ ਦੇ ਦੇਵੇਗੀ, ਇਸ ਤੋਂ ਬਿਨਾਂ ਤੁਹਾਨੂੰ ਹੋਰ ਬਹੁਤ ਸਾਰੇ ਦੁਨਿਆਵੀ ਸੁਖ ਤੇ ਆਰਾਮ ਮਿਲਣਗੇ। ਬੜੇ ਸਾਹਿਬ ਦੀ ਦਸਖਤੀ ਲਿਖਤ ਵਾਅਦੇ ਦੀ ਆਪ ਨੂੰ ਹੁਣੇ ਲਿਆ ਕੇ ਦੇ ਦਿੰਨਾ ਹਾਂ ਤੇ ਆਪ ਨੂੰ ਆਨਰੇਰੀ ਮੈਜਿਸਟਰੇਟ ਬਣਾ ਦੇਣ ਦਾ ਵਾਇਦਾ ਭੀ ਬੜੇ ਸਾਹਿਬ ਕਰਦੇ ਹਨ। ਇਸ ਤੋਂ ਬਿਨਾਂ ਆਪ ਨੂੰ ਵਾਇਸਰਾਇ ਦੇ ਦਰਬਾਰ ਅਤੇ ਸ਼ਾਹੀ ਦਰਬਾਰ ਵਿਚ ਸਭ ਤੋਂ ਮੂਹਰੇ ਕੁਰਸੀ ਨਸ਼ੀਨੀ ਦਾ ਭੀ ਹੱਕ ਹਾਸਲ ਹੋਊ। ਕੀ ਇਸ ਤੋਂ ਜ਼ਿਆਦਾ ਅਨੰਦ ਆਪ ਦੀ ਰੂਹ ਨੂੰ ਅਜਾਈਂ ਮੌਤੇ ਮਰਨ ਵਿਚ ਹੋ ਸਕਦਾ ਹੈ?

ਮੈਂ – ਦੁਨੀਆਂ ਦੀਆਂ ਵਡਿਆਈਆਂ ਅਤੇ ਸੁਖ ਤਾਂ ਮੈਨੂੰ ਗੁਰੂ ਸਾਹਿਬ ਨੇ ਪਹਿਲਾਂ ਹੀ ਤੁੱਛ ਜਣਾ ਦ੍ਰਿੜਾ ਛੱਡੇ ਹਨ। ਏਨ੍ਹਾਂ ਮੈਜਿਸਟਰੇਟੀਆਂ ਤੇ ਕੁੜਾਵੀਆਂ ਵਡਿਆਈਆਂ ਦੇ ਸਿਰ ਪਹਿਲਾਂ ਹੀ ਸੁਆਹ ਪਾ ਛੱਡੀ ਹੈ। ਹੁਣ ਆਪ ਜੋ ਆਨਰੇਰੀ ਮਜਿਸਟਰੇਟੀ ਦਾ ਲਾਲਚ ਦਿੰਦੇ ਹੋ ਸੋ ਇਹ ਆਨਰੇਰੀ ਤਾਂ ਕੀ, ਜੇ ਕੋਈ ਮੈਨੂੰ ਸਾਰੀ ਸ੍ਰਿਸ਼ਟੀ ਦਾ ਐਸੂਰਜ ਭੀ ਦੇਵੇ ਅਤੇ ਇਹ ਲਾਲਚ ਦੇ ਕੇ ਮੈਨੂੰ ਆਪਣੇ ਧਰਮੋਂ ਹੀਣ ਕਰਾਉਣਾ ਚਾਹੇ ਤਾਂ ਭੀ ਮੈਂ ਐਸੇ ਐਸੂਰਜ ਉਤੇ ਧਾਰ ਨਹੀਂ

ਮਾਰਦਾ ਤੇ ਮੇਰੇ ਮੂੰਹੋਂ ਸੁਤੇ ਸਿਧ ਹੀ ਇਹ ਗੁਰਵਾਕ ਬੜੀ ਮਧੁਰ ਆਵਾਜ਼ ਨਾਲ ਨਿਕਲਣਾ ਅਰੰਭ ਹੋਇਆ, 'ਜਿਨ ਸਰਧਾ ਰਾਮ ਨਾਮਿ ਲਗੀ ਤਿਨ ਦੂਜੈ ਚਿਤੁ ਨ ਲਾਇਆ ਰਾਮੁ।। ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ॥'

ਡਿਃ ਸੁਪ੍ਰੰਃ - ਇਸ ਵਿਚ ਧਰਮਹੀਣ ਹੋਣ ਵਾਲੀ ਕਿਹੜੀ ਗੱਲ ਹੈ? ਹਮਾਰਾ ਭੀ ਧਰਮ ਈਮਾਨ ਹੈ। ਮੈਂ ਮੁਸਲਮਾਨ ਹੋਣ ਦੀ ਹਾਲਤ ਵਿਚ ਆਪ ਦੇ ਧਰਮ ਨੂੰ ਐਸਾ ਹੀ ਅੱਛਾ ਸਮਝਦਾ ਹਾਂ ਜੈਸਾ ਕਿ ਆਪ ਆਪਣੇ ਧਰਮ ਨੂੰ। ਜਿਸ ਤਰ੍ਹਾਂ ਕਿ ਮੈਂ ਆਪਣਾ ਧਰਮ ਨਹੀਂ ਗਵਾਉਣਾ ਚਾਹੁੰਦਾ, ਇਸੇ ਤਰ੍ਹਾਂ ਆਪ ਦੇ ਧਰਮ ਨੂੰ ਗਵਾਉਣ ਲਈ ਕਦੇ ਮੈਂ ਆਪ ਨੂੰ ਕਹਿ ਸਕਦਾ ਹਾਂ?

ਮੈਂ - (ਵਿਚਾਲਿਓਂ ਗੱਲ ਟੁਕ ਕੇ) ਧਰਮ ਨਿਰਾ ਮਜ਼ਹਬ ਨੂੰ ਹੀ ਨਹੀਂ ਕਹਿੰਦੇ, ਬਲਕਿ ਮਜ਼ਹਬੀ ਅਸੂਲਾਂ ਦੇ ਵਿਚੋਂ ਇਕ ਇਕ ਅਸੂਲ ਦਾ ਪਾਲਣਾ ਭੀ ਧਰਮ ਹੈ ਅਤੇ ਤੁਹਾਡਾ ਪੁਲਿਸ ਵਾਲਿਆਂ ਦਾ ਤਾਂ ਧਰਮ ਈਮਾਨ ਹੀ ਕੋਈ ਨਹੀਂ। ਸਾਡੇ ਗੁਰੂ ਸਾਹਿਬਾਂ ਨੇ ਦ੍ਰਿੜਾਇਆ ਹੈ ਕਿ 'ਧ੍ਰਿਗ ਵਿਡਾਣੀ ਚਾਕਰੀ।' ਸੋ ਤੁਸੀਂ ਵਿਡਾਣੀ ਚਾਕਰੀ ਦਾ ਤੌਂਕ ਗਲ ਵਿਚ ਪਾਈ ਫਿਰਦੇ ਹੋ ਅਤੇ ਨਾ ਹੀ ਤੁਹਾਡਾ ਦੀਨ ਭੀ ਇਸ ਗੱਲ ਦੀ ਇਜਾਜ਼ਤ ਦਿੰਦਾ ਹੈ ਕਿ ਬੇ-ਦੀਨਦਾਰਾਂ ਦੀ ਗੁਲਾਮੀ ਇਖਤਿਆਰ ਕਰੋ। ਹੁਣ ਤੁਸੀਂ ਦੱਸੋ ਕਿ ਤੁਸੀਂ ਕਿੰਨੇ ਕੁ ਦੀਨਦਾਰ ਹੋ? ਅਤੇ ਜੋ ਜੋ ਅਪਰਾਧ ਤੁਸੀਂ ਏਸ ਬੇ-ਦੀਨਦਾਰ ਗੁਲਾਮੀ ਵਿਚ ਕਮਾਉਂਦੇ ਹੋ ਉਨ੍ਹਾਂ ਵਲ ਝਾਤੀ ਜ਼ਰਾ ਆਪਣੀ ਬੁਕਲ ਵਿਚ ਮੂੰਹ ਪਾ ਹੀ ਮਾਰੋ।

ਡਿਃ ਸੁਪ੍ਰੰਃ -ਤੁਮ੍ਹਾਰਾ ਮਤਲਬ ਹਮ ਸਮਝੇ। ਤੁਸੀਂ ਕਹਿੰਦੇ ਹੋ ਕਿ ਮੈਂ ਇਨ੍ਹਾਂ ਅੰਗਰੇਜ਼ਾਂ ਦੀ ਨੌਕਰੀ ਕਿਉਂ ਕਰਦਾ ਹਾਂ? ਸੋ ਮੈਂ ਖੁਦਾ ਪਾਕ ਨਬੀ ਰਸੂਲ ਦੀ ਕਸਮ ਖਾ ਕੇ ਆਖਦਾ ਹਾਂ, ਮੈਂ ਅੱਜ ਹੀ ਇਨ੍ਹਾਂ ਦੀ ਨੌਕਰੀ ਛੱਡ ਦਿੰਦਾ ਜੇ ਮੈਨੂੰ ਇਹ ਯਕੀਨ ਹੁੰਦਾ ਕਿ ਇਨ੍ਹਾਂ ਦਾ ਰਾਜ ਛੇਤੀ ਹੀ ਉਠ ਜਾਣਾ ਹੈ। ਤੁਸੀਂ ਲੋਕਾਂ ਨੇ ਬਹੁਤ ਕਾਹਲੀ ਕੀਤੀ, ਸਮਾਂ ਨਾ ਉਡੀਕਿਆ। ਮੈਂ ਭੀ ਦਿਲੋਂ ਇਨ੍ਹਾਂ ਦੇ ਬਰਖਿਲਾਫ ਹਾਂ। ਪਰ ਛੇਤੀ ਕਿਸੇ ਬੇ-ਬੁਨਿਆਦ ਉਮੈਦ ਉਤੇ ਭੜਕ ਉਠਣਾ ਮੈਂ ਕੋਤਾਹ ਅੰਦੇਸ਼ੀ ਸਮਝਦਾ ਹਾਂ। ਅਲਾਹ ਪਾਕ ਦੀ ਕਸਮ ਖਾ ਕੇ ਕਹਿੰਦਾ ਹਾਂ ਕਿ ਮੈਂ ਦਿਲੋਂ ਆਪ ਲੋਕਾਂ ਦੇ ਏਸ ਕੰਮ ਦੇ ਬਰਖਿਲਾਫ ਨਹੀਂ ਪਰ ਸਰਕਾਰੀ ਹੁਕਮਾਂ ਦਾ ਪਾਬੰਦ ਹੋਣ ਕਰਕੇ ਮੈਨੂੰ ਤਾਮੀਲ ਕਰਨੀ ਪੈਂਦੀ ਹੈ ਅਤੇ ਮੈਂ ਉਸ ਵਕਤ ਨੂੰ ਉਡੀਕ ਰਿਹਾ ਹਾਂ ਜਦੋਂ ਕਿ ਅਮੀਰ ਕਾਬਲ ਜੈਸੀ ਬਾਦਸ਼ਾਹੀ ਹਮਾਇਤ ਅਤੇ ਇਸਲਾਮ ਦੇ ਹੁਕਮ ਖੁਲ੍ਹਮ-ਖੁਲ੍ਹੀ ਇਜਾਜ਼ਤ ਦੇਣਗੇ ਤਾਂ ਅਸੀਂ ਭੀ ਮੈਦਾਨ ਵਿਚ ਗੱਜ ਨਿਕਲਾਂਗੇ।

ਮੈਂ - ਆਪ ਦੀਆਂ ਇਹ ਗੱਲਾਂ ਬੇ-ਦੀਨੋ-ਈਮਾਨ ਆਦਮੀ ਵਾਲੀਆਂ ਗੱਲਾਂ ਹਨ। ਇਕ ਦੀਨਦਾਰ ਸੱਚਾ ਆਦਮੀ ਜਿਸ ਨੂੰ ਖੁਦਾ ਦਾ ਖੌਫ ਤੇ ਸੱਚਾ ਇਸ਼ਕ ਹੈ, ਉਹ ਖੁਦਾ ਤੇ ਆਪਣੇ ਰਸੂਲ ਦੀ ਕਸਮ ਨਹੀਂ ਖਾਏਗਾ - ਚਾਹੇ ਸੱਚੀ ਹੋਵੇ ਚਾਹੇ ਝੂਠੀ। ਖੁਦਾ ਦੀ ਜ਼ਾਤੇ ਪਾਕ ਦੀਆਂ ਕਸਮਾਂ ਖਾਣ ਵਾਲੇ ਨੂੰ ਮੈਂ ਪਾਕ ਈਮਾਨਦਾਰ ਨਹੀਂ ਸਮਝਦਾ। ਤੁਹਾਡਾ ਅਸਾਡਾ ਜ਼ਮੀਨ ਅਸਮਾਨ ਦਾ ਫਰਕ ਹੈ। ਅਸਾਡੇ ਨਾਲ ਤੁਹਾਡੀ ਕੋਈ ਮੀਜਾ ਨਹੀਂ ਮਿਲ ਸਕਦੀ।

ਡਿਃ ਸੁਪ੍ਰੰਃ - (ਵਿਚਾਲਿਓਂ ਗਲ ਟੁਕ ਕੇ) ਮੀਜਾ ਕਿਉਂ ਨਹੀਂ ਮਿਲ ਸਕਦੀ? ਅਸੀਂ ਭੀ ਤਾਂ ਰਾਜ ਭਾਗ ਦੇ ਇਤਨੇ ਹੀ ਖਾਹਸ਼ਮੰਦ ਹਾਂ ਜਿਤਨੇ ਕਿ ਤੁਸੀਂ। ਫਰਕ ਸਿਰਫ ਇਤਨਾ ਹੈ ਕਿ ਤੁਸੀਂ ਜ਼ਰਾ ਜਲਦਬਾਜ਼ੀ ਕੀਤੀ, ਅਸੀਂ ਦੂਰ-ਅੰਦੇਸ਼ੀ ਤੋਂ ਕੰਮ ਲੈਣਾ ਚਾਹੁੰਦੇ ਹਾਂ। ਮਨੋਰਥ ਸਾਡਾ ਇਕੋ ਹੀ ਮੁਲਕਗੀਰੀ ਤੇ ਆਪਣੇ ਦੇਸ ਦੀ ਹਕੂਮਤ ਅਥਵਾ ਰਾਜ ਆਪ ਕਰਨ ਦਾ ਹੈ।

ਮੈਂ - ਮੈਂ ਤਾਂ ਰਾਜ ਕਰਨ ਦੀ ਹਵਸ ਨੂੰ ਭੀ ਆਪਣੇ ਧਾਰਮਿਕ ਅਸੂਲਾਂ ਤੋਂ ਉਲਟ ਸਮਝਦਾ ਹਾਂ। ਜੈਸਾ ਕਿ ਅਸਾਡੇ ਗੁਰੂ ਸਾਹਿਬ ਦਾ ਫੁਰਮਾਨ ਹੈ ਕਿ 'ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤ ਚਰਨ ਕਮਲਾਰੇ।' ਸੋ ਦੱਸੋ ਸਾਡੀ ਤੁਹਾਡੀ ਮੀਜਾ ਕਿਵੇਂ ਮਿਲੀ?

ਡਿਃ ਸੁਪ੍ਰੰਃ -ਤਦ ਤੁਸੀਂ ਜੋ ਕੁਛ ਕੀਤਾ, ਐਡਾ ਅਡੰਬਰ ਸਰਕਾਰ ਦੇ ਬਰ-ਖਿਲਾਫ ਐਵੇਂ ਹੀ ਕੀਤਾ, ਸਿਰਫ ਉਨ੍ਹਾਂ ਨੂੰ ਇਸ ਦੇਸ ਵਿਚੋਂ ਕੱਢ ਕੇ ਆਪ ਰਾਜ ਕਰਨ ਦੀ ਖਾਤਰ ਨਹੀਂ ਕੀਤਾ?

ਮੈਂ - ਮੈਂ ਆਖਦਾ ਹਾਂ ਕਿ ਜਦ ਰਾਜ ਕਰਨ ਦੀ ਤ੍ਰਿਸ਼ਨਾ ਰਖਣਾ ਸਾਡੇ ਧਰਮ ਤੋਂ ਵਿਰੁੱਧ ਹੈ ਤਦ ਰਾਜ ਕਰਨ ਦੀ ਖਾਤਰ ਕੁਝ ਕਰਨਾ ਕਰਾਉਣਾ ਹੀ ਇਕ ਵਾਹੀਅਤ ਖਿਆਲ ਹੈ।

ਡਿਃ ਸੁਪ੍ਰੰਃ - ਅੱਛਾ ਜੀ ਜਾਣ ਦਿਉ ਇਸ ਮਜ਼ਹਬੀ ਬਹਿਸ ਨੂੰ, ਸਾਡਾ ਇਸ ਨਾਲ ਕੋਈ ਤੱਅਲਕ ਨਹੀਂ। ਅਸਲੀ ਗੱਲ ਪਰ ਆਉ। ਬਸ, ਮੁਕਦੀ ਗੱਲ ਇਹ ਕਿ ਆਪ ਮੈਨੂੰ ਆਪਣਾ ਆਖਰੀ ਫੈਸਲਾ ਦਿਓ ਕਿ ਆਪ ਨੂੰ ਜੋ ਇਹ ਨਾਦਰ ਮੌਕਾ ਦਿਤਾ ਜਾਂਦਾ ਹੈ, ਕੀ ਆਪ ਇਸ ਤੋਂ ਕੁਛ ਲਾਭ ਉਠਾਣਾ ਚਾਹੁੰਦੇ ਹੋ ਜਾਂ ਨਹੀਂ?

ਮੈਂ - ਬਿਲਕੁਲ ਨਹੀਂ! ਬਿਲਕੁਲ ਨਹੀਂ!! ਬਿਲਕੁਲ ਨਹੀਂ!!! ਬਾਰ ਬਾਰ ਮੇਰੀ ਸਿਰ ਖਪਾਈ ਮਤ ਕਰੋ!

ਡਿਃ ਸੁਪ੍ਰੰਃ - ਅੱਛਾ, ਅਬ ਕਲ੍ਹ ਆਪ ਕੋ ਜੇਲ੍ਹਖਾਨੇ ਭੇਜ ਦੀਆ ਜਾਏਗਾ, ਜਿਥੇ ਬੜੀ ਤਕਲੀਫ ਮਿਲੇਗੀ ਅਤੇ ਖਾਣਾ ਭੀ ਤੁਮ੍ਹਾਰੇ ਹਸਬ ਮਨਸ਼ਾ ਨਹੀਂ ਮਿਲੇਗਾ। ਤਮ੍ਹਾਰਾ ਧਰਮ ਈਮਾਨ ਭੀ ਦੇਖਾ ਜਾਏਗਾ ਕਿ ਕਬ ਤਕ ਨਿਭਤਾ ਹੈ। ਅਬ ਭੀ ਕੋਈ ਸੋਚ ਵਿਚਾਰ ਕਰ ਲੋ। ਇਕ ਦਿਨ ਕੀ ਮੁਹਲਤ ਔਰ ਦੀ ਜਾਤੀ ਹੈ।

ਮੈਂ - ਮੇਰਾ ਧਰਮ ਨੇਮ ਨਿਭਾਉਣ ਵਾਲਾ ਗੁਰੂ ਹੈ ਜੋ ਸਦਾ ਮੇਰੇ ਅੰਗ ਸੰਗ ਹੈ। ਕਲ੍ਹ ਭੇਜਣ ਦੇ ਥਾਉਂ ਅੱਜ ਹੁਣੇ ਹੀ ਜੇਲ੍ਹ ਖਾਨੇ ਵਿਚ ਭੇਜ ਦੇਵੋ। ਮੜ੍ਹੀਆਂ ਮੁਹਲਤਾਂ ਦੇਣ ਦੀ ਕੋਈ ਲੋੜ ਨਹੀਂ।

ਇਸ ਤੋਂ ਪਸਚਾਤ 25 ਜੂਨ 1915 ਨੂੰ ਲੁਧਿਆਣੇ ਜੇਲ੍ਹ ਵਿਚ ਘੱਲਿਆ ਗਿਆ। ਉਥੇ ਫੇਰ ਦੋ ਤਿੰਨ ਵਾਰ ਸੀ.ਆਈ.ਡੀ. ਦੇ ਕਈ ਇੰਨਸਪੈਕਟਰ ਵਗੈਰਾ ਆਏ ਤੇ ਬਹਿਸ ਕਰਕੇ ਚਲੇ ਗਏ। ਉਨ੍ਹਾਂ ਨਾਲ ਜੋ ਬਾਤਚੀਤ ਹੋਈ ਸੋ ਖਾਸ ਤੌਰ ਤੇ ਹੁਣ ਸਾਰੀ ਮੇਰੇ ਯਾਦ ਨਹੀਂ ਰਹੀ। ਇਕ ਦੋ ਗੱਲਾਂ ਯਾਦ ਹਨ ਸੋ ਲਿਖਦਾ ਹਾਂ।

ਇਨਸਪੈਕਟਰ – ਹੁਣ ਤਾਂ ਸਭ ਭਾਂਡਾ ਫੁੱਟ ਗਿਆ ਹੈ ਤੇ ਸਭ ਕੁਛ ਸਾਬਤ ਹੋ ਚੁੱਕਾ ਹੈ। ਅਜੇ ਭੀ ਆਪ ਦੇ ਵਾਸਤੇ ਬੜਾ ਸੋਹਣਾ ਵੇਲਾ ਹੈ ਕਿ ਸਭ ਕੁਝ ਦਸ ਦੇਵੋ ਨਹੀਂ ਤਾਂ ਕਈ ਆਦਮੀ ਆਪ ਉਤੇ ਵਾਦਾ ਮਾਫ ਬਣ ਰਹੇ ਹਨ।

ਮੈਂ – ਜਦੋਂ ਸਭ ਕੁਝ ਸਾਬਤ ਹੋ ਚੁੱਕਾ ਹੈ ਤਾਂ ਮੈਥੋਂ ਪੁਛਣ ਦੀ ਕੀ ਲੋੜ ਹੈ, ਆਪਣਾ ਉੱਲੂ ਸਿੱਧਾ ਕਰੋ ਤੇ ਮੁਕੱਦਮਾ ਚਲਾਓ ਅਤੇ ਵਾਅਦਾ ਮਾਫ ਜੋ ਬਣ ਰਹੇ ਹਨ ਸੋ ਬਣਾਓ। ਹੁਣ ਢਿੱਲ ਕਾਹਦੀ ਹੈ?

ਇਨਸਪੈਕਟਰ – ਅਸੀਂ ਚਾਹੁੰਦੇ ਹਾਂ ਕਿ ਬਹੁਤੇ ਆਦਮੀਆਂ ਦੀ ਥਾਉਂ ਜੇ ਆਪ ਇਕੱਲੇ ਹੀ ਵਾਦਾ ਮਾਫ ਬਣ ਜਾਓ ਤਾਂ ਦੂਜਿਆਂ ਦੀ ਫਿਰ ਕੀ ਲੋੜ ਹੈ। 'ਹਾਥੀ ਕੇ ਪਾਉਂ ਮੇਂ ਸਭ ਕਾ ਪਾਉਂ" ਜੋ ਕੁਛ ਆਪ ਦੇ ਇਕੱਲੇ ਸੀਨੇ ਵਿਚ ਹੈ, ਉਹ ਉਨ੍ਹਾਂ ਸਾਰਿਆਂ ਦੇ ਭੀ ਨਹੀਂ ਹੋਣਾ। ਦੂਸਰੇ ਆਪ ਦੀ ਸੱਚ ਬਿਆਨੀ ਉਤੇ ਸਭ ਨੂੰ ਵਸੂਕ ਹੈ। ਆਪ ਜੋ ਕੁਛ ਦੱਸੋਗੇ ਸੋ ਤੀਰ ਬਹਦਫ (ਬਿਲਕੁਲ ਸੱਚ) ਹੋਵੇਗਾ। ਆਪ ਜੇ ਹੁਣ ਹਾਮੀ ਭਰ ਲਵੋ ਤਾਂ ਅਸੀਂ ਉਨ੍ਹਾਂ ਸਾਰਿਆਂ ਨੂੰ ਜੋ ਆਪ ਦੇ ਬਰਖਿਲਾਫ ਵਾਦਾ ਮਾਫ ਬਣਨ ਨੂੰ ਤਿਆਰ ਹਨ, ਹੁਣੇ ਹੀ ਜੇਲ੍ਹ ਵਿਚ ਲਿਆ ਸੁਟਦੇ ਹਾਂ ਅਤੇ ਆਪ ਨੂੰ ਏਸ ਨਰਕ ਵਿਚੋਂ ਕੱਢ ਕੇ ਲੈ ਜਾਂਦੇ ਹਾਂ।

ਮੈਂ – ਅਫਸੋਸ! ਹਜ਼ਾਰ ਬਾਰ ਅਫਸੋਸ!! ਤੁਹਾਡਾ ਮਹਿਕਮਾ ਹੀ ਬੜਾ ਢੀਠਾਂ ਦਾ ਹੈ। ਤੁਹਾਡਾ ਅਸੂਲ ਹੀ ਕੋਈ ਨਹੀਂ। ਜਿਹੜੇ ਲਾਰੇ ਤੁਸੀਂ ਮੇਰੇ ਨਾਲ ਲਾਉਂਦੇ ਹੋ, ਉਹੀ ਲਾਰੇ ਉਨ੍ਹਾਂ ਸਭ ਵਾਦਾ ਮਾਫੀ ਦੇ ਉਮੈਦਵਾਰਾਂ ਨਾਲ ਲਾ ਚੁੱਕੇ ਹੋਵੋਗੇ। ਤੁਸੀਂ ਖਿਨ ਖਿਨ ਤੇ ਪੈਰ ਪੈਰ ਤੇ ਪੈਂਤੜੇ ਬਦਲਦੇ ਹੋ। ਉਹ ਬੜੇ ਹੀ ਬੇਵਕੂਫ ਅਤੇ ਜਾਹਲ ਆਦਮੀ ਹਨ ਜੋ ਥੋੜ੍ਹੇ ਜਿਹੇ ਸ਼ੁਅਬਦਾ ਬਾਜ਼ਾਂ ਦੀਆਂ ਚਾਲਾਂ ਅੰਦਰ ਆ ਜਾਂਦੇ ਹਨ ਤੇ ਤੁਹਾਡੇ ਸਿੱਖੇ ਸਿਖਾਏ ਝੂਠ ਬੋਲਣ ਤੇ ਆਮਾਦਾ ਹੋ ਜਾਂਦੇ ਹਨ।

ਇੰਨਸਪੈਕਟਰ – (ਗੱਲ ਟੁਕ ਕੇ) ਤੁਹਾਨੂੰ ਚਾਹੀਦਾ ਹੈ ਕਿ ਜਿਨ੍ਹਾਂ ਆਦਮੀਆਂ ਨੇ ਆਪ ਦੇ ਬਰਖਿਲਾਫ ਇਲਜ਼ਾਮ ਲਗਾ ਕੇ (ਜਿਨ੍ਹਾਂ ਨੂੰ ਤੁਸੀਂ ਝੂਠਾ ਸਮਝਦੇ ਹੋ) ਆਪ ਜੈਸੇ ਸ਼ਰੀਫ ਆਦਮੀ ਨੂੰ ਐਸੀ ਬਿਪਤਾ ਵਿਚ ਫਸਾਇਆ ਹੈ, ਉਨ੍ਹਾਂ ਦਾ ਬਦਲਾ ਖੂਬ ਖਾਤਰ ਜਮਾਈ ਨਾਲ ਲਵੋ।

ਮੈਂ – ਮੈਨੂੰ ਬਦਲਾ ਲੈਣ ਦੀ ਕੀ ਲੋੜ ਹੈ? ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ – 'ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥ ਤੇਰੇ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥'

ਇੰਨਸਪੈਕਟਰ – ਅੱਛਾ, ਜੇ ਆਪ ਵਾਦਾ ਮਾਫ ਬਣਨ ਨੂੰ ਨਫਰਤ ਤੇ ਹਕਾਰਤ ਦੀ ਨਿਗਾਹ ਨਾਲ ਦੇਖਦੇ ਹੋ ਤਾਂ ਅਸੀਂ ਤੁਹਾਨੂੰ ਮਜ਼ਬੂਰ ਨਹੀਂ ਕਰਨਾ ਚਾਹੁੰਦੇ ਪਰ ਕੀ ਤੁਸੀਂ ਐਤਨਾ ਭੀ ਨਹੀਂ ਦਸ ਸਕਦੇ ਕਿ ਆਪ ਦੇ ਨਾਲ ਪਹਿਲਾਂ ਗੁਰਮਤੇ ਵਿਚ ਕਉਣ ਕਉਣ ਆਦਮੀ ਸ਼ਾਮਲ ਸਨ ਤੇ ਫੇਰ ਨਾਲ ਕਿਹੜੇ ਕਿਹੜੇ ਆਦਮੀ ਗਏ।

ਮੈਂ – ਆਪ ਤਾਂ ਕਹਿ ਚੁੱਕੇ ਹੋ ਕਿ ਸਭ ਵਾਕਿਆਤ ਸਾਬਤ ਹੋ ਚੁੱਕੇ ਹਨ ਤੇ ਵਾਦਾ ਮਾਫੀ ਦੇ ਅਭਿਲਾਖੀ ਪੁਰਸ਼ ਆਪ ਨੂੰ ਸਭ ਕੁਛ ਦੱਸ ਚੁੱਕੇ ਹਨ। ਹੁਣ ਮੈਥੋਂ ਕਿਉਂ ਪੁਛਦੇ ਹੋ? ਸੱਚ ਹੈ, 'ਦਰੋਗਾ ਗੋ ਰਾ ਹਾਫਜ਼ਾ ਨ ਬਾਸ਼ਦ' (ਝੂਠੇ ਨੂੰ ਗੱਲ ਚੇਤੇ ਨਹੀਂ ਰਹਿੰਦੀ)।

ਇਨਸਪੈਕਟਰ – ਹੋਰ ਤਾਂ ਸਭ ਕੁਛ ਮਾਲੂਮ ਹੈ, ਸਿਰਫ ਇਕ ਤਾਂ ਜੋ ਕੁਛ ਅੰਦਰ ਖਾਨੇ ਤੁਹਾਡਾ ਗੁਰਮਤਾ ਹੋਇਆ, ਜਿਸ ਨੂੰ ਤੁਸੀਂ ਅੰਤ੍ਰਿੰਗ ਕਹਿੰਦੇ ਹੋ, ਉਹ ਸਾਰੀ ਕਰਾਰਵਾਈ ਸਭ ਤੋਂ ਵੱਧ ਕੇ ਆਪ ਦੇ ਸੀਨੇ ਵਿਚ ਹੈ ਅਤੇ ਆਪ ਦੇ ਨਾਲ ਦੇ ਸਾਥੀਆਂ ਦੇ ਸਾਰੇ ਨਾਉਂ ਸਿਰਫ ਆਪ ਦੇ ਸੀਨੇ ਵਿਚ ਹੀ ਹਨ।

ਮੈਂ – (ਵਿਚਾਲਿਓਂ ਗੱਲ ਟੁਕ ਕੇ) ਤੁਸੀਂ ਹੋਰ ਉਲੂਆਂ ਵਾਂਗ ਮੈਨੂੰ ਭੀ ਧੀਂਗੋ ਧੀਂਗੀ ਫੁਸਲਾਉਣਾ ਚਾਹੁੰਦੇ ਹੋ। ਤੁਹਾਡੀ ਸਮਝ ਉਤੇ ਮੈਨੂੰ ਬੜੀ ਹੀ ਹੈਰਤ ਹੈ ਕਿ ਤੁਸੀਂ ਉਸ ਸ਼ਖਸ ਤੇ ਜਿਸ ਨੇ ਕਿ ਤੁਹਾਡੀ ਵਾਦਾ ਮਾਫੀ ਨੂੰ ਇਤਨੀ ਵਾਰ ਧਿਰਕਾਰਿਆ ਹੈ, ਪਰ ਮਨਜ਼ੂਰ ਨਹੀਂ ਕੀਤੀ, ਇਹ ਉਮੈਦ ਰਖਦੇ ਹੋ ਕਿ ਤੁਹਾਡੀ ਚਰਬ ਜਬਾਨੀ ਉਤੇ ਪਿਘਲ ਜਾਊ ਤੇ ਤੁਹਾਡੀ ਕਠਪੁਤਲੀ ਬਣ ਕੇ ਊਲ ਜਲੂਲ ਬਕੀ ਜਾਊ। ਫਰਜ਼ ਕੀਤਾ ਕਿ ਜੋ ਕੁਛ ਤੁਸੀਂ ਗੁਮਾਨ ਕਰਦੇ ਹੋ ਉਹ ਸਭ ਕੁਛ ਮੇਰੇ ਸੀਨੇ ਅੰਦਰ ਹੀ ਹੈ ਤਾਂ ਕੀ ਮੈਂ ਉਸ ਗੁਰਮਤੇ ਨੂੰ ਜੋ ਅੰਤ੍ਰਿੰਗ ਦਾ ਗੁਰਮਤਾ ਹੈ, ਤੁਹਾਡੇ ਜਿਹੇ ਅਨਮਤੀ ਮਨਮੁਖੀਏ ਸ੍ਵਾਰਥੀਆਂ ਪਾਸ ਭੰਗ ਦੇ ਭਾੜੇ ਹੀ ਦੱਸ ਦੇਊਂਗਾ? ਐਸਾ ਸ਼ਾਇਦ ਹੀ ਕੋਈ ਦੀਵਾਨ, ਜੋੜ ਮੇਲ ਅਥਵਾ ਅਖੰਡਪਾਠ ਦਾ ਸਮਾਗਮ ਹੋਊ ਜਿਸ ਵਿਚ ਕਿ ਖਾਸ ਅੰਤ੍ਰਿੰਗ ਪੰਥਕ ਗੁਰਮਤੇ ਨਹੀਂ ਹੋਏ। ਨਹੀਂ ਤਾਂ ਮੁੱਢ ਤੋਂ ਹੀ ਜਦ ਦੀ ਪੰਥ ਖਾਲਸਾ ਦੀ ਸਾਜਨਾ ਚਲੀ ਆਉਂਦੀ ਹੈ, ਉਦੋਂ ਤੋਂ ਹੀ ਹਰੇਕ ਸਮਾਗਮ ਉਤੇ ਪੰਥਕ ਅੰਤ੍ਰਿੰਗ ਗੁਰਮਤੇ ਹੁੰਦੇ ਚਲੇ ਆਏ ਹਨ। ਅਤੇ ਏਸ ਅੰਤ੍ਰਿੰਗ ਦੀ ਕਾਰਵਾਈ ਨੂੰ ਬਾਹਰ ਅਨਮਤੀਆਂ ਵਿਚ ਪ੍ਰਗਟ ਕਰਨ ਦਾ ਹੁਕਮ ਨਹੀਂ। ਜੋ ਕਰੇ ਸੋ ਮਹਾਂ ਤਨਖਾਹੀਆ ਹੈ। ਕਈ ਤਾਂ ਐਸੇ ਗੁਰਮਤੇ ਹੁੰਦੇ ਹਨ ਕਿ ਬਸ ਕੇਵਲ ਅੰਤ੍ਰਿੰਗ ਜਥੇ ਤੋਂ ਬਾਹਰ ਪੰਥਕ ਜਨਰਲ ਦੀਵਾਨ ਵਿਚ ਭੀ ਪ੍ਰਗਟ ਕਰਨ ਦੀ ਆਗਿਆ ਨਹੀਂ ਹੁੰਦੀ ਤੇ ਕਈ ਐਸੇ ਭੀ ਹੁੰਦੇ ਹਨ ਜੋ ਦੀਵਾਨਿ ਖਾਸ ਅਰਥਾਤ ਤਿਆਰ ਬਰ ਤਿਆਰ ਸਿੰਘ ਸਿੰਘਣੀਆਂ ਦੇ ਦੀਵਾਨ ਵਿਚ ਹੀ ਪ੍ਰਗਟ ਕੀਤੇ ਜਾ ਸਕਦੇ ਹਨ। ਸੋ ਜੇਕਰ ਤੁਸੀਂ ਐਸੇ ਅੰਤਿੰਗ ਦੀਵਾਨ ਦੀ ਕਾਰਵਾਈ ਮੈਥੋਂ ਪੁਛਣਾ ਚਾਹੋ ਤਾਂ ਭਾਵੇਂ ਮੇਰਾ ਸੀਸ ਚਲਿਆ ਜਾਵੇ ਪਰ ਐਸੇ ਅੰਤ੍ਰਿੰਗ ਅੰਤ੍ਰੀਵੀ ਗੁਰਮਤੇ ਮੇਰੇ ਸੀਨੇ ਤੋਂ ਬਾਹਰ ਨਹੀਂ ਨਿਕਲਣਗੇ।

ਇੰਨਸਪੈਕਟਰ - ਤਾਂ ਤੁਸੀਂ ਉਨ੍ਹਾਂ ਦੇ ਨਾਮ ਤਾਂ ਬਤਾ ਦਿਉ। ਹੋਰ ਨਹੀਂ ਤਾਂ ਉਨ੍ਹਾਂ ਦੇ ਹੀ ਨਾਮ ਲੈ ਦਿਉ ਜਿਹੜੇ ਹੁਣ ਆਪ ਪਰ ਵਾਦਾ ਮਾਫ ਬਣਨਾ ਚਾਹੁੰਦੇ ਹਨ ਕਿਉਂਕਿ ਉਹ ਤਾਂ ਹੁਣ ਗੁਪਤੋਂ ਪ੍ਰਗਟ ਹੋ ਹੀ ਚੁੱਕੇ ਹਨ।

ਮੈਂ - ਕੀ ਤੁਸੀਂ ਮੈਨੂੰ ਝੂਠ ਬੋਲਣਾ ਸਿਖਾਇਆ ਲੋੜਦੇ ਹੋ? ਐਸਾ ਹੀ ਝੂਠ ਦਾ ਸਬਕ ਦੇ ਦੇ ਕੇ ਤੁਸੀਂ ਵਾਦਾਮਾਫ ਬਣਨ ਵਾਲਿਆਂ ਦਾ ਮੂੰਹ ਕਾਲਾ ਕਰਦੇ ਹੋ। ਤੁਹਾਡੇ ਜਿਹੇ ਜੀਵਾਂ ਨਾਲ ਮੈਂ ਕਲਾਮ ਕਰਨਾ ਭੀ ਮਹਾਂ ਪਾਪ ਸਮਝਦਾ ਹਾਂ। ਜਾਓ ਅਤੇ ਅੱਗੇ ਨੂੰ ਮੇਰੇ ਪਾਸ ਨਹੀਂ ਆਉਣਾ।

ਇੰਨਸਪੈਕਟਰ - (ਛਿਥੇ ਜਿਹੇ ਹੋ ਕੇ) ਆਉਣਾ ਤਾਂ ਸਾਡਾ ਕੰਮ ਹੋਇਆ ਤੇ ਪੁਛਗਿੱਛ ਕਰਨਾ ਸਾਡਾ ਫਰਜ਼ ਹੈ।

ਮੈਂ - ਤੁਹਾਡਾ ਮੈਥੋਂ ਪੁੱਛਣ ਦਾ ਕੋਈ ਹੱਕ ਨਹੀਂ। ਤੁਸੀਂ ਕੋਈ ਮਨਸਿਫ ਨਹੀਂ, ਜੀਊਰੀ ਨਹੀਂ।

ਇਨਸਪੈਕਟਰ - ਅਸੀਂ ਉਨ੍ਹਾਂ ਵਲੋਂ ਹੀ ਇਹ ਸਭ ਕਾਰਵਾਈ ਕਰਨ ਲਈ ਤਈਨਾਤ ਕੀਤੇ ਗਏ ਹਾਂ।

ਮੈਂ - ਜੇ ਏਵੇਂ ਹੀ ਹੈ ਤਾਂ ਬਸ ਜੈਸੇ ਤੁਸੀਂ ਹੋ ਉਹੋ ਜੇਹੀਆਂ ਤੁਹਾਡੀਆਂ ਅਦਾਲਤਾਂ ਹੋਣਗੀਆਂ ਤੇ ਵੈਸੇ ਹੀ ਤੁਹਾਡੇ ਮੁਨਸਿਫ, ਮੈਜਿਸਟਰੇਟ ਜੱਜ ਤੇ ਹੋਰ ਮਨਸਬਦਾਰ ਹੋਣਗੇ। ਮੇਰਾ ਆਪਣਾ ਅਖਤਿਆਰ ਹੈ, ਕੋਈ ਭੀ ਮੈਨੂੰ ਝੂਠ ਬੋਲਣ ਵਾਸਤੇ ਮਜਬੂਰ ਨਹੀਂ ਕਰ ਸਕਦਾ। ਹੁਣ ਜਾਓ ਮੇਰਾ ਮਗਜ਼ ਨਾ ਖਾਓ।

## ਡੀਫੈਂਸ ਅਰਥਾਤ ਸਫਾਈ ਪੇਸ਼ ਕਰਨ ਦਾ ਮਾਮਲਾ

ਬੱਸ ਇਨਸਪੈਕਟਰ ਇੰਨੀ ਗੱਲਬਾਤ ਕਰਕੇ ਚਲਦੇ ਲਗੇ ਤੇ ਮੁੜ ਕਦੇ ਨਹੀਂ ਆਏ। ਹੁਣ ਜੋ ਆਪ ਮੈਥੋਂ ਇਹ ਪੁਛਣਾ ਚਾਹੁੰਦੇ ਹੋ ਕਿ ਮੁਕੱਦਮੇ ਵਿਚ ਡੀਫੈਂਸ (ਸਫਾਈ) ਪੇਸ਼ ਕਿਉਂ ਕੀਤੀ? ਇਸ ਦਾ ਜਵਾਬ ਮੈਂ ਆਪ ਨੂੰ ਇਸ ਵਕਤ ਇਤਨਾ ਹੀ ਦੇਣਾ ਕਾਫੀ ਸਮਝਦਾ ਹਾਂ ਕਿ ਕਿਸੇ ਡਰ, ਬਚਾਉ ਯਾ ਨਿਜ ਸਵਾਰਤ ਦੇ ਕਾਰਨ ਹਰਗਿਜ਼ ਐਸਾ ਨਹੀਂ ਕੀਤਾ ਗਿਆ। ਮੈਨੂੰ ਇਸ ਗੱਲ ਦੀ ਕੋਈ ਪ੍ਵਾਹ ਨਹੀਂ ਕਿ ਲੋਕ ਮੇਰੀ ਏਸ ਕਾਰਵਾਈ ਉਤੇ ਭਾਵੇਂ ਕਿਤਨੀ ਹੀ ਨੁਕਤਾਚੀਨੀ ਕਰਨ ਅਤੇ ਮੇਰੀ ਬਾਬਤ ਕੁਝ ਖਿਆਲ ਕਰਨ ਪਰ ਮੈਨੂੰ ਆਪਣੀ ਜਾਨ ਦਾ ਤੌਖਲਾ ਕਦੇ ਭੀ ਨਹੀਂ ਬਿਆਪਿਆ, ਨਾ ਹੀ ਗੁਰੂ ਦੀ ਕ੍ਰਿਪਾ ਨਾਲ ਆਪਣੀ ਜਾਨ ਦੇ ਬਚਾਉਣ ਦਾ ਫੁਰਨਾ ਹੀ ਫੁਰਿਆ ਹੈ। ਉਸ ਵੇਲੇ ਜੈਸੀ ਪ੍ਰੇਰਨਾ ਹੋਈ ਤਿਵੇਂ ਹੁਕਮ ਰਜ਼ਾਈ ਵਰਤਾਰਾ ਵਰਤਿਆ। ਪਰ ਇਤਨਾ ਮੈਂ ਜ਼ਰੂਰ ਸਪਸ਼ਟ ਆਖਦਾ ਹਾਂ ਕਿ ਦਾਸ ਜੇਕਰ ਇਕੱਲਾ ਹੀ ਫਸਿਆ ਹੁੰਦਾ ਤੇ ਆਪ ਜੈਸੇ ਹੋਰ ਸੱਜਣ ਸਾਥੀ ਮੇਰੇ ਸਬੰਧ ਵਿਚ ਨਾਲ ਨਾ ਫਸਦੇ ਤਾਂ ਮੈਂ ਡਝੀ ਡੀਫੈਂਸ (ਸਫਾਈ) ਕੋਈ ਨਹੀਂ ਸੀ ਦੇਣੀ। ਜੋ ਗੁਰੂ ਪ੍ਰੇਰਕ ਪ੍ਰੇਰਨਾ ਕਰਦੇ ਤਿਵੇਂ ਹੀ ਭਾਵੇਂ ਨਿਧੜਕ ਹੋ ਵਰਤਦਾ ਤੇ ਭਾਵੇਂ ਨਿਰਾ ਮਸ਼ਟ ਹੀ ਹੋ ਰਹਿੰਦਾ। ਹੁਣ ਆਪ ਮੈਥੋਂ ਬਿਲਕੁਲ ਬੇਗਾਨੇ ਹੋ ਕੇ ਪੁਛਣਾ ਚਾਹੁੰਦੇ ਹੋ। ਕੀ ਆਪ ਨਹੀਂ ਜਾਣਦੇ ਕਿ ਮੈਂ ਕੋਈ ਵੀ ਐਸੀ ਹਰਕਤ ਸਾਰੇ ਮੁਕੱਦਮੇ ਦੇ ਸਮੇਂ ਵਿਚ ਆਪ ਸੱਜਣਾਂ (ਜਿਨ੍ਹਾਂ ਨੂੰ ਮੈਂ ਸੰਗਤ ਰੂਪ ਸਮਝਦਾ ਸੀ) ਦੀ ਸੰਮਤੀ ਬਗੈਰ ਨਹੀਂ ਕੀਤੀ? ਜੇਕਰ ਆਪ ਸੱਜਣਾਂ ਨੂੰ ਮੇਰੀ ਉਸ ਸਮੇਂ ਦੀ ਕਿਸੇ ਭੀ ਰਵਸ਼ ਤੇ ਹਰਕਤ ਤੋਂ ਐਸਾ ਪ੍ਰਤੀਤ ਹੋ ਗਿਆ ਹੋਵੇ ਕਿ ਜੋ ਕੁਛ ਭੀ ਉਸ ਸਮੇਂ ਦਾਸ ਨੇ ਡੀਫੈਂਸ (ਸਫਾਈ) ਪ੍ਰਥਾਇ ਕੀਤਾ ਕਰਾਇਆ ਉਸ ਵਿਚੋਂ ਰੰਚਕ ਮਾਤਰ ਅੰਸ਼ ਭੀ ਜਾਨ ਦੇ ਬਚਾਉ ਦੇ ਆਸ਼ੇ ਨੂੰ ਅਥਵਾ ਕਿਸੇ ਹੋਰ ਡਰ ਭਰਮ ਭ੍ਰਾਂਤੀ ਨੂੰ ਸਿੱਧ ਕਰਦਾ ਹੋਵੇ ਤਾਂ ਆਪ ਸੱਜਣਾਂ ਤੋਂ ਅਧਿਕ ਭਲੀ ਅਤੇ ਸੱਚੀ ਸਾਖਾ ਹੋਰ ਕਉਣ ਭਰ ਸਕਦਾ ਹੈ? ਮੈਂ ਭੀ ਨਹੀਂ ਭਰ ਸਕਦਾ। ਮੈਨੂੰ ਪੁਛਣ ਦੀ ਕੀ ਲੋੜ ਹੈ, ਆਪ ਨਿਸੰਗ ਅਤੇ ਨਿਧੜਕ ਹੋ ਕੇ ਆਪਣਾ ਖਿਆਲ ਪ੍ਰਗਟ ਕਰ ਸਕਦੇ ਹੋ। ਹੋ ਸਕਦਾ ਹੈ ਕਿ ਮੈਥੋਂ ਕੋਈ ਕਮਜ਼ੋਰੀ ਹੋ ਗਈ ਹੋਵੇ, ਜੋ ਮੈਨੂੰ ਮਹਿਸੂਸ ਨਾ ਹੋਈ ਹੋਵੇ ਕਿਉਂਕਿ ਮੈਂ ਆਪਣੇ ਆਪ ਨੂੰ ਇਕ ਅਲਪੱਗ ਤੇ ਭੁੱਲਣਹਾਰ ਬੰਦਾ ਸਮਝਦਾ ਹਾਂ, ਖਤਾ ਤੋਂ ਖਾਲੀ ਤੇ ਅਭੁੱਲ ਤਾਂ ਕੇਵਲ ਗੁਰੂ ਤੇ ਕਰਤਾਰ ਹੀ ਹੈ, ਨਹੀਂ ਤਾਂ 'ਭੁੱਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ।'

ਇਸ ਤੋਂ ਜ਼ਿਆਦਾ ਦਾਸ ਆਪ ਦੇ ਪ੍ਰਸ਼ਨ ਪ੍ਰਥਾਇ ਹੋਰ ਕੁਛ ਨਹੀਂ ਆਖ ਸਕਦਾ ਕਿ ਕਿਸ ਖਿਆਲ ਨੂੰ ਮੁੱਖ ਰੱਖ ਕੇ ਡੀਫੈਂਸ (ਸਫਾਈ) ਪੇਸ਼ ਕੀਤੀ ਗਈ। ਗੁਰੂ ਦੇ ਭਾਣੇ ਤੇ ਸੰਗਤ ਦੇ ਪ੍ਰਭਾਵ ਕਰਕੇ ਜੋ ਖਿਆਲਾਂ ਦੀ ਪ੍ਰੇਰਨਾ ਉਸ ਸਮੇਂ ਹੋਈ, ਮੈਂ ਹੂਬਹੂ ਕੁਛ ਨਹੀਂ ਦਸ ਸਕਦਾ ਕਿਉਂਕਿ ਮੇਰੇ ਚੇਤੇ ਕੁਛ ਨਹੀਂ ਰਿਹਾ ਕਿ ਕਿਵੇਂ ਪ੍ਰੇਰਨਾ ਹੋਈ ਤੇ ਕਿਸ ਖਿਆਲ ਨੂੰ ਮੁਖ ਰੱਖ ਕੇ ਹੋਈ। ਹਾਂ ਏਤਨੀ ਯਾਦ ਖਿਆਲ ਮੇਰੇ ਸੀਨੇ ਪਰ ਪੱਥਰ ਦੀ ਲਕੀਰ ਵਾਂਙੂ ਉਕਰਿਆ ਪਿਆ ਹੈ ਕਿ ਉਕਤ (ਡੀਫੈਂਸ) ਸਫਾਈ ਦਾ ਖਿਆਲ ਕਿਸੇ ਸਰੀਰਕ ਯਾ ਸੰਸਾਰਕ ਭੈ ਦੇ ਕਾਰਨ ਨਹੀਂ ਕੀਤਾ ਗਿਆ। ਜੋ ਕੁਛ ਕੀਤਾ ਗਿਆ ਸੰਗਤ ਦੀ ਸੰਮਤੀ ਦੇ ਅਸਰ ਥਲੇ ਅਨੁਸਾਰੀ ਬਣ ਕੇ ਹੋਇਆ ਹੈ। ਹੋਰ ਬੀਤ ਚੁੱਕੀਆਂ ਬਾਤਾਂ ਦੇ ਚਿਤਵਣੇ ਇਥੇ ਕੌਣ ਕਰੇ! ਮੇਰਾ ਤਾਂ ਇਸ ਵਲ ਕਦੇ ਭੀ ਖਿਆਲ ਨਹੀਂ ਸੀ ਗਿਆ। ਆਪ ਹੁਣ ਮੱਲੋ ਮੱਲੀ ਮੈਥੋਂ ਬੱਧੇ ਚੱਟੀ ਭਰਾਉਂਦੇ ਹੋ। ਇਨ੍ਹਾਂ ਲੜੀਆਂ ਲਾਈਫਾਂ (ਜੀਵਨ ਕਹਾਣੀਆਂ) ਵਿਚ ਹੀ ਕੀ ਰੱਖਿਆ ਪਿਆ ਹੈ? ਆਪ ਜੀ ਜਾਣ ਦਿਉ ਇਸ ਸ਼ੁਦਾ-ਪੁਣੇ ਨੂੰ। ਮੈਨੂੰ ਭੀ ਇਹ ਸ਼ੁਦਾ ਹੈ ਕਿ ਆਪ ਦੀ ਮਨ-ਮੰਨੀ ਇੱਛਾ ਦੇ ਮਗਰ ਤੁਰਦਾ ਹਾਂ ਪਰ ਇਸ ਵਿਚ ਰਸ ਕੁਛ ਨਹੀਂ। ਮੈਨੂੰ ਆਪਣੇ ਆਪ ਨੂੰ ਤਾਂ ਕੁਛ ਪ੍ਰਤੀਤ ਨਹੀਂ ਹੁੰਦਾ, ਤਾਂਹੀਉਂ ਤਾਂ ਮੈਂ ਆਪ ਨੂੰ ਬੇਨਤੀ ਕੀਤੀ ਸੀ ਕਿ ਮੇਰੀ ਜੀਵਨ ਯਾਤਰਾ ਮੁਕੇ ਪਿਛੋਂ ਜੋ ਆਪ ਦੀ ਮਰਜ਼ੀ ਹੋਵੇ ਸੋ ਕਰਿਓ। ਪਰ ਆਪ ਐਸੇ ਖਹਿੜੇ ਪਏ ਹੋ ਕਿ ਮੈਨੂੰ ਭੀ ਆਪਣੇ ਵਹਿਣਾਂ ਵਿਚ ਰੋੜ੍ਹੀ ਚਲੇ ਜਾਂਦੇ ਹੋ। ਅੱਛਾ ਹੁਣ ਫਤਹਿ ਬੁਲਾਉਂਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ,

ਵਾਹਿਗੁਰੂ ਜੀ ਕੀ ਫਤਹਿ।

# ਸੰਤ ਤੁਮਾਰੇ ਤੁਮਰੇ ਪ੍ਰੀਤਮ

***ਪ੍ਰੋ. ਗੁਰਦੇਵ ਸਿੰਘ***

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-45)*

ਸਿੰਧੀ ਰੇਲਵੇ ਬਾਬੂ ਦੇ ਗ੍ਰਹਿ ਕੁਝ ਦਿਨ ਰਹਿ ਕੇ ਆਪ ਨੇ ਉਹਨਾਂ ਤੋਂ ਵਿਦਾ ਲਈ, ਸਵੇਰ ਦਾ 9 ਵਜੇ ਦਾ ਸਮਾਂ ਸੀ। ਆਪ ਦੇ ਮਨ ਵਿਚ ਸੀ ਕਿ ਵਸੋਂ ਨੂੰ ਛੱਡ ਕੇ ਖੇਤਾਂ ਵਲ ਨੂੰ ਹੁੰਦੇ ਹੋਏ ਚਲੀਏ ਤੇ ਸਿਧਾ ਖੇਤਾਂ ਦੀਆਂ ਵੱਟਾਂ ਤੋਂ ਹੋ ਕੇ ਚਲਦੇ ਹਨ, ਕਿਧਰੇ ਪਗਡੰਡੀ ਆ ਜਾਂਦੀ ਹੈ। ਉਥੋਂ ਦੀ ਤੁਰੇ ਜਾ ਰਹੇ ਹਨ, ਪੂਰੀ ਮਸਤੀ ਵਿਚ ਜਾ ਰਹੇ ਹਨ ਅਤੇ ਮੰਜ਼ਲ ਦਾ ਕੋਈ ਪਤਾ ਨਹੀਂ ਪਰ ਮਨ ਵਿਚ ਇਹ ਵਿਸ਼ਵਾਸ ਹੈ ਕਿ ਜਿਧਰ ਮੇਰਾ ਪਿਆਰਾ ਲੈ ਚਲੇਗਾ ਉਧਰ ਹੀ ਜਾਂਵਾਂਗੇ। ਨਿੰਮੀ ਨਿੰਮੀ ਧੁੰਨ ਵਿਚ ਗੁਰਬਾਣੀ ਦਾ ਉਚਾਰਣ ਕਰਦੇ ਹੋਏ ਆਪਣੇ ਅਨੰਦ ਵਿਚ ਜਾ ਰਹੇ ਹਨ, ਖੇਤਾਂ ਵਿਚ ਕਿਧਰੇ ਫਸਲਾਂ ਲਹਿ ਲਹਾ ਰਹੀਆਂ ਹਨ, ਕਿਸੇ ਪਾਸੇ ਹਰਹਟ ਦੀ ਆਵਾਜ਼ ਸੁਣਾਈ ਦੇ ਰਹੀ ਹੈ। ਫਸਲਾਂ, ਦਰਖਤਾਂ ਤੇ ਪੰਛੀਆਂ ਦੀ ਚਹਿਚਹਾਟ ਵਿਚੋਂ ਲੰਘਦੀ ਹੋਈ ਮਧੁਰ ਪੌਣ ਇਕ ਵਿਸਮਾਦੀ ਧੁੰਨ ਪੈਦਾ ਕਰ ਰਹੀ ਹੈ ਜਿਸ ਰਾਹੀਂ ਬਲਿਹਾਰੀ ਕੁਦਰਤ ਵਸਿਆ ਦਾ ਨਜਾਰਾ ਸਾਹਮਣੇ ਪਰਤੱਖ ਨਜਰੀ ਪੈ ਰਿਹਾ ਹੈ। ਆਪ ਜੀ ਨੂੰ ਇੰਜ ਪਰਤੀਤ ਦੇ ਰਿਹਾ ਹੈ ਕਿ ਜਿਵੇਂ ਸਾਰਾ ਬ੍ਰਹਿਮੰਡ ਵਾਹਿਗੁਰੂ ਦਾ ਨਾਮ ਜਪ ਰਿਹਾ ਹੋਵੇ। ਇਸੇ ਤਰ੍ਹਾਂ ਤੁਰੇ ਜਾਂਦੇ ਆਪ ਨੂੰ ਦੋ ਕੁ ਘੰਟੇ ਬੀਤ ਗਏ, ਆਪ ਨੂੰ ਕੋਈ ਪਤਾ ਨਹੀਂ ਕਿ ਕਿੰਨਾ ਸਫਰ ਤਹਿ ਕੀਤਾ ਹੋਵੇਗਾ ਕਿਉਂਕਿ ਆਪ ਨੂੰ ਵਿਸਮਾਦੀ ਰੰਗ ਵਿਚ ਦੇਸ਼, ਕਾਲ, ਵਸਤੂ ਭੁਲਿਆ ਹੋਇਆ ਸੀ। ਇਕ ਥਾਂ ਜਿਥੇ ਖੂਹ ਚਲ ਰਿਹਾ ਸੀ ਆਪ ਨੇ ਥੋੜ੍ਹਾ ਜਲ ਛਕਿਆ ਤੇ ਫੇਰ ਤੁਰ ਪਏ। ਇਸੇ ਤਰ੍ਹਾਂ ਤੁਰੇ ਜਾ ਰਹੇ ਹਨ ਕਿ ਆਪ ਨੇ ਦੇਖਿਆ ਕਿ ਕੁਝ ਫਾਸਲੇ ਉਤੇ ਸੰਘਣੇ ਦਰਖਤ ਹਨ ਤੇ ਲਾਗੇ ਸਵੱਛ ਪਾਣੀ ਦਾ ਟੋਬਾ ਹੈ। ਸਾਮ੍ਹਣੇ ਖੇਤਾਂ ਵਿਚ ਇਕ ਕਿਸਾਨ ਪਰਵਾਰ ਕੰਮ ਵਿਚ ਰੁਝਿਆ ਹੋਇਆ ਹੈ, ਦੋ ਜਣੇ ਸੁਹਾਗਾ ਫੇਰ ਰਹੇ ਹਨ ਤੇ ਦੋ ਪ੍ਰੇਮੀ ਕਿਆਰਿਆਂ ਦੀਆਂ ਵੱਟਾਂ ਕੱਢ ਰਹੇ ਹਨ।

ਬਾਬਾ ਜੀ ਨੂੰ ਭਜਨ ਕਰਨ ਵਾਸਤੇ ਇਹ ਥਾਂ ਚੰਗੀ ਲੱਗੀ, ਦਰਖਤਾਂ ਦੀ ਛਾਵੇਂ ਸਾਫ ਸੁਥਰੀ ਜਗ੍ਹਾ ਵੇਖ ਕੇ ਆਪ ਚੌਂਕੜਾ ਮਾਰ ਕੇ ਸਮਾਧੀ ਸਥਿਤ ਹੋ ਗਏ। ਦੂਜੇ ਪਾਸੇ ਕਿਸਾਨ ਜੋ ਖੇਤਾਂ ਵਿਚ ਕੰਮ ਕਰ ਰਹੇ ਸਨ ਉਨ੍ਹਾਂ ਨੇ ਵੀ ਵੇਖਿਆ ਕਿ ਪ੍ਰਭੂ ਸਿਮਰਨ ਵਿਚ ਕੋਈ ਗੁਰੂ ਕਾ ਸਿਖ ਲੀਨ ਬੈਠਾ ਹੈ। ਇਸੇ ਤਰ੍ਹਾਂ ਬੈਠਿਆਂ ਜਦੋਂ 2 ਘੰਟੇ ਗੁਜ਼ਰ ਗਏ ਤਾਂ ਇਕ ਬੀਬੀ ਉਨ੍ਹਾਂ ਦਾ ਦੁਪਹਿਰ ਦਾ ਖਾਣਾ ਲੈ ਕੇ ਆਈ। ਸਾਰੇ ਜਣੇ ਦਰਖਤ ਦੀ ਛਾਂਵਾਂ ਹੇਠ ਬੈਠ ਗਏ। ਉਨ੍ਹਾਂ ਵਿਚ ਜੋ ਬਜੁਰਗ ਸੀ ਤੇ ਲੜਕਿਆਂ ਦਾ ਪਿਤਾ ਸੀ, ਉਸਨੇ ਆਪਣੇ ਪੁਤਰ ਨੂੰ ਕਿਹਾ ਕਿ ਔਹ ਦਰਖਤਾਂ ਹੇਠਾਂ ਜੋ ਅੱਖਾਂ ਮੀਟ ਕੇ ਬੈਠਾ ਹੈ, ਉਸ ਨੂੰ ਵੀ ਆਵਾਜ਼ ਮਾਰ ਕੇ ਲੈ ਆ, ਪ੍ਰਸ਼ਾਦੇ ਦਾ ਵਕਤ ਹੋ ਗਿਆ ਹੈ, ਪ੍ਰਸ਼ਾਦਾ ਛਕ ਲਵੇ। ਜਦੋਂ ਉਸ ਨੇ ਆਪਣੇ ਪਿਤਾ ਦਾ ਹੁਕਮ ਸੁਣਾਇਆ ਤਾਂ ਆਪ ਦੀ ਸੁਰਤ ਟੁਟੀ ਅਤੇ ਨੇਤਰ ਖੋਲ੍ਹੇ ਅਤੇ ਕਿਹਾ ਕਿ ਮੈਂ ਪਰਸ਼ਾਦਾ ਨਹੀਂ ਛਕਣਾ। ਇਹ ਉਤਰ ਸੁਣ ਕੇ ਬਜ਼ੁਰਗ ਵੀ ਪਹੁੰਚ ਗਿਆ ਤੇ ਕਿਹਾ, ਨਿਕਿਆ ਪ੍ਰਸ਼ਾਦਾ ਛਕ ਲੈ, ਜਿਦ ਨਹੀਂ ਕਰਿਆ ਕਰਦੇ, ਤੈਨੂੰ ਭੁਖ ਲੱਗੀ ਹੋਵੇਗੀ। ਬਾਬਾ ਜੀ ਨੇ ਉਤਰ ਦਿਤਾ ਕਿ ਤੁਸੀਂ ਤਾਂ ਕੰਮ ਕਰਦੇ ਸੀ ਇਸ ਕਰਕੇ ਆਪ ਨੂੰ ਭੁਖ ਲੱਗੀ ਹੈ ਪਰ ਮੈਂ ਇਥੇ ਵਿਹਲਾ ਬੈਠਾ ਹਾਂ, ਇਸ ਕਰਕੇ ਤੁਸੀਂ ਪਰਸ਼ਾਦਾ ਛਕ ਲਵੋ। ਬਜੁਰਗਾਂ ਨੇ ਦੇਖਿਆ ਕਿ ਇਹ ਤਾਂ ਕੋਈ ਦ੍ਰਿੜ ਇਰਾਦੇ ਵਾਲਾ ਹੈ, ਇਸ ਤਰ੍ਹਾਂ ਸਹਿਜ ਨਾਲ ਇਹ ਮੰਨਣ ਵਾਲਾ ਨਹੀਂ। ਉਸ ਨੇ ਆਪਣਾ ਫੁਰਮਾਨ ਤੁਰੰਤ ਸੁਣਾ ਦਿਤਾ ਕਿ ਠੀਕ ਹੈ ਨਿਕਿਆ ਜੇ ਤੂੰ ਪਰਸ਼ਾਦਾ ਨਹੀਂ ਛਕੇਂਗਾ ਤਾਂ ਅਸੀਂ ਵੀ ਨਹੀਂ ਛਕਾਂਗੇ, ਅਸੀਂ ਵੀ ਬੈਠੇ ਹਾਂ, ਇਸੇ ਤਰ੍ਹਾਂ ਭੁੱਖੇ ਹੀ ਕੰਮ ਤੇ ਫੇਰ ਲੱਗ ਜਾਵਾਂਗੇ, ਗੁਡੋ ਨੂੰ ਵਾਪਸ ਭੇਜ ਦਿੰਦੇ ਹਾਂ। ਬਾਬਾ ਜੀ ਨੇ ਵਿਚਾਰ ਕੀਤਾ ਕਿ ਇਹ ਵਿਚਾਰੇ ਸਵੇਰ ਦੇ ਮਿਹਨਤ ਕਰ ਰਹੇ ਹਨ ਤੇ ਜੇਕਰ ਮੇਰੇ ਕਾਰਨ ਇਹ ਪਰਸ਼ਾਦੇ ਤੋਂ ਵਾਂਝੇ ਰਹਿੰਦੇ ਹਨ ਤਾਂ ਇਹ ਠੀਕ ਨਹੀਂ ਹੋਵੇਗਾ। ਬਾਬਾ ਜੀ ਨੇ ਬਜੁਰਗਾਂ ਨੂੰ ਕਿਹਾ ਕਿ ਦੇਖੋ ਬਾਪੂ ਜੀ! ਮੈਂ ਇਸ ਤਰ੍ਹਾਂ ਕਿਸੇ ਦਾ ਪਰਸ਼ਾਦਾ ਨਹੀਂ ਛਕਿਆ ਕਰਦਾ ਜਦ ਤਕ ਉਸ ਦੀ ਰਹਿਤ ਨਾ ਜਾਣਦਾ ਹੋਵਾਂ ਕਿਉਂਕਿ ਗੁਰੂ ਮਹਾਰਾਜ ਜੀ ਦਾ ਇਹ ਫੁਰਮਾਨ ਹੈ -

***ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀਂ ਗੀਤ॥***
***ਤਿਸ ਦੇ ਹਥੋ ਖਾਧਿਆ ਵਿਸਰੇ ਹਰਿ ਕੀ ਪ੍ਰੀਤ॥***

ਦੂਜੀ ਸ਼ਰਤ ਇਹ ਹੈ ਕਿ ਮੈਂ ਕੰਮ ਕਰਕੇ ਤਾਂ ਪਰਸ਼ਾਦਾ ਛਕਾਂਗਾ, ਇਸ ਤਰ੍ਹਾਂ ਬਿਨਾਂ ਕੰਮ ਕੀਤੇ ਮੈਂ ਪਰਸ਼ਾਦਾ ਨਹੀਂ ਛਕ ਸਕਦਾ। ਬਜ਼ੁਰਗ ਕਹਿਣ ਲੱਗੇ ਠੀਕ ਹੈ ਨਿਕਿਆ, ਤੂੰ ਪਰਸ਼ਾਦ ਛਕ ਲੈ ਤੇ ਮਗਰੋਂ ਸਾਡੇ ਨਾਲ ਕਿਆਰਿਆਂ ਦੀਆਂ ਵੱਟਾਂ ਕੱਢਵਾ ਦੇਵੀਂ ਅਤੇ ਜੇ ਸੁਹਾਗਾ ਫੇਰਨਾ ਆਉਂਦਾ ਹੈ ਤਾਂ ਸੁਹਾਗਾ ਫੇਰ ਲਵੀਂ।

ਬਾਬਾ ਜੀ ਕਹਿਣ ਲੱਗੇ ਕਿ ਤੁਸੀਂ ਇਹ ਦੱਸੋ ਕਿ ਤੁਸੀਂ ਸ਼ਰਾਬ ਪੀਂਦੇ ਹੋ ਅਤੇ ਮਾਸ ਖਾਂਦੇ ਹੋ। ਬਜੁਰਗ ਨੂੰ ਫੇਰ ਦੋ ਚਾਰ ਪੈ ਗਈਆਂ ਤੇ ਚੁਪ ਕਰ ਗਿਆ। ਕਹਿਣ ਲੱਗਿਆ, ਨਿਕਿਆ! ਸੱਚ ਬੋਲਦੇ ਹਾਂ ਕਿ ਦੋਵੇਂ ਚੀਜ਼ਾਂ ਵਰਤਦੇ ਹਾਂ। ਬਾਬਾ ਜੀ ਕਹਿਣ ਲੱਗੇ ਫੇਰ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਪ੍ਰਸ਼ਾਦਾ ਛਕ ਲਵਾਂ। ਸਾਰਾ ਪਰਵਾਰ ਹੱਕਾ ਬੱਕਾ ਰਹਿ ਗਿਆ ਕਿ ਦੇਖੋ ਕਿੰਨੀ ਨਿਰਭੈਤਾ ਨਾਲ ਬਚਨ ਕਰ ਰਿਹਾ ਹੈ। ਇਸ ਦੇ ਸਿਧੇ ਸਾਧੇ ਤੇ ਨਿਰਮਲ ਭਾਉ ਵਾਲੇ ਬੋਲ ਸੁਣ ਕੇ ਸਾਡੇ ਤਾਂ ਅਉਗਣ ਕੰਬਣ ਲਗ ਪਏ ਹਨ। ਸਾਡੇ ਇਹਨਾਂ ਔਗੁਣਾ ਕਰਕੇ ਕੀ ਇਹ ਗੁਰੂ ਕਾ ਸਿਖ ਭੁਖਾ ਹੀ ਰਹੇਗਾ। ਲੜਕੇ ਕਹਿਣ ਲੱਗੇ, ਬਾਪੂ! ਭਾਅ ਜੀ ਵੱਲ ਦੇਖ, ਕਿਵੇਂ

ਚਿਹਰੇ ਤੇ ਜਲਾਲ ਹੈ ਤੇ ਅੱਖਾਂ ਵਿਚ ਨਾਮ ਦੀ ਮਸਤੀ ਹੈ। ਸਾਡਾ ਤਾਂ ਦਿਲ ਕਰਦਾ ਹੈ ਕਿ ਅਸੀਂ ਤੋਬਾ ਕਰ ਦੇਈਏ, ਨਹੀਂ ਤਾਂ ਇਹ ਸਾਡੇ ਕਰਕੇ ਭੁਖਣ-ਭਾਣਾ ਰਹੇਗਾ। ਬਜ਼ੁਰਗ ਕਹਿਣ ਲੱਗਿਆ, ਓਏ ਪੁਤਰੋ! ਗਲ ਤਾਂ ਤੁਹਾਡੀ ਮੇਰੇ ਦਿਲ ਨੂੰ ਲੱਗਦੀ ਐ। ਵੇਖੋ ਅਸੀਂ ਮਝੈਲ ਹਾਂ, ਮਾਝੇ ਦੇ ਜੱਟ ਹਾਂ, ਕਦੀ ਕਿਸੇ ਅੱਗੇ ਨਹੀਂ ਨਿਵੇ ਪਰ ਇਹ ਨਿੱਕੇ ਦੀ ਗਲ ਮੋੜਨ ਨੂੰ ਜੀਅ ਨਹੀਂ ਕਰਦਾ ਤੇ ਨਾ ਹੀ ਅੜੀ ਕਰਨ ਨੂੰ ਜੀ ਕਰਦਾ ਹੈ। ਗੱਲ ਤਾਂ ਇਸ ਦੀ ਠੀਕ ਹੀ ਹੈ ਕਿ ਇਹ ਮਾੜੀਆਂ ਚੀਜ਼ਾਂ ਹਨ। ਮੁੰਡੇ ਕਹਿਣ ਲੱਗੇ, ਬਾਪੂ ਅਸੀਂ ਤਾਂ ਤਿੰਨਾਂ ਭਰਾਵਾਂ ਨੇ ਅਜ ਤੋਂ ਸ਼ਰਾਬ ਤੇ ਮਾਸ ਛੱਡ ਦੇਣਾ ਹੈ ਅਤੇ ਭਾਜੀ ਨੂੰ ਕਹਿ ਦੇਣਾ ਹੈ ਕਿ ਤੁਸੀਂ ਪਰਸ਼ਾਦਾ ਛਕ ਲਵੋ। ਤਿੰਨਾਂ ਭਰਾਵਾਂ ਨੇ ਬਾਬਾ ਜੀ ਪਾਸ ਜਾ ਕੇ ਕਿਹਾ ਕਿ ਭਾਅ ਜੀ! ਠੀਕ ਹੈ ਅਸੀਂ ਤੁਹਾਡਾ ਹੁਕਮ ਮੰਨ ਕੇ ਸ਼ਰਾਬ, ਮਾਸ ਛੱਡਿਆ ਤੇ ਹੁਣ ਤਾਂ ਪਰਸ਼ਾਦਾ ਛਕ ਲਵੋ। ਬਾਬਾ ਜੀ ਉਠ ਕੇ ਨੇੜੇ ਆ ਗਏ ਜਿਥੇ ਦਰਖਤ ਦੀ ਛਾਵੇਂ ਸਾਰੇ ਜਣੇ ਬੈਠੇ ਸੀ। ਬਾਬਾ ਜੀ ਕਹਿਣ ਲੱਗੇ, ਬਾਪੂ ਜੀ! ਤੁਸੀਂ ਨਹੀਂ ਦੱਸਿਆ ਕਿ ਸ਼ਰਾਬ ਛੱਡਣੀ ਹੈ ਕਿ ਨਹੀਂ, ਤੇ ਮਾਸ ਖਾਣਾ ਛੱਡਣਾ ਹੈ ਕਿ ਨਹੀਂ। ਕਹਿਣ ਲੱਗਾ, ਨਿਕਿਆ! ਮਾਸ ਦੀ ਤਾਂ ਮੈਂ ਸਹੁੰ ਖਾ ਲੈਂਦਾ ਹਾਂ ਕਿ ਅੱਜ ਤੋਂ ਨਹੀਂ ਖਾਵਾਂਗਾ ਪਰ ਸ਼ਰਾਬ ਦੀ ਮੁਸ਼ਕਲ ਹੈ ਕਿਉਂਕਿ ਇਹਨੂੰ ਤਾਂ ਮੈਂ ਛੋਟੀ ਉਮਰ ਤੋਂ ਪੀਂਦਾ ਆ ਰਿਹਾ ਹਾਂ। ਅਸੀਂ ਘਰ ਵਿਚ ਡਰੰਮਾਂ ਦੇ ਡਰੰਮ ਹਰ ਸਾਲ ਕੱਢਿਆ ਕਰਦੇ ਹਾਂ, ਜਿਹੜੀ ਐਨੀ ਕੱਢ ਕੇ ਰੱਖੀ ਪਈ ਹੈ ਉਸ ਦਾ ਕੀ ਬਣੇਗਾ, ਉਸ ਨੂੰ ਕੌਣ ਪੀਵੇਗਾ? ਇਸ ਕਰਕੇ ਨਿਕਿਆ ਤੂੰ ਮੇਰੇ ਨਾਲ ਥੋੜ੍ਹੀ ਰਿਆਇਤ ਕਰ, ਮੈਂ ਸ਼ਾਮ ਨੂੰ ਥੋੜ੍ਹੀ ਜਿਹੀ, ਇਕ ਪੈਗ ਮਾਫਕ ਪੀ ਲਿਆ ਕਰਾਂਗਾ, ਮੈਥੋਂ ਇਕ ਦਮ ਛੱਡੀ ਨਹੀਂ ਜਾਣੀ, ਪਰ ਮੈਂ ਤੇਰੇ ਨਾਲ ਵਾਅਦਾ ਕਰਦਾ ਹਾਂ ਕਿ ਮੈਂ ਇਸ ਨੂੰ ਛੱਡ ਦਿਆਂਗਾ। ਬਾਬਾ ਜੀ ਨੇ ਮਨ ਵਿਚ ਵਿਚਾਰ ਕੀਤੀ ਕਿ ਠੀਕ ਹੈ, ਨੌਜਵਾਨ ਮੁੰਡਿਆਂ ਨੇ ਤਾਂ ਛੱਡ ਦਿਤੀ ਹੈ ਤੇ ਵਾਅਦਾ ਕੀਤਾ ਹੈ ਕਿ ਮੁੜ ਕੇ ਨਹੀਂ ਪੀਣਗੇ। ਬਜ਼ੁਰਗ ਦੇ ਸੰਸਕਾਰ ਪੱਕੇ ਹੋਏ ਹਨ, ਇਹ ਵੀ ਮਹਾਰਾਜ ਦੀ ਕਿਰਪਾ ਦੁਆਰਾ ਛੱਡ ਦੇਣਗੇ।

ਬਾਬਾ ਜੀ ਕਹਿਣ ਲੱਗੇ, ਠੀਕ ਹੈ, ਮੈਂ ਆਪ ਦੀ ਗੱਲ ਮੰਨ ਲੈਂਦਾ ਹਾਂ ਤੇ ਪਰਸ਼ਾਦਾ ਛਕ ਲੈਂਦਾ ਹਾਂ, ਤੁਸੀਂ ਵੀ ਸਾਰੇ ਪਰਸ਼ਾਦਾ ਛਕੋ ਤੇ ਨਾਲ ਦੀ ਨਾਲ ਮੈਂ ਤੁਹਾਨੂੰ ਗੁਰੂ ਮਹਾਰਾਜ ਦੇ ਬਚਨ ਵੀ ਸੁਣਾਉਂਦਾ ਹਾਂ ਕਿ ਸ਼ਰਾਬ ਕਿੰਨੀ ਭੈੜੀ ਚੀਜ਼ ਹੈ। ਇਸ ਬਾਰੇ ਫੁਰਮਾਨ ਹੈ ਕਿ -

***ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥***
***ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥***
***ਪੰਨਾ - 554***

ਜਦੋਂ ਇਹ ਮੂੰਹ ਨੂੰ ਲੱਗ ਜਾਵੇ ਤਾਂ ਬੰਦਾ ਊਟ ਪਟਾਂਗ ਬੋਲਣਾ ਸ਼ੁਰੂ ਕਰ ਦਿੰਦਾ ਹੈ। ਪਹਿਲਾਂ ਇਸ ਦੇ ਮੂੰਹ ਵਿਚ ਜੁਬਾਨ ਨਹੀਂ ਹੁੰਦੀ ਪਰ ਪਹਿਲੇ ਪੈਗ ਨਾਲ ਹੀ ਜਿਸ ਨੂੰ ਤੋਤਾ ਪੈਗ ਕਹਿੰਦੇ ਹਨ, ਤੋਤੇ ਵਾਂਗੂ ਬੋਲਣਾ ਸ਼ੁਰੂ ਕਰ ਦਿੰਦਾ ਹੈ। ਵੱਡੀਆਂ ਵੱਡੀਆਂ ਫੜ੍ਹਾਂ ਮਾਰਦਾ ਹੈ ਤੇ ਜਦੋਂ ਦੂਸਰਾ ਪੈਗ ਪੀਂਦਾ ਹੈ ਜਿਸਨੂੰ ਸ਼ੇਰ ਪੈਗ ਕਹਿੰਦੇ ਹਨ ਉਹ ਸ਼ੇਰ ਵਾਂਗੂ ਬੜ੍ਹਕਾਂ ਮਾਰਦਾ ਹੈ ਕਿ ਆਵੋ ਮੇਰੇ ਸਾਹਮਣੇ ਜਿਹਨੇ ਆਉਣਾ ਹੈ ਤੇ ਉਸ ਤੋਂ ਬਾਅਦ ਜਦੋਂ ਹੋਰ ਪੀ ਲੈਂਦਾ ਹੈ ਤਾਂ ਇਸ ਨੂੰ ਗਧਾ ਪੈਗ ਕਹਿੰਦੇ ਹਨ ਤੇ ਫੇਰ ਗਧੇ ਵਾਂਗੂ ਲਿਟਣਾ ਸ਼ੁਰੂ ਕਰ ਦਿੰਦਾ ਹੈ। ਇਸ ਨੂੰ ਆਪਣੇ ਆਪ ਦਾ ਪਤਾ ਨਹੀਂ ਹੁੰਦਾ ਕਿ ਮੈਂ ਕਿਥੇ ਹਾਂ ਤੇ ਕਿਥੇ ਜਾਣਾ ਹੈ। ਇਹ ਸ਼ਰਾਬੀਆਂ ਦੀ ਹਾਲਤ ਹੁੰਦੀ ਹੈ। ਸੰਸਾਰ ਫਿਟਕਾਰਾਂ ਪਾਉਂਦਾ ਹੈ, ਘਰ ਵਾਲੇ ਦੁਖੀ ਹੁੰਦੇ ਹਨ। ਆਪ ਦੁਖੀ ਹੁੰਦਾ ਹੈ, ਬੀਮਾਰੀਆਂ ਅਲੱਗ ਲਗਦੀਆਂ ਹਨ, ਫੇਰ ਡਾਕਟਰਾਂ ਪਾਸ ਭੱਜਿਆ ਫਿਰਦਾ ਹੈ। ਸਿਆਣਿਆਂ ਨੇ ਕਿਹਾ ਕਿ ਸ਼ਰਾਬ ਪੀਣ ਵਾਲੇ ਦੀਆਂ ਸੱਤ ਕੁਲਾਂ ਨਸ਼ਟ ਹੋ ਜਾਂਦੀਆਂ ਹਨ। ਭਾਵ ਜੇ ਕੋਈ ਜਾਨਲੇਵਾ (chronic) ਬੀਮਾਰੀ ਲੱਗ ਜਾਵੇ ਤਾਂ ਇਹ ਜ਼ੀਨ ਰਾਹੀਂ ਹੋ ਕੇ ਸੱਤ ਕੁਲਾਂ ਤਕ ਪਹੁੰਚ ਜਾਂਦੀ ਹੈ।

***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***
***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥***

ਸ਼ਰਾਬ ਪੀਣ ਵਾਲਾ ਆਪਣਾ ਲੋਕ ਤੇ ਪਰਲੋਕ ਦੋਵੇਂ ਵਿਗਾੜ ਲੈਂਦਾ ਹੈ। ਪਰਲੋਕ ਵਿਚ ਇਸ ਨੂੰ ਥਾਂ ਨਹੀਂ ਮਿਲਦੀ ਤੇ ਧੱਕੇ ਮਾਰ ਕੇ ਬਾਹਰ ਕੱਢ ਦਿਤਾ ਜਾਂਦਾ ਹੈ। ਇਸ ਗੁਰਸਿਖ ਲਈ ਸਾਰੇ ਕਿਸਮ ਦੇ ਨਸ਼ੇ ਵਿਵਰਜਤ ਹਨ। ਗੁਰਸਿਖ ਦਾ ਆਚਾਰ, ਵਿਹਾਰ ਤੇ ਆਹਾਰ, ਸੁਥਰਾ ਸੱਚਾ ਤੇ ਸੰਤੋਖੀ ਹੋਣਾ ਚਾਹੀਦਾ ਹੈ। ਜੇਕਰ ਅਹਾਰ, ਜਿਸ ਤੋਂ ਭਾਵ ਹੈ ਭੋਜਨ, ਸਾਂਤਕੀ ਨਹੀਂ ਹੋਵੇਗਾ ਤਾਂ ਉਸ ਦਾ ਅੰਤਸ਼ਕਰਣ ਨਿਰਮਲ ਨਹੀਂ ਹੋ ਸਕਦਾ। ਮਨ ਵਿਚ ਮੈਲ, ਬੁਧੀ ਵਿਚ ਕਪਟ ਤੇ ਚਿਤ ਵਿਚ ਅਸ਼ਾਂਤੀ ਰਹੇਗੀ ਕਿਉਂਕਿ ਸਿਆਣਿਆਂ ਦਾ ਕਥਨ ਹੈ -

***ਜੈਸਾ ਆਹਾਰ ਤੈਸੇ ਵਿਚਾਰ॥***

***ਜੈਸਾ ਅੰਨ ਵੈਸਾ ਮਨ॥***

ਗੁਰਸਿਖੀ ਜੀਵਨ ਵਿਚ ਆਹਾਰ ਖਾਸ ਮਹੱਤਤਾ ਦਿਤੀ ਗਈ ਹੈ ਕਿਉਂਕਿ ਮਨੁਖ ਦੇ ਅਹਾਰ ਉਤੇ ਹੀ ਉਸ ਦੇ ਵਿਚਾਰ ਨਿਰਭਰ ਕਰਦੇ ਹਨ ਅਤੇ ਵਿਚਾਰ ਨਾਲ ਉਸ ਦੀ ਕਿਰਤ ਬਣਦੀ ਹੈ, ਕਰਮ ਕਰਦਾ ਹੈ ਤੇ ਸੰਸਕਾਰ ਬਣਦੇ ਹਨ ਅਤੇ ਸ਼ੁਭ ਸੰਸਕਾਰਾਂ ਦਾ ਸਦਕਾ ਉਸ ਦਾ ਆਚਰਨ ਬਣਦਾ ਹੈ। ਸੋ ਇਸ ਕਰਕੇ ਜਿਸ ਦਾ ਆਚਾਰ, ਵਿਹਾਰ ਤੇ ਆਹਾਰ ਅੱਛਾ ਹੈ ਉਹ ਹੀ ਪ੍ਰਭੂ ਦੀ ਭਗਤੀ ਕਰ ਸਕਦਾ ਹੈ, ਸਿਮਰਨ ਕਰ ਸਕਦਾ ਹੈ।

***ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥***
***ਪੰਨਾ - 140***

ਵਾਹਿਗੁਰੂ ਜੀ ਮਹਾਂ ਪਵਿਤਰ ਹਸਤੀ ਹੈ। ਜੇਕਰ ਹਿਰਦਾ ਪਵਿੱਤਰ ਨਹੀਂ ਤਾਂ ਜੀਭਾ ਵੀ ਪਵਿੱਤਰ ਨਹੀਂ ਰਹਿ ਸਕਦੀ।

***ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ॥***
***ਪੰਨਾ - 426***

ਸੋ ਇਸ ਕਰਕੇ ਜੋ ਮਨੁਖ ਬੇਜ਼ੁਬਾਨੇ ਜਾਨਵਰਾਂ ਦਾ ਮਾਸ ਖਾਂਦੇ ਹਨ, ਉਹਨਾਂ ਦਾ ਚਿਤ ਨਿਰਮਲ ਕਿਸ ਤਰ੍ਹਾਂ ਹੋ ਸਕਦਾ ਹੈ ? ਜੇਕਰ ਵਸਤਰਾਂ ਉਤੇ ਖ਼ੂਨ ਦੇ ਛਿਟੇ ਪੈ ਜਾਣ ਤਾਂ ਉਹ ਪਲੀਤ ਹੋ ਜਾਂਦਾ ਹੈ। ਫਿਰ ਉਹਨਾਂ ਦਾ ਕੀ ਹਾਲ ਹੁੰਦਾ ਹੋਵੇਗਾ ਜੋ ਮਾਸ ਖਾਂਦੇ ਹਨ, ਇਸ ਦਾ ਸੇਵਨ ਕਰਦੇ ਹਨ।

***ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥***
***ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥***
***ਪੰਨਾ - 140***

ਜਿਸ ਦਾ ਆਹਾਰ ਸ਼ੁਧ ਨਹੀਂ, ਉਸ ਦਾ ਵਿਹਾਰ ਅਤੇ ਵਿਚਾਰ ਵੀ ਅਪਵਿਤਰ ਹੋ ਜਾਣਗੇ। ਕੇਵਲ ਸਾਂਤਕੀ ਭੋਜਨ ਹੀ ਮਨ ਨੂੰ ਵਿਕਾਰਾਂ ਤੋਂ ਬਚਾ ਸਕਦਾ ਹੈ। ਗੁਰੂ ਮਹਾਰਾਜ ਜੀ ਨੇ ਫ਼ੁਰਮਾਨ ਕੀਤਾ ਹੈ ਕਿ ਇਹੋ ਜਿਹੀ ਖ਼ੁਰਾਕ ਨਾ ਖਾਉ ਜਿਸ ਦੇ ਖਾਣ ਨਾਲ ਤਨ ਰੋਗੀ ਹੋ ਜਾਵੇ ਤੇ ਮਨ ਵਿਚ ਵਿਕਾਰ ਪੈਦਾ ਹੋ ਜਾਣ।

***ਬਾਬਾ ਹੋਰੁ ਖਾਣਾ ਖੁਸੀ ਖੁਆਰੁ॥***
***ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥***
***ਪੰਨਾ - 16***

ਸਮੁੱਚੀ ਕਾਇਨਾਤ ਧਰਮ ਦੀ ਬੁਨਿਆਦ ਤੇ ਖੜ੍ਹੀ ਹੈ ਅਤੇ ਧਰਮ ਨੂੰ ਮਹਾਰਾਜ ਜੀ ਨੇ ਦਇਆ ਦਾ ਪੁਤਰ ਆਖਿਆ ਹੈ ਤੇ ਜੇਕਰ ਦਇਆ ਹੀ ਨਹੀਂ ਹੋਵੇਗੀ ਤਾਂ ਧਰਮ ਕਿਥੋਂ ਆਵੇਗਾ। ਇਸ ਕਰਕੇ ਗੁਰਸਿਖ ਵਿਚ ਦਯਾ ਹੋਣੀ ਜ਼ਰੂਰੀ ਹੈ। ਗੁਰਸਿਖ ਸਾਰੇ ਸੰਸਾਰ ਦੇ ਜੀਵਾਂ ਤੇ ਦਇਆ ਕਰਦਾ ਹੈ, ਕਿਸੇ ਨੂੰ ਦੁਖ ਨਹੀਂ ਪਹੁੰਚਾਉਂਦਾ ਕਿਉਂਕਿ ਉਹ ਸਰਬਤ ਦਾ ਭਲਾ ਮੰਗਦਾ ਹੈ। ਦੋਵੇਂ ਵੇਲੇ ਸਰਬਤ ਦੇ ਭਲੇ ਦੀ ਅਰਦਾਸ ਕਰਦਾ ਹੈ। ਇਸ ਵਿਚ ਪੰਛੀ, ਜਾਨਵਰ ਤੇ ਜੀਵ, ਮਨੁਖ ਸਾਰੇ ਹੀ ਆ ਜਾਂਦੇ ਹਨ।

***ਧੌਲੁ ਧਰਮੁ ਦਇਆ ਕਾ ਪੂਤੁ॥***
***ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ ਪੰਨਾ - 5***

ਜਿਹੜਾ ਹਿਰਦਾ ਦਇਆ ਤੋਂ ਖਾਲੀ ਹੈ, ਜੀਵਾਂ ਪ੍ਰਤੀ ਹਿੰਸਾ ਦੀ ਭਾਵਨਾ ਹੈ, ਉਸ ਹਿਰਦੇ ਅੰਦਰ ਪ੍ਰਭੂ ਜੋਤ ਦਾ ਕਦੀ ਵੀ ਪ੍ਰਕਾਸ਼ ਨਹੀਂ ਹੋ ਸਕਦਾ।

***ਹਿੰਸਾ ਮਮਤਾ ਮੋਹੁ ਚੁਕਾਵੈ॥ ਪੰਨਾ - 840***

ਪ੍ਰਭੂ ਪ੍ਰਾਪਤੀ ਕੇਵਲ ਉਸ ਨੂੰ ਹੀ ਹੁੰਦੀ ਹੈ ਜੋ ਧਰਮ ਨੂੰ ਸ਼ਿੰਗਾਰ ਬਣਾਉਂਦਾ ਹੈ, ਸਤ, ਸੰਤੋਖ ਤੇ ਦਇਆ ਨੂੰ ਹਿਰਦੇ ਵਿਚ ਵਸਾਉਂਦਾ ਹੈ।

***ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਵਾਉ॥***
***ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ॥***
***ਪੰਨਾ - 812***

ਪ੍ਰਭੂ ਦੇ ਦਰਬਾਰ ਵਿਚ ਵਡਿਆਈ ਦਾ ਪਾਤਰ ਓਹੀ ਬਣਦਾ ਹੈ ਜੋ ਆਪਣੀ ਹਉਮੈ ਦਾ ਨਾਸ਼ ਕਰ ਦਿੰਦਾ ਹੈ ਅਤੇ ਜਿਸ ਦੇ ਅੰਦਰ ਸਰਬਤਰ ਜੀਵਾਂ ਵਾਸਤੇ ਦਇਆ ਹੁੰਦੀ ਹੈ ਅਤੇ ਜੋ ਸਾਰੇ ਜੀਵਾਂ ਅੰਦਰ ਵਾਹਿਗੁਰੂ ਦੀ ਜੋਤ ਨੂੰ ਦੇਖਦਾ ਹੈ।

***ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ॥***
***ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ॥***
***ਪੰਨਾ - 940***

ਗੁਰਬਾਣੀ ਸਾਰੇ ਸੰਸਾਰ ਨੂੰ ਇਸ ਗੱਲ ਤੋਂ ਸੁਚੇਤ ਕਰਦੀ ਹੈ ਕਿ ਅਸੀਂ ਕਹਿੰਦੇ ਹਾਂ ਕਿ ਸਭ ਵਿਚ ਅੱਲਾ ਹੈ, ਖ਼ੁਦਾ ਹੈ, ਰਾਮ ਹੈ, ਵਾਹਿਗੁਰੂ ਹੈ ਤੇ ਫੇਰ ਉਨ੍ਹਾਂ ਉਤੇ ਹੀ ਛੁਰੀ ਚਲਾਉਂਦੇ ਹਾਂ -

***ਜਉ ਸਭ ਮਹਿ ਏਕੁ ਖੁਦਾਇ ਕਹਤ ਹਉ***
***ਤਉ ਕਿਉ ਮੁਰਗੀ ਮਾਰੈ॥ ਪੰਨਾ - 1350***

ਜੇਕਰ ਜੀਵਾਂ ਨੂੰ ਮਾਰਨਾ ਹੀ ਸਾਡਾ ਕਰਮ ਹੈ, ਫੇਰ ਧਰਮ ਕੀ ਹੋਇਆ ? ਬੇਜ਼ੁਬਾਨੇ ਜੀਵਾਂ ਨੂੰ ਮਾਰ ਕੇ, ਉਨ੍ਹਾਂ ਦਾ ਬੱਧ ਕਰਕੇ ਜੇ ਤੁਸੀਂ ਆਪਣੇ ਆਪ ਨੂੰ ਗਿਆਨੀ ਤੇ ਰਿਸ਼ੀ ਮੁਨੀ ਸਮਝਦੇ ਹੋ ਤਾਂ ਭਾਈ ਫਿਰ ਇਹ ਦੱਸੋ ਕਿ ਕਸਾਈ ਕੌਣ ਹੋਇਆ -

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ॥***
***ਆਪਸ ਕਉ ਮੁਨਿਵਰ ਕਰਿ ਥਾਪਹੁ***
***ਕਾ ਕਉ ਕਹਹੁ ਕਸਾਈ॥ ਪੰਨਾ - 1103***

ਗੁਰੂ ਮਹਾਰਾਜ ਤਾਂ ਸਾਵਧਾਨ ਕਰਦੇ ਹਨ ਕਿ ਕਿਸੇ ਜੀਵ ਨੂੰ ਅਚੇਤ ਹੋ ਕੇ ਵੀ ਦੁਖ ਨਾ ਦਿਓ, ਕਸ਼ਟ ਨਾ ਪਹੁੰਚਾਵੋ -

***ਨਰ ਅਚੇਤ ਪਾਪ ਤੇ ਡਰੁ ਰੇ॥ ਪੰਨਾ - 220***

ਬਾਬਾ ਜੀ ਇਸ ਤਰ੍ਹਾਂ ਨਾਲ ਬਚਨ ਕਰ ਰਹੇ ਸਨ ਤਾਂ ਉਸ ਬਜ਼ੁਰਗ ਨੇ ਚਰਨਾਂ ਤੇ ਮੱਥਾ ਟੇਕਣਾ ਚਾਹਿਆ ਪਰ ਬਾਬਾ ਜੀ ਨੇ ਰੋਕ ਲਿਆ। ਉਹ ਕਹਿਣ ਲੱਗਾ ਕਿ ਨਿਕਿਆ, ਤੁਸੀਂ ਤਾਂ ਸਾਨੂੰ ਬਹੁਤ ਗਿਆਨ ਦਿਤਾ ਹੈ, ਮੈਨੂੰ ਤਾਂ ਇਨ੍ਹਾਂ ਗੱਲਾਂ ਦਾ ਪਤਾ ਹੀ ਨਹੀਂ ਸੀ। ਬਾਬਾ ਜੀ ਕਹਿਣ ਲੱਗੇ, "ਬਾਪੂ ਜੀ ! ਜਿਸ ਘਰ ਦੇ ਅੰਦਰ ਮੀਟ ਤੇ ਸ਼ਰਾਬ ਦਾ ਸੇਵਨ ਹੋਵੇ ਤੇ ਇਹ ਚੀਜ਼ਾਂ ਵਰਤੀਆਂ ਜਾਂਦੀਆਂ ਹੋਣ, ਉਥੇ ਭੂਤਾਂ ਦਾ ਵਾਸਾ ਹੋ ਜਾਇਆ ਕਰਦਾ ਹੈ ਅਤੇ ਘਰ ਵਿਚ ਕਲ੍ਹਾ ਤੇ ਕਲੇਸ਼ ਪਰਵੇਸ਼ ਕਰ ਜਾਂਦੇ ਹਨ। ਘਰ ਦੀ ਸੁਖ ਸ਼ਾਂਤੀ ਖਤਮ ਹੋ ਜਾਇਆ ਕਰਦੀ ਹੈ ਅਤੇ ਕਮਾਈ ਵਿਚ ਬਰਕਤ ਨਹੀਂ ਪਿਆ ਕਰਦੀ, ਆਲਸ ਤੇ ਦਲਿਦਰ ਆ ਕੇ ਡੇਰਾ ਲਾ ਲੈਂਦਾ ਹੈ।

ਦੂਸਰੇ ਪਾਸੇ ਜਿਸ ਘਰ ਵਿਚ ਗੁਰਸਿਖੀ ਹੋਵੇ, ਗੁਰਬਾਣੀ ਦਾ ਉਚਾਰਨ ਹੋਵੇ, ਗੁਰਬਾਣੀ ਪੜ੍ਹੀ ਸੁਣੀ ਜਾਵੇ, ਭਜਨ ਬੰਦਗੀ ਸਿਮਰਨ ਕੀਤਾ ਜਾਵੇ, ਸਚ, ਸੌਚ, ਸੰਜਮ, ਦਇਆ, ਖਿਮਾ ਤੇ ਸੰਤੋਖ ਹੋਵੇ, ਉਥੇ ਗੁਰੂ ਦੀ ਰਹਿਮਤ ਹੋ ਜਾਇਆ ਕਰਦੀ ਹੈ। ਕਮਾਈ ਵਿਚ ਬਰਕਤ ਪੈਂਦੀ ਹੈ ਤੇ ਸੁਖ ਸ਼ਾਂਤੀ ਦਾ ਵਰਤਾਰਾ ਹੋਇਆ ਕਰਦਾ ਹੈ। ਬਜ਼ੁਰਗ ਨੇ ਕਿਹਾ, ਨਿਕਿਆ ! ਤੇਰੇ ਬੋਲ ਮੇਰੇ ਅੰਦਰ ਧੱਸਦੇ ਜਾ ਰਹੇ ਹਨ, ਤੇਰੀਆਂ ਸਾਰੀਆਂ ਹੀ ਗੱਲਾਂ ਅਸੀਂ ਮੰਨ ਲਵਾਂਗੇ ਪਰ ਮੇਰੀ ਇਕ ਬੇਨਤੀ ਹੈ ਕਿ ਮਾਸ ਤਾਂ ਅਸੀਂ ਸਾਰਿਆਂ ਨੇ ਖਾਣਾ ਬੰਦ ਕਰ ਦੇਣਾ

ਹੈ ਤੇ ਅੱਗੇ ਲਈ ਘਰ ਵਿਚ ਵੜਨ ਨਹੀਂ ਦਿਤਾ ਜਾਵੇਗਾ, ਕਾਕਿਆਂ ਨੇ ਸ਼ਰਾਬ ਵੀ ਛੱਡ ਦਿਤੀ ਹੈ ਪਰ ਪੁੱਤਰ ਮੈਂ ਨਿਕੇ ਹੁੰਦੇ ਤੋਂ ਇਹ ਪੀ ਰਿਹਾ ਹਾਂ। ਇਸ ਕਰਕੇ ਮੇਰੇ ਤੇ ਇਹ ਕਿਰਪਾ ਕਰ ਕਿ ਮੈਨੂੰ ਇਹ ਪੀਣ ਦੀ ਇਜਾਜ਼ਤ ਦੇ ਦੇ ਤਾਂ ਚੰਗੀ ਗੱਲ ਹੈ। ਮੈਂ ਇਸ ਨੂੰ ਛੱਡਣਾ ਚਾਹੁੰਦਾ ਹਾਂ ਪਰ ਇਹ ਮੈਨੂੰ ਨਹੀਂ ਛੱਡਦੀ। ਬਾਬਾ ਜੀ ਬਜ਼ੁਰਗ ਦੇ ਸਿਧੇ ਸਾਦੇ ਬੋਲ ਸੁਣ ਕੇ ਮੁਸਕਰਾਏ, ਕਹਿਣ ਲੱਗੇ, ਬਾਪੂ ਜੀ! ਮੈਨੂੰ ਪਤਾ ਹੈ, ਤੁਹਾਨੂੰ ਆਦਤ ਪਈ ਹੋਈ ਹੈ ਤੇ ਸਰੀਰ ਵਿਚ ਰਚੀ ਹੋਈ ਹੈ, ਪਰ ਇਸ ਨੂੰ ਹੌਲੀ ਹੌਲੀ ਘਟ ਕਰਦੇ ਜਾਉ ਤੇ ਇਕ ਦਿਨ ਐਸਾ ਵੀ ਆਵੇਗਾ ਕਿ ਤੁਸੀਂ ਆਪ ਹੀ ਛੱਡ ਦਿਓਗੇ।

ਸਾਰੇ ਜਣੇ ਆਪੋ ਆਪਣੇ ਕੰਮ ਤੇ ਲੱਗ ਗਏ। ਬਾਬਾ ਜੀ ਨੇ ਕਿਹਾ ਕਿ ਮੈਨੂੰ ਸੁਹਾਗਾ ਵੀ ਫੇਰਨਾ ਆਉਂਦਾ ਹੈ ਤੇ ਕਿਆਰੇ ਵੀ ਕਢਵਾ ਸਕਦਾ ਹਾਂ। ਆਪ ਜਿੰਦੇ ਨਾਲ ਕਿਆਰੇ ਕਢਾਉਣ ਲਗ ਪਏ ਤੇ ਨਾਲ ਦੀ ਨਾਲ ਬਚਨ ਸੁਣਾਈ ਜਾ ਰਹੇ ਹਨ ਅਤੇ ਸਾਰੇ ਜਣੇ ਧਿਆਨ ਦੇ ਕੇ ਸੁਣ ਰਹੇ ਹਨ। ਬਾਬਾ ਜੀ ਕਹਿਣ ਲੱਗੇ ਕਿ ਤੁਹਾਨੂੰ ਮੈਂ ਬਾਣੀ ਕੰਠ ਕਰਵਾਉਂਦਾ ਹਾਂ। ਮੈਂ ਅੱਗੇ ਬੋਲਦਾ ਜਾਵਾਂਗਾ, ਤੁਸੀਂ ਪਿਛੇ ਪਿਛੇ ਬੋਲਦੇ ਜਾਵੋ। ਪਹਿਲਾਂ ਮੈਂ ਤੁਹਾਨੂੰ ਮੂਲ ਮੰਤਰ ਯਾਦ ਕਰਵਾਉਂਦਾ ਹਾਂ – '੧ਓ ਤੋਂ ਲੈ ਕੇ ਨਾਨਕ ਹੋਸੀ ਭੀ ਸਚੁ॥' ਤਕ। ਫੇਰ ਆਪ ਸੁਣ ਲੈਂਦੇ ਸੀ ਤੇ ਫੇਰ ਅੱਗੇ ਤੁਰਦੇ। ਪਹਿਲੀ ਪਉੜੀ ਵੀ ਯਾਦ ਕਰਵਾ ਦਿਤੀ, ਫੇਰ ਦੂਜੀ, ਤੀਜੀ, ਚੌਥੀ ਤੇ ਪੰਜਵੀਂ ਇਸ ਤਰ੍ਹਾਂ ਨਾਲ ਸ਼ਾਮ ਤਕ ਪੰਜ ਪਉੜੀਆਂ ਦਾ ਪਾਠ ਸਾਰਿਆਂ ਨੂੰ ਕੰਠ ਕਰਵਾ ਦਿਤਾ। ਇੰਨੇ ਨੂੰ ਸ਼ਾਮ ਪੈ ਗਈ। ਬਾਬਾ ਜੀ ਨੇ ਕਿਹਾ ਕਿ ਹੁਣ ਸਾਰੇ ਪਾਠ ਸੁਣੋ, ਮੈਂ ਤੁਹਾਨੂੰ ਰਹਿਰਾਸ ਦਾ ਪਾਠ ਸਰਵਣ ਕਰਵਾਉਂਦਾ ਹਾਂ। ਸਾਰਿਆਂ ਨੇ ਹੱਥ ਮੂੰਹ ਧੋਹ ਕੇ, ਪਾਠ ਸਰਵਣ ਕੀਤਾ, ਫੇਰ ਅਰਦਾਸ ਕੀਤੀ ਤੇ ਫੇਰ ਸਾਰੇ ਜਣੇ ਬਾਬਾ ਜੀ ਨੂੰ ਘਰ ਲੈ ਕੇ ਗਏ। ਇਸ਼ਨਾਨ ਵਗੈਰਾ ਕਰਕੇ ਪਰਸ਼ਾਦਾ ਛਕਿਆ ਤੇ ਜਦੋਂ ਸਾਰੇ ਵਿਹਲੇ ਹੋ ਗਏ, ਸਭ ਨੂੰ ਇਕੱਠਾ ਕਰ ਲਿਆ, ਬੀਬੀਆਂ, ਮਾਈਆਂ ਨੂੰ ਬੁਲਾ ਲਿਆ। ਬਾਬਾ ਜੀ ਕਹਿਣ ਲੱਗੇ, "ਦੇਖੋ! ਧਿਆਨ ਨਾਲ ਸੁਣੋ, ਮੈਂ ਤੁਹਾਨੂੰ ਸਾਰਿਆਂ ਨੂੰ ਗੁਰਮੁਖੀ ਵੀ ਪੜ੍ਹਾਵਾਂਗਾ ਅਤੇ ਗੁਰਬਾਣੀ ਵੀ ਕੰਠ ਕਰਾਵਾਂਗਾ।

ਬੀਬੀਆਂ ਵਾਲੇ ਪਾਸਿਓਂ ਡੱਬੀਆਂ ਦੇ ਖੜਕਣ ਦੀ ਆਵਾਜ਼ ਆਈ ਤੇ ਕੁਝ ਭੈੜੀ ਜਿਹੀ ਬਦਬੂ ਵੀ ਆਈ। ਬਾਬਾ ਜੀ ਨੇ ਇਕ ਦਮ ਨੋਟ ਕਰ ਲਿਆ। ਕਹਿਣ ਲੱਗੇ ਬੀਬੀਓ! ਤੁਸੀਂ ਨਸਵਾਰ ਤਾਂ ਨਹੀਂ ਲੈਂਦੀਆਂ? ਸਾਰੀਆਂ ਨੇ ਨੀਵੀਆਂ ਪਾ ਲਈਆਂ। ਬਾਬਾ ਜੀ ਨੇ ਕਿਹਾ, ਦੇਖੋ ਇਹ ਵੀ ਇਕ ਕਿਸਮ ਦਾ ਨਸ਼ਾ ਹੀ ਹੈ, ਅਤੇ ਨਸਵਾਰ ਲੈਣ ਵਾਲੇ ਪਾਸੋਂ ਦੂਰੋਂ ਹੀ ਬਦਬੂ ਆਉਂਦੀ ਹੈ। ਜਿਵੇਂ ਘਰ ਦੇ ਬੰਦਿਆਂ ਨੇ ਸ਼ਰਾਬ, ਮੀਟ ਦਾ ਤਿਆਗ ਕੀਤਾ ਹੈ, ਤੁਸੀਂ ਵੀ ਮੇਰੀਆਂ, ਭੈਣਾਂ ਤੇ ਮਾਤਾਵਾਂ ਦੇ ਸਮਾਨ ਹੋ ਤੇ ਇਸ ਨਸਵਾਰ ਦਾ ਹੁਣ ਤੋਂ ਹੀ ਤਿਆਗ ਕਰੋ ਤੇ ਕੱਲ੍ਹ ਨੂੰ ਕਿਸੇ ਪਾਸ ਵੀ ਇਹ ਡੱਬੀ ਨਜ਼ਰ ਨਹੀਂ ਆਉਣੀ ਚਾਹੀਦੀ, ਆਪਣੀਆਂ ਡੱਬੀਆਂ ਕਿਸੇ ਟੋਭੇ ਜਾਂ ਰੂੜੀ ਤੇ ਸੁਟ ਕੇ ਆਇਓ ਤੇ ਗੁਰੂ ਨੂੰ ਹਾਜ਼ਰ ਸਮਝ ਕੇ ਇਹ ਪ੍ਰਣ ਕਰੋ ਕਿ ਅੱਜ ਤੋਂ ਇਸ ਭੈੜੀ ਚੀਜ਼ ਨੂੰ ਸੁੰਘਣਾ ਤਾਂ ਇਕ ਪਾਸੇ ਰਿਹਾ, ਇਸ ਨੂੰ ਹੱਥ ਵੀ ਨਹੀਂ ਲਾਵਾਂਗੀਆਂ। ਘਰ ਦੀਆਂ ਸਾਰੀਆਂ ਬੀਬੀਆਂ ਮਾਈਆਂ ਨੂੰ ਵੀ ਨਸਵਾਰ ਦਾ ਭੈੜਾ ਨਸ਼ਾ ਛੁੜਵਾ ਦਿਤਾ। ਸਾਰੇ ਪਰਵਾਰ ਨੂੰ ਕਹਿਣ ਲੱਗੇ ਕਿ ਧਿਆਨ ਨਾਲ ਸੁਣੋ, ਮੈਂ ਤੁਹਾਡੇ ਕੋਲ ਜ਼ਿਆਦਾ ਸਮਾਂ ਨਹੀਂ ਟਿਕਣਾ, ਪਰ ਜਿੰਨਾ ਚਿਰ ਵੀ ਮੈਂ ਇਥੇ ਰਹਾਂਗਾ, ਤੁਹਾਡਾ ਭਲਾ ਕਰਨਾ ਚਾਹੁੰਦਾ ਹਾਂ ਤਾਂ ਕਿ ਸਾਰਿਆਂ ਦਾ ਲੋਕ ਪਰਲੋਕ ਸੁਧਰ ਜਾਵੇ। ਇਹ ਸਰੀਰ ਹਮੇਸ਼ਾ ਵਾਸਤੇ ਨਹੀਂ ਰਹਿਣਾ। ਸਰੀਰ ਛੱਡਣ ਤੋਂ ਬਾਅਦ ਅਸੀਂ ਜਿਸ ਥਾਂ ਤੇ ਵਸਣਾ ਹੈ ਉਸ ਨੂੰ ਸਵਾਰ ਲੈਣਾ ਜ਼ਰੂਰੀ ਹੈ। ਇਸ ਕਰਕੇ ਸਭ ਤੋਂ ਪਹਿਲਾਂ ਮੈਂ ਤੁਹਾਨੂੰ ਸਾਰਿਆਂ ਨੂੰ ਗੁਰਬਾਣੀ ਪੜ੍ਹਨੀ ਸਿਖਾਉਣੀ ਹੈ, ਬਾਣੀਆਂ ਦਾ ਪਾਠ ਕੰਠ ਕਰਵਾਉਣਾ ਹੈ। ਗੁਰਮੰਤਰ ਦਾ ਜਾਪ ਕਰਨਾ ਸਿਖਾਉਣਾ ਹੈ। ਜਿਸ ਨੂੰ ਗੁਰਮੁਖੀ ਪੜ੍ਹਨੀ ਲਿਖਣੀ ਨਹੀਂ ਆਉਂਦੀ, ਉਨ੍ਹਾਂ ਨੂੰ ਗੁਰਮੁਖੀ ਪੜ੍ਹਨੀ ਲਿਖਣੀ ਸਿਖਾਉਣੀ ਹੈ। ਜੇ ਤਾਂ ਤੁਸੀਂ ਸਾਰੇ ਮੇਰੀਆਂ ਗੱਲਾਂ ਨਾਲ ਸਹਿਮਤ ਹੋ, ਮੇਰੀ ਗੱਲ ਮੰਨੋਗੇ, ਫੇਰ ਤਾਂ ਮੈਂ ਕੁਝ ਦਿਨ ਰਹਾਂਗਾ, ਨਹੀਂ ਤਾਂ ਮੈਂ ਸਵੇਰੇ ਅੰਮ੍ਰਿਤ ਵੇਲੇ ਹੀ ਟੁਰ ਜਾਵਾਂਗਾ। ਸਾਰਿਆਂ ਨੇ ਕਿਹਾ ਕਿ ਤੁਸੀਂ ਜਾਣ ਦੀ ਗੱਲ ਨਾ ਕਰੋ, ਅਸੀਂ ਤੁਹਾਡੀਆਂ ਸਾਰੀਆਂ ਗੱਲਾਂ ਮੰਨਾਂਗੇ ਅਤੇ ਗੁਰਬਾਣੀ ਪੜ੍ਹਨੀ ਲਿਖਣੀ ਸਿਖਾਂਗੇ। ਸੋ ਇਸ ਤਰ੍ਹਾਂ ਨਾਲ ਬੰਦਿਆਂ ਨਾਲ ਤਾਂ ਖੇਤਾਂ ਵਿਚ ਕੰਮ ਕਾਰ ਕਰਦੇ, ਕੁਝ ਸਮਾਂ ਕੱਢ ਕੇ ਮੁਹਾਰਨੀ ਤੇ ਜ਼ਮੀਨ ਤੇ ਅੱਖਰ ਪਾ ਕੇ ਲਿਖਣਾ ਸਿਖਾਉਂਦੇ। ਇਸ ਤਰ੍ਹਾਂ ਜਪੁਜੀ ਸਾਹਿਬ ਸਾਰਿਆਂ ਨੂੰ ਕੰਠ ਕਰਵਾ ਦਿਤਾ। ਹਰ ਰੋਜ਼ ਰਾਤ ਦਾ ਪਰਸ਼ਾਦਾ ਛਕਣ ਤੋਂ ਬਾਅਦ ਸਾਰਿਆਂ ਦੀ ਕਲਾਸ ਲੈਂਦੇ ਤੇ ਇਕੱਲੇ ਇਕੱਲੇ ਨੂੰ ਧਿਆਨ ਦੇ ਕੇ ਪੜ੍ਹਾਉਂਦੇ ਤੇ ਲਿਖਣਾ ਸਿਖਾਉਂਦੇ। ਤਕਰੀਬਨ ਇਕ ਮਹੀਨੇ ਦੀ ਮਿਹਨਤ ਤੋਂ ਬਾਅਦ ਸਾਰੇ ਗੁਰਬਾਣੀ ਪੜ੍ਹਨਾ ਅਤੇ ਆਪਣਾ ਨਾਮ ਲਿਖਣਾ ਤੇ ਦਸਖਤ ਕਰਨਾ ਸਿਖ ਗਏ।

ਗੁਰਬਾਣੀ ਪੜ੍ਹਨੀ ਸੁਣਨੀ ਅਤੇ ਗੁਰਮੁਖ, ਗੁਰਸਿਖ ਦੀ ਸੰਗਤ ਐਸੀ ਚੀਜ਼ ਹੈ ਕਿ ਇਸ ਦਾ ਰੰਗ ਚੜ੍ਹੇ ਬਗੈਰ ਰਹਿ ਨਹੀਂ ਸਕਦਾ। ਸਾਰਾ ਪਰਵਾਰ ਤਾਂ ਗੁਰਸਿਖੀ ਦੀ ਲਾਈਨ ਵਿਚ ਆ ਗਿਆ ਪਰ ਬਾਪੂ ਹਾਲੇ ਥੋੜ੍ਹਾ ਬਹੁਤ ਪੈਗ ਲਾ ਲੈਂਦਾ ਸੀ। ਇਕ ਦਿਨ ਅਜਿਹਾ ਕ੍ਰਿਸ਼ਮਾ ਹੋਇਆ ਕਿ ਡੰਗਰਾਂ ਵਾਲੇ ਅੰਦਰ ਜਿਹੜਾ ਸ਼ਰਾਬ ਦਾ ਡਰੰਮ ਭਰਿਆ ਹੋਇਆ ਸੀ, ਬਜ਼ੁਰਗ ਬਾਪੂ ਉਸ ਦੇ ਕੋਲ ਖੜ੍ਹਾ ਨਾਲੇ ਤਾਂ ਉਸ ਡਰੰਮ ਨੂੰ ਢੇਰੀ ਕਰ ਰਿਹਾ ਸੀ, ਭਾਵ ਸ਼ਰਾਬ ਡੋਲ੍ਹ ਰਿਹਾ ਸੀ ਅਤੇ ਨਾਲ ਦੀ ਨਾਲ ਉਚੀ ਉਚੀ ਸ਼ੋਰ ਪਾ ਰਿਹਾ ਸੀ ਕਿ "ਮਾਰ ਲਿਆ, ਬਈ ਮਾਰ ਲਿਆ, ਦੁਸ਼ਟ ਮਾਰ ਲਿਆ" ਸਾਰਾ ਟੱਬਰ ਇਕੱਠਾ ਹੋ ਗਿਆ, ਸ਼ਾਮ ਦਾ ਸਮਾਂ ਸੀ, ਸਾਰਿਆਂ ਨੇ ਹਾਲੇ ਪਰਸ਼ਾਦਾ ਛੱਕਣਾ ਸੀ। ਸਭ ਨੇ ਸਮਝਿਆ ਕਿ ਬਾਪੂ ਨੂੰ ਕੋਈ ਮੁਸੀਬਤ ਆ ਗਈ ਹੈ, ਕੋਈ ਚੋਰ ਅੰਦਰ ਵੜ ਗਿਆ ਹੋਵੇਗਾ, ਇਸ ਕਰਕੇ ਸ਼ੋਰ ਪਾ ਰਿਹਾ ਹੈ। ਸਾਰੇ ਦੌੜੇ ਦੌੜੇ ਗਏ ਤੇ ਕੀ ਦੇਖਦੇ ਹਨ ਕਿ ਸ਼ਰਾਬ ਦਾ ਪੂਰੇ ਦਾ ਪੂਰਾ ਡਰੰਮ ਖਾਲੀ ਕਰ ਦਿਤਾ।

ਬਾਪੂ ਜ਼ੋਰ ਜ਼ੋਰ ਦੀ ਇਹ ਬੋਲੀ ਜਾ ਰਿਹਾ ਹੈ। ਬਾਬਾ ਜੀ ਵੀ ਨੇੜੇ ਗਏ, ਕਹਿਣ ਲੱਗੇ, ਬਾਪੂ ਜੀ! ਕਿਸ ਨੂੰ ਮਾਰ ਲਿਆ, ਕਹਿਣ ਲੱਗਿਆ, ਨਿਕਿਆ! ਇਸ ਦੁਸ਼ਟ ਨਸ਼ੇ ਨੂੰ ਮਾਰ ਲਿਆ? ਅੱਜ ਮੈਂ ਸ਼ਰਾਬ ਦਾ ਸਾਰਾ ਡਰੰਮ ਹੀ ਰੋੜ੍ਹ ਦਿਤਾ, ਨਾ ਘਰ ਇਹ ਹੋਵੇਗੀ, ਨਾ ਮੈਂ ਇਸ ਨੂੰ ਪੀਵਾਂਗਾ; ਨਾ ਰਹੇਗਾ ਬਾਂਸ ਤੇ ਨਾ ਬੱਜੇਗੀ ਬਾਂਸੁਰੀ, ਨਿਕਿਆ! ਤੁਸੀਂ ਪਤਾ ਨਹੀਂ ਮੈਨੂੰ ਕੀ ਕਰ ਦਿਤਾ ਹੈ, ਮੇਰਾ ਹੁਣ ਇਸ ਨੂੰ ਪੀਣ ਨੂੰ ਬਿਲਕੁਲ ਜੀਅ ਨਹੀਂ ਕਰਦਾ। ਜਦੋਂ ਵੀ ਮੈਂ ਸ਼ਾਮ ਨੂੰ ਪੀਂਦਾ ਸੀ ਤਾਂ ਮੈਂ ਆਪਣੇ ਆਪ ਨੂੰ ਲਾਹਨਤਾਂ ਪਾਉਂਦਾ ਸੀ ਕਿ ਜੇ ਹੋਰ ਸਾਰੇ ਛੱਡ ਗਏ, ਕੀ ਤੂੰ ਨਹੀਂ ਛੱਡ ਸਕਦਾ? ਇਹ ਕਿਹੜੀ ਚੰਗੀ ਚੀਜ਼ ਹੈ ਜਿਸ ਨੂੰ ਪੀ ਕੇ ਸਾਰਾ ਜੀਵਨ ਬਰਬਾਦ ਕਰ ਲਿਆ ਅਤੇ ਨਾ ਹੀ ਨਾਮ ਬਾਣੀ ਨਾਲ ਜੁੜਨਾ ਸਿਖਿਆ। ਇਹ ਕਹਿੰਦਿਆਂ ਕਹਿੰਦਿਆਂ ਪਛਤਾਵੇ ਦੇ ਅਥਰੂ ਵਹਿ ਰਹੇ ਸਨ ਅਤੇ ਉਸ ਨੇ ਅੱਗੇ ਹੋ ਕੇ ਬਾਬਾ ਜੀ ਨੂੰ ਝੁਕ ਕੇ ਨਮਸ਼ਕਾਰ ਕਰਨੀ ਚਾਹੀ ਪਰੰਤੂ ਬਾਬਾ ਜੀ ਨੇ ਉਸ ਦੇ ਹੱਥ ਫੜ ਲਏ ਅਤੇ ਘੁਟ ਕੇ ਗਲਵਕੜੀ ਵਿਚ ਲਿਆ ਤੇ ਕਿਹਾ, ਬਾਪੂ ਜੀ! ਜੋ ਬੀਤ ਗਈ ਸੋ ਬੀਤ ਗਈ, ਉਸ ਦਾ ਫਿਕਰ ਨਾ ਕਰੋ ਤੇ ਨਾ ਹੀ ਦਿਲ ਨੂੰ ਲਾਵੋ, ਹੁਣ ਅਗੇ ਵਾਸਤੇ ਸੁਚੇਤ ਰਹੋ, ਮੁੜ ਕੇ ਗਲਤੀ ਨਾ ਕਰਨਾ। ਐਸਾ ਨਾ ਹੋਵੇ, ਕਿਤੇ ਫੇਰ ਕਿਸੇ ਵਿਆਹ, ਸ਼ਾਦੀ ਵਿਚ ਤੁਹਾਡੇ ਤੇ ਕੋਈ ਹਾਵੀ ਨਾ ਹੋ ਜਾਵੇ ਕਿਉਂਕਿ ਕਈ ਬੰਦੇ ਜਾਣ ਬੁੱਝ ਕੇ ਗਿਰਾਉਣ ਦੀ ਕੋਸ਼ਿਸ਼ ਕਰਿਆ ਕਰਦੇ ਹਨ। ਸੋ ਹਾਲੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।

ਪਹਿਲਾਂ ਤੁਹਾਡਾ ਧਿਆਨ ਨਸ਼ਿਆਂ ਵੱਲ ਸੀ, ਇਸ ਸੁਸਾਇਟੀ ਵੱਲ ਸੀ, ਹੁਣ ਤੁਸੀਂ ਗੁਰਬਾਣੀ ਤੇ ਨਾਮ ਵਾਲੇ ਪਾਸੇ ਹੋ ਜਾਵੋ, ਤੇ ਇਧਰਲੇ ਪਾਸੇ ਆ ਕੇ ਪਹਿਲੀਆਂ ਕਸਰਾਂ ਪੂਰੀਆਂ ਕਰ ਦਿਓ। ਹੁਣ ਦਿਨ ਰਾਤ ਸਤਿਨਾਮ ਵਾਹਿਗੁਰੂ ਕਰਦੇ ਰਿਹਾ ਕਰੋ। ਦੇਖਿਓ ਕਿੰਨਾ ਅਨੰਦ ਆਇਆ ਕਰੇਗਾ। ਬਾਬਾ ਜੀ ਨੇ ਸਾਰੇ ਘਰ ਵਿਚ ਗੁਰਸਿਖੀ ਦਾ ਬੀਜ ਬੀਜ ਦਿਤਾ ਅਤੇ ਨਾਮ ਜੱਪਣ ਤੇ ਗੁਰਬਾਣੀ ਪੜ੍ਹਨ ਸੁਣਨ ਦੀ ਚੇਟਕ ਲਾ ਦਿਤੀ। ਹੁਣ ਸਾਰਾ ਪਰਵਾਰ ਅੰਮ੍ਰਿਤ ਵੇਲੇ ਜਾਗਣ ਲੱਗ ਪਿਆ, ਇਸ਼ਨਾਨ ਕਰਕੇ ਸਾਰੇ ਨਾਮ ਜਪਦੇ ਹਨ, ਫੇਰ ਗੁਰਬਾਣੀ ਦਾ ਪਾਠ ਕਰਦੇ ਹਨ ਅਤੇ ਸ਼ਾਮ ਨੂੰ ਰਹਿਰਾਸ ਅਤੇ ਸੌਣ ਲੱਗੇ ਸੋਹਿਲਾ ਪੜ੍ਹ ਕੇ ਨਾਮ ਅਭਿਆਸ ਕਰਦੇ ਕਰਦੇ ਸੌਂਦੇ ਹਨ। ਸਾਰੇ ਸਤੋਗੁਣੀ ਬਣ ਗਏ। ਗੁਰਮੁਖ ਦੀ ਸੰਗਤ ਨੇ ਸਾਰੇ ਪਰਿਵਾਰ ਨੂੰ ਸਿਧੇ ਰਸਤੇ ਪਾ ਦਿਤਾ।

ਬਾਬਾ ਜੀ ਇਥੇ ਰਹਿ ਕੇ ਉਨ੍ਹਾਂ ਦੇ ਕੰਮਕਾਰ ਵਿਚ ਵੀ ਹੱਥ ਵਟਾਉਂਦੇ ਰਹੇ ਅਤੇ ਨਾਲ ਦੀ ਨਾਲ ਖੇਤੀ ਬਾੜੀ ਨਾਲ ਸੰਬੰਧਤ ਨੁਸਖੇ ਦੱਸ ਕੇ ਝਾੜ ਜ਼ਿਆਦਾ ਲੈਣ ਬਾਰੇ ਵੀ ਦੱਸਦੇ ਰਹਿੰਦੇ ਸਨ। ਫਸਲ ਕਿਸ ਸਮੇਂ ਤੇ ਕਿਸ ਤਰ੍ਹਾਂ ਬੀਜਣੀ ਹੈ, ਸਿੰਚਾਈ ਕਿਸ ਸਮੇਂ ਕਰਨੀ ਹੈ ਤੇ ਵਢਾਈ ਕਿਸ ਸਮੇਂ ਕਰਨੀ ਹੈ, ਇਹ ਸਭ ਕੁਝ ਸਮਝਾਉਂਦੇ ਰਹਿੰਦੇ ਸਨ। ਜੀਵਾਂ ਤੇ ਦਇਆ ਕਰਨ ਬਾਰੇ ਵੀ ਦੱਸਦੇ ਸਨ ਕਿ ਬਲਦਾਂ ਦੇ ਆਰ ਵਗੈਰਾ ਨਹੀਂ ਮਾਰਨੀ ਤੇ ਨਾ ਹੀ ਸੋਟੀ ਮਾਰਨੀ ਹੈ ਸਗੋਂ ਹਲਕੀ ਕੱਚੀ ਫਸਲ ਦਾ ਡੱਕਾ ਵਰਤਣਾ ਹੈ। ਇਹ ਬੇਜ਼ੁਬਾਨੇ ਹੁੰਦੇ ਹਨ, ਇਨ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ। ਆਪ ਨੇ ਇਕ ਦਿਨ ਸਾਰਿਆਂ ਨੂੰ ਬੁਲਾ ਕੇ ਕਿਹਾ ਕਿ ਹੁਣ ਮੈਂ ਜਾਣਾ ਹੈ ਤੇ ਮੈਨੂੰ ਇਜਾਜਤ ਦਿਓ ਤੇ ਜੇ ਸਮਾਂ ਬਣਿਆ ਤਾਂ ਮੁੜ ਕੇ ਕਦੀ ਤੁਹਾਡੇ ਦਰਸ਼ਨ ਕਰਾਂਗਾ। ਮੈਨੂੰ ਤਾਂ ਇਕ ਲਗਨ ਹੈ ਕਿ ਮੈਂ ਸਾਰਿਆਂ ਨੂੰ ਗੁਰੂ ਦਾ ਸੰਦੇਸ਼ ਸੁਣਾ ਕੇ, ਗੁਰਬਾਣੀ ਦੇ ਲੜ ਲਾ ਦਿਆਂ ਤਾਂ ਕਿ ਸਾਰੇ ਸੁਖੀ ਹੋ ਜਾਣ। ਬਜ਼ੁਰਗ ਬਾਪੂ ਜੀ ਨੇ ਦੱਸਿਆ ਕਿ ਸਿੰਧ ਦੇ ਇਲਾਕੇ ਵਿਚ ਸਾਰੇ ਆਬਾਦਕਾਰ ਪੰਜਾਬ ਤੋਂ ਮਾਝੇ ਦੇ ਇਲਾਕੇ ਅਤੇ ਸਿਆਲਕੋਟ ਦੇ ਇਲਾਕਿਆਂ ਤੋਂ ਆਏ ਹੋਏ ਹਨ। ਬਹੁਤ ਮਿਹਨਤ ਕਰਕੇ ਜ਼ਮੀਨਾਂ ਆਬਾਦ ਕੀਤੀਆਂ ਹਨ। ਇਸ ਕਰਕੇ ਤੁਹਾਨੂੰ ਇਥੇ ਸਾਡੇ ਵਰਗੇ ਬਥੇਰੇ ਮਿਲਣਗੇ ਜਿਨ੍ਹਾਂ ਨੂੰ ਗੁਰੂ ਬਾਰੇ ਕੁਝ ਪਤਾ ਹੀ ਨਹੀਂ, ਸਾਨੂੰ ਪ੍ਰਤੀਤ ਹੁੰਦਾ ਹੈ ਕਿ ਹੁਣ ਤੁਸੀਂ ਸਾਰਾ ਇਲਾਕਾ ਹੀ ਸੁਧਾਰ ਕੇ ਜਾਵੋਗੇ। ਬਾਬਾ ਜੀ ਕਹਿਣ ਲੱਗੇ, ਬਾਪੂ ਜੀ! ਇਹ ਤਾਂ ਸੇਵਾ ਗੁਰੂ ਮਹਾਰਾਜ ਨੇ ਲੈਣੀ ਹੈ, ਕੋਈ ਆਪਣੇ ਆਪ ਇਹ ਸੇਵਾ ਨਹੀਂ ਕਰ ਸਕਦਾ। ਸੋ ਹੁਣ ਤੁਹਾਨੂੰ ਸਾਰਿਆਂ ਨੂੰ ਫਤਹ ਬੁਲਾਉਂਦਾ ਹਾਂ ਅਤੇ ਮੈਂ ਆਪਣਾ ਸਫਰ ਅੱਗੇ ਸ਼ੁਰੂ ਕਰਦਾ ਹਾਂ। ਤੁਸੀਂ ਸਾਰੇ ਨਿਤਨੇਮ ਵਿਚ ਪੱਕੇ ਰਿਹੋ, ਗੁਰਬਾਣੀ ਦਾ ਲੜ ਨਾ ਛਡਿਓ ਅਤੇ ਗੁਰਮੰਤਰ ਦਾ ਜਾਪ ਹਰ ਵਕਤ ਕਰਦੇ ਰਿਹਾ ਕਰਨਾ, ਗੁਰੂ ਤੁਹਾਡੇ ਅੰਗ ਸੰਗ ਰਹਿਣਗੇ।

ਇੰਨਾ ਸੁਣ ਕੇ ਸਾਰਿਆਂ ਦੇ ਚਿਤ ਉਦਾਸ ਹੋ ਗਏ ਅਤੇ ਰੋਕਦਿਆਂ ਹੋਇਆਂ ਵੀ ਹੰਝੂ ਨਹੀਂ ਰੁਕਦੇ। ਬਾਬਾ ਜੀ ਨੇ ਤੁਰਦੇ ਹੋਏ, ਸਾਰਿਆਂ ਵੱਲ ਇਕ ਵੇਰਾਂ ਫੇਰ ਪਿਆਰ ਭਰੀ ਨਜ਼ਰ ਨਾਲ ਤੱਕਿਆ, ਸਭ ਦੇ ਨੇਤਰ ਸੇਜਲ ਦਿਖਾਈ ਦੇ ਰਹੇ ਹਨ। ਉਨ੍ਹਾਂ ਸਾਰਿਆਂ ਦੀ ਖਿਚ ਇਨ੍ਹਾਂ ਦੇ ਹਿਰਦੇ ਵਿਚ ਵੀ ਪੈ ਰਹੀ ਸੀ। ਪਰ ਸਾਧੂ ਤੇ ਮੁਸਾਫਰ ਕਿਸੇ ਦੇ ਰੋਕੇ ਹੋਏ ਰੁਕਿਆ ਨਹੀਂ ਕਰਦੇ। ਸਾਧੂਆਂ ਦੇ ਅੰਦਰ ਪਰਉਪਕਾਰ ਦੀ ਲਗਨ ਹੁੰਦੀ ਹੈ। ਹਰ ਵਕਤ ਦੂਸਰਿਆਂ ਦੇ ਭਲੇ ਵਾਸਤੇ ਪਰਉਪਕਾਰ ਚਿਤਵਦੇ ਰਹਿੰਦੇ ਹਨ।

***ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥***

***ਪੰਨਾ - 815***

ਸੰਸਾਰ ਦੇ ਜੀਵਾਂ ਦਾ ਭਲਾ ਕਰਨਾ, ਉਨ੍ਹਾਂ ਨੂੰ ਜੀਅ ਦਾਨ ਬਖਸ਼ਣਾ, ਉਨ੍ਹਾਂ ਦਾ ਸਭ ਤੋਂ ਵੱਡਾ ਪਰਉਪਕਾਰ ਹੁੰਦਾ ਹੈ। ਪ੍ਰਭੂ ਦੀ ਭਗਤੀ ਵਾਲੇ ਪਾਸੇ ਲਗਵਾ ਕੇ ਹਰੀ ਦੇ ਨਾਲ ਮਿਲਾਪ ਕਰਾ ਦਿੰਦੇ ਹਨ।

***ਜਨਮ ਮਰਣ ਦੁਹਹੂ ਮਹਿ ਨਾਹੀ***
***ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ***
***ਹਰਿ ਸਿਉ ਲੈਨਿ ਮਿਲਾਏ॥*** ***ਪੰਨਾ - 749***

***'ਚਲਦਾ'***

# ਮੁਰਦਾ ਹੋਇ ਮੁਰੀਦ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-16)*

ਇਕ ਵਾਰੀ ਇਕ ਬੀਬੀ ਮੇਰੇ ਕੋਲ ਆਈ, ਵੀਹ ਸਾਲ ਪੁਰਾਣੀ ਗੱਲ ਹੈ। ਕਹਿਣ ਲੱਗੀ ਕਿ ਅਸੀਂ ਬਹੁਤ ਗਰੀਬ ਹਾਂ। ਮੇਰਾ ਬੱਚਾ ਪੜ੍ਹਾਈ ਵਿਚ ਪਹਿਲੇ ਨੰਬਰ ਤੇ ਆਇਆ ਹੈ ਤੇ ਮੈਂ ਇਸ ਵਾਸਤੇ ਨਵੀਆਂ ਕਿਤਾਬਾਂ ਲੈਣੀਆਂ ਨੇ ਤੇ ਮੈਨੂੰ ਕੁਝ ਦੁਆਓ। ਮੈਂ ਕਿਹਾ ਕਿ ਕਿੰਨੇ ਦੀਆਂ ਆਉਂਦੀਆਂ ਨੇ? ਉਹ ਕਹਿਣ ਲੱਗੀ ਕਿ ਵੀਹ ਰੁਪਏ ਦੀਆਂ। ਵੀਹ ਸਾਲ ਪੁਰਾਣੇ ਵੀਹ ਰੁਪਏ ਵੀ ਬੜਾ ਮੁੱਲ ਰੱਖਦੇ ਸਨ, ਕਰੀਬ ਤਿੰਨ-ਚਾਰ ਸੌ ਅੱਜ ਕੱਲ੍ਹ ਦੇ। ਅਸੀਂ ਕਿਹਾ ਕਿ ਲੈ ਲੈ। ਤੀਸਰੇ ਚੌਥੇ ਦਿਨ ਮੈਂ ਪੁਛਿਆ ਕਿ ਬੀਬੀ! ਕਿਤਾਬਾਂ ਲੈ ਲਈਆਂ ਬੇਟਾ ਤੂੰ?

ਕਹਿੰਦੀ, "ਬਾਬਾ ਜੀ! ਕੀ ਦੱਸਾਂ?"

ਮੈਂ ਕਿਹਾ, "ਕਿਉਂ?"

ਕਹਿੰਦੀ, "ਮੇਰੇ ਮੁੰਡੇ ਨੂੰ ਮਾਸਟਰ ਜੀ ਨੇ ਕਿਹਾ ਕਿ ਤੇਰਾ ਨਾਉਂ ਕੱਟ ਦਿਆਂਗਾ ਜੇ ਕਿਤਾਬਾਂ ਲੈ ਕੇ ਨਾ ਆਇਆ। ਉਹ ਬਹੁਤ ਰੋਇਆ ਘਰ ਆ ਕੇ। ਮੈਂ ਕਿਹਾ ਕਿ ਮੈਂ ਪੈਸੇ ਲੈ ਆਈ ਹਾਂ, ਤੂੰ ਕੱਲ੍ਹ ਨੂੰ ਚੰਡੀਗੜ੍ਹ ਜਾ ਕੇ ਕਿਤਾਬਾਂ ਲੈ ਆਈਂ। ਜਦੋਂ ਉਹ ਪੈਸੇ ਲੈ ਕੇ ਚੰਡੀਗੜ੍ਹ ਨੂੰ ਜਾਣ ਲੱਗਿਆ ਤਾਂ ਉਸ ਦਾ ਬਾਪ ਕਹਿੰਦਾ, ਲਿਆ ਓਏ! ਤੂੰ ਤਾਂ ਛੋਟਾ ਹੈਂ, ਮੈਨੂੰ ਫੜਾ ਵੀਹ ਰੁਪਈਏ। ਉਸ ਤੋਂ ਵੀਹ ਰੁਪਈਏ ਲੈ ਲਏ ਤੇ ਆਇਆ ਹੀ ਨਹੀਂ ਮੁੜ ਕੇ, ਸ਼ਰਾਬ ਹੀ ਪੀਈ ਜਾਂਦਾ ਹੈ। ਪਤਾ ਨਹੀਂ ਕਿਥੇ ਗਿਰਿਆ ਪਿਆ ਹੋਏਗਾ। ਅੱਜ ਚਾਰ ਦਿਨ ਹੋ ਗਏ, ਕੋਈ ਪਤਾ ਨਹੀਂ ਲੱਗ ਰਿਹਾ।"

ਏਸ ਤਰ੍ਹਾਂ ਦੇ ਨਾਲ ਬੱਚੇ ਦੀ ਸ਼ਰਧਾ ਮਾਂ ਬਾਪ ਤੋਂ ਉਠ ਜਾਇਆ ਕਰਦੀ ਹੈ। ਉਹ ਜਿੰਨਾ ਜੀਅ ਕਰਦਾ ਹੈ ਉਪਦੇਸ਼ ਦੇਈ ਜਾਣ, ਬੱਚਾ Immune (ਬੇਅਸਰ) ਹੋ ਜਾਂਦਾ ਹੈ। ਅੰਗਰੇਜ਼ੀ ਦਾ ਅੱਖਰ ਹੈ Immune ਕਿ ਜਿਸ ਤੇ ਫੇਰ ਕੋਈ ਅਸਰ ਨਾ ਹੋਵੇ। ਜਿਵੇਂ ਪਹਿਲਾਂ ਅਸਰ ਹੁੰਦਾ ਸੀ D.D.T. ਦਾ ਮੱਛਰਾਂ ਤੇ, ਹੁਣ ਹੋਣ ਤੋਂ ਹੀ ਹਟ ਗਿਆ, Immune ਹੋ ਗਏ। ਸੋ ਏਸ ਤਰ੍ਹਾਂ ਦੇ ਨਾਲ ਮਾਂ ਬਾਪ ਦਾ ਫਰਜ਼ ਹੋਇਆ ਕਰਦਾ ਹੈ ਬੱਚੇ ਨੂੰ ਸਿੱਧੇ ਰਸਤੇ ਪਾਉਣਾ, ਉਪਦੇਸ਼ ਦੇਣਾ।

ਸੋ ਮਾਂ ਨੇ ਬਾਬੇ ਫਰੀਦ ਨੂੰ ਉਪਦੇਸ਼ ਦੇ ਕੇ ਭੇਜ ਦਿੱਤਾ। ਮਾਂ ਕਿਹੜਾ ਰਸਤਾ ਜਾਣਦੀ ਸੀ ਵਿਚਾਰੀ? ਸਿੱਧੀ ਤਾਂ ਹਰ ਬੰਦੇ ਵਿਚ ਆ ਸਕਦੀ ਹੈ, ਕੋਈ ਵੀ ਕਰ ਲਓ। ਮੈਂ ਪਹਿਲਾਂ ਹੀ ਕਹਿ ਕੇ ਹਟਿਆ ਹਾਂ ਕਿ ਸਿੱਧੀ ਨਹੀਂ ਔਖੀ ਚੀਜ਼ ਹੁੰਦੀ-

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥*** ***ਪੰਨਾ - 593***

ਨਾਮ ਨਹੀਂ ਵਸਦਾ ਹੁੰਦਾ ਮਨ ਵਿਚ, ਰਿਧੀ ਸਿਧੀ ਕੋਈ ਵੀ ਬੰਦਾ ਹਾਸਲ ਕਰ ਸਕਦਾ ਹੈ। ਸੋ ਬਾਬਾ ਫਰੀਦ ਨੇ ਜਾ ਕੇ ਤਪੱਸਿਆ ਸ਼ੁਰੂ ਕਰ ਦਿੱਤੀ। ਜਵਾਨ ਮੁੰਡਾ ਹੈ, ਸਰੀਰ ਵਧੀਆ ਤੰਦਰੁਸਤ ਹੈ, ਰਾਤਾਂ ਨੂੰ ਖੜ੍ਹਾ ਰਹਿੰਦਾ ਹੈ। ਬਾਣੀ ਵਿਚ ਆਉਂਦਾ ਹੈ ਕਿ ਇਕ ਰਾਤ ਉਹ ਜੰਗਲ ਵਿਚ ਖੜ੍ਹਾ ਸੀ ਤੇ ਸਵੇਰੇ ਹੀ ਇਕ ਲੁਹਾਰ ਸਾਝਰੇ ਉਠਿਆ ਕਿ ਕੋਈ ਲੱਕੜ ਸੁੱਕੀ ਦੇਖ ਕੇ ਕੋਲੇ ਬਣਾ ਲਵਾਂਗਾ ਜੰਗਲ ਵਿਚ ਹੀ। ਸੋ ਨਾਲ ਕੁਹਾੜਾ ਲਿਆ ਉਸ ਨੇ ਤੇ ਪਾਣੀ ਦਾ ਘੜਾ ਲਿਆ। ਉਹ ਤੁਰਿਆ ਜਾਂਦਾ ਹੈ, ਮਟਕ-ਚਾਨਣਾ ਜਿਹਾ ਹੋ ਗਿਆ। ਸਾਹਮਣੇ ਫਰੀਦ ਖੜ੍ਹਾ ਸੀ, ਉਸ ਨੇ ਸੋਚਿਆ ਕਿ ਆਹ ਲਕੜ ਤਾਂ ਨੇੜੇ ਹੀ ਮਿਲ ਗਈ। ਉਸ ਨੇ ਬਿਨਾ ਵਿਚਾਰੇ ਹੀ ਕੁਹਾੜੇ ਦਾ ਪੀਨ (ਦਸਤਾ) ਮਾਰਿਆ ਪਿਠ ਵਿਚ ਕਿ ਅਵਾਜ਼ ਸੁਣਾਂ, ਲੱਕੜ ਗਿੱਲੀ ਹੈ ਜਾਂ ਸੁੱਕੀ। ਫਰੀਦ ਚਾਰ ਕਦੋਮਾਂ ਅੱਗੇ ਵਧ ਗਿਆ ਕਿਉਂਕਿ ਜੋਰ ਨਾਲ ਮਾਰਿਆ ਸੀ ਕੁਹਾੜਾ। ਗੁੱਸਾ ਨਹੀਂ ਕਰਿਆ ਉਸ ਨੇ। ਉਸ ਵੇਲੇ ਉਸ ਨੇ ਦੇਖਿਆ ਕਿ ਇਸ ਬੰਦੇ ਦਾ ਤਾਂ ਮੇਰੇ ਵਾਲਾ ਹੀ ਹਾਲ ਹੈ; ਮੈਂ ਰੱਬ ਦੀ ਤਲਾਸ਼ ਵਿਚ ਹਾਂ ਇਹ ਕੋਲਿਆਂ ਦੀ ਤਲਾਸ਼ ਵਿਚ ਹੈ, ਲੱਕੜ ਦੀ ਤਲਾਸ਼ ਵਿਚ ਹੈ। ਉਸ ਵੇਲੇ ਬਾਬੇ ਫਰੀਦ ਨੇ ਕਿਹਾ ਕਿ ਪਿਆਰਿਆ! ਆਪਾਂ ਦੋਵੇਂ ਇਕੋ ਕੰਮ ਕਰ ਰਹੇ ਹਾਂ। ਮੈਨੂੰ ਤਲਾਸ਼ ਹੈ ਪ੍ਰਮੇਸ਼ਰ ਦੀ ਤੇ ਤੈਨੂੰ ਤਲਾਸ਼ ਹੈ ਕੋਲਿਆਂ ਦੀ। ਕਿਤੇ ਦੇਖੀਂ, ਕੁਹਾੜਾ ਦੂਜੇ ਪਾਸੇ ਤੋਂ ਨਾ ਮੇਰੇ ਮਾਰ ਦੇਈਂ -

***ਧਾਰਨਾ - ਕਿਤੇ ਮਾਰ ਨਾ ਗੁਆਈਂ ਮੇਰੇ ਵੀਰਨਾਂ,***
***ਭਾਲ ਕਰੇਂ ਕੋਲਿਆਂ ਦੀ -2, 2.***
***ਮੇਰੇ ਪਿਆਰੇ, ਭਾਲ ਕਰੇਂ ਕੋਲਿਆਂ ਦੀ -2, 2.***
***ਕਿਤੇ ਮਾਰ ਨਾ ਗੁਆਈਂ ਮੇਰੇ ਵੀਰਨਾ.. -2.***

***ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥***
***ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ॥*** ***ਪੰਨਾ - 1381***

ਏਸ ਤਰ੍ਹਾਂ ਤਪ ਕਰ ਰਿਹਾ ਹੈ, ਖਾਣਾ ਪੀਣਾ ਬਿਲਕੁਲ ਘਟਾ ਦਿੱਤਾ ਤੇ ਸਦਾ ਹੀ ਜਾਗਦਾ ਰਹਿੰਦਾ ਹੈ। ਦਿਨਾਂ ਵਿਚ ਹੀ ਬਾਬੇ ਫਰੀਦ ਦਾ ਤਪ ਮਸ਼ਹੂਰ ਹੋ ਗਿਆ। ਏਸ ਤਰ੍ਹਾਂ ਕਰਦੇ-ਕਰਦੇ ਸਰੀਰ ਨੇ ਰੰਗ ਵਟਾ ਲਿਆ, ਕਾਲਾ ਸ਼ਾਹ ਹੋਣਾ ਸ਼ੁਰੂ ਹੋ ਗਿਆ ਤੇ ਮਨ ਦੇ ਅੰਦਰ ਬਹੁਤ ਵੈਰਾਗ ਆਉਂਦਾ ਹੈ, ਰੋਂਦਾ ਰਹਿੰਦਾ ਹੈ, ਅੱਖਾਂ 'ਚੋਂ ਹੰਝੂ ਗਿਰਦੇ

ਰਹਿੰਦੇ ਨੇ ਕਿ ਹੇ ਪ੍ਰਭੂ! ਮੈਨੂੰ ਦਰਸ਼ਨ ਕਦੋਂ ਹੋਣਗੇ? ਕਿਉਂਕਿ ਰੂਹਾਨੀ ਮਾਰਗ ਤੇ ਜਾ ਕੇ ਜਿਸ ਨੂੰ ਬਿਰਹਾ ਕਹਿੰਦੇ ਨੇ, ਵਿਛੋੜਾ ਕਹਿੰਦੇ ਨੇ, ਜਿਹੜਾ ਵਿਛੋੜੇ ਨੂੰ ਅਨੁਭਵ ਕਰਦਾ ਹੈ, ਉਸ ਦਾ ਰਸਤਾ ਬਹੁਤ ਛੇਤੀ ਤਹਿ ਹੋ ਜਾਇਆ ਕਰਦਾ ਹੈ। ਪਰ ਜਿਸ ਦੇ ਅੰਦਰ ਬਿਰਹਾ ਉਪਜਦਾ ਹੈ, ਉਸ ਦੇ ਅੰਦਰ ਖਿੱਚ ਪੈਂਦੀ ਹੈ-

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ*
*ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ*
*ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ*
*ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ*
*ਰਹਿੰਦੇ।*

*ਡਾ. ਭਾਈ ਵੀਰ ਸਿੰਘ ਜੀ*

ਜਿਨ੍ਹਾਂ ਨੂੰ ਲਗਨ ਲਗ ਜਾਂਦੀ ਹੈ, ਉਨ੍ਹਾਂ ਦੇ ਤਾਂ ਅੱਖਾਂ 'ਚੋਂ ਪਾਣੀ ਜਾਂਦਾ ਹੈ, ਖਾਣ ਨੂੰ ਕੁਝ ਅੱਛਾ ਨਹੀਂ ਲਗਦਾ-

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ॥*
*ਪੰਨਾ - 96*

ਨੀਂਦ ਨਹੀਂ ਆਉਂਦੀ। ਉਸ ਵੇਲੇ ਮਨ ਵਿਚ ਆਇਆ ਕਿ ਪ੍ਰਭੂ ਤਾਂ ਹੈ ਦਇਆਲੂ, ਫੇਰ ਮੇਰੇ ਵਿਚ ਹੀ ਕੋਈ ਦੋਸ਼ ਹੈ -

*ਧਾਰਨਾ - ਸਾਰ ਨਾ ਜਾਣੀ, ਤੈਂ ਸਾਹਿਬ ਦੀ ਮੈਂ*
*-2, 2.*
*ਜੋਬਨ ਖੋਇ, ਪਾਛੈ ਪਛਤਾਨੀ -2,*
*2.*
*ਸਾਰ ਨਾ ਜਾਣੀ,............. -2.*

*ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥*
*ਬਾਵਲਿ ਹੋਈ ਸੋ ਸਹੁ ਲੋਰਉ॥*
*ਪੰਨਾ - 794*

ਐਸੇ ਬਚਨ ਆਉਂਦੇ ਨੇ ਕਿ ਜਿਵੇਂ ਬਉਰੇ ਹੋਏ ਹੋਏ ਟੋਲ੍ਹਦੇ ਫਿਰਦੇ ਨੇ, ਇਉਂ ਮੈਂ ਪ੍ਰਮੇਸ਼ਰ ਨੂੰ ਟੋਲ੍ਹਦਾ ਫਿਰਦਾ ਹਾਂ-

*ਤੈ ਸਹਿ ਮਨ ਮਹਿ ਕੀਆ ਰੋਸੁ॥*
*ਮੁਝੁ ਅਵਗਨ ਸਹ ਨਾਹੀ ਦੋਸੁ॥*
*ਪੰਨਾ - 794*

ਮੇਰੇ ਅੰਦਰ ਹੀ ਕੋਈ ਔਗੁਣ ਨੇ ਜਿਹੜਾ ਮਿਲਦਾ ਨਹੀਂ, ਵਾਹਿਗੁਰੂ ਵਿਚ ਦੋਸ਼ ਨਹੀਂ ਹੈ।

*ਤੈ ਸਾਹਿਬ ਕੀ ਮੈ ਸਾਰ ਨ ਜਾਨੀ॥*
*ਜੋਬਨੁ ਖੋਇ ਪਾਛੈ ਪਛੁਤਾਨੀ॥*
*ਪੰਨਾ - 794*

ਕੋਇਲ ਦੀ ਆਵਾਜ਼ ਸੁਣਦਾ ਹੈ, ਖਿੱਚ ਪੈ ਗਈ ਕਿ ਜਿਹੋ ਜਿਹਾ ਬਿਰਹਾ ਮੇਰੇ ਅੰਦਰ ਹੈ -

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥*
*ਫਰੀਦਾ ਜਿਤੁ ਤਨਿ ਬਿਰਹੁ ਨ ਉਪਜੈ ਸੋ ਤਨੁ*
*ਜਾਣੁ ਮਸਾਨੁ॥ ਪੰਨਾ - 1379*

ਜਿਸ ਦੇ ਅੰਦਰ ਪ੍ਰਮੇਸ਼ਰ ਦੀ ਕਦੇ ਖਿਚ ਹੀ ਨਹੀਂ ਪੈਦਾ ਹੁੰਦੀ, ਕਹਿੰਦੇ ਉਹ ਤਾਂ ਜਲਿਆ ਹੋਇਆ ਹਿਰਦਾ ਹੈ, ਉਹ ਤਾਂ ਮਨੂੰਰ ਬਣਿਆ ਹੋਇਆ ਹੈ, ਉਥੇ ਕੁਝ ਪੈਦਾ ਨਹੀਂ ਹੁੰਦਾ। ਜਿਥੇ ਸਸਕਾਰ ਕਰਦੇ ਹੁੰਦੇ ਨੇ, ਉਥੇ ਘਾਹ ਵੀ ਹਰਾ ਨਹੀਂ ਹੁੰਦਾ ਕਿਉਂਕਿ ਧਰਤੀ ਦੇ ਕਣ ਜਲ ਜਾਂਦੇ ਹਨ। ਇਵੇਂ ਜਿਵੇਂ ਜਿਸ ਦੇ ਵਿਚ ਬਿਰਹਾ ਨਹੀਂ ਉਪਜਦਾ, ਉਹ ਤਾਂ ਮਨੂਰ ਹੈ, ਜਿਥੇ ਖਿੱਚ ਨਹੀਂ ਕੋਈ ਰੱਬ ਦੀ।

ਸੋ ਖਿੱਚ ਪਈ, ਹੌਲੀ-ਹੌਲੀ, ਤੁਰਦਾ ਤੁਰਦਾ ਉਥੇ ਪਹੁੰਚ ਗਿਆ, ਦੇਖਿਆ ਕਿ ਇਕ ਛੋਟਾ ਜਿਹਾ ਪੰਛੀ ਕਾਲਾ, ਬਹੁਤ ਦਰਦਨਾਕ ਆਵਾਜ਼ ਕੱਢ ਰਿਹਾ ਹੈ। ਆਪਣੇ ਵੱਲ ਦੇਖਿਆ ਤੇ ਉਸ ਦੇ ਵੱਲ ਵੀ ਦੇਖਿਆ ਕਿ ਮੇਰਾ ਰੰਗ ਵੀ ਕਾਲਾ ਹੋ ਗਿਆ, ਕਿਸੇ ਵੇਲੇ ਮੇਰਾ ਰੰਗ ਗੋਰਾ ਸੋਅ ਸੀ, ਅੱਜ ਮੇਰੀ ਕੀ ਹਾਲਤ ਹੋਈ ਹੋਈ ਹੈ। ਇਸ ਨੂੰ ਵੀ ਜਰੂਰ ਕੋਈ ਨਾ ਕੋਈ ਦੁਖ ਹੈ ਮੇਰੇ ਵਰਗਾ। ਉਸ ਨੂੰ ਪੁਛਣ ਵਾਸਤੇ ਏਸ ਤਰ੍ਹਾਂ ਨਾਲ ਬੇਨਤੀ ਕਰਦਾ ਹੈ -

*ਧਾਰਨਾ - ਦੱਸੀਂ ਕੋਇਲੇ,*
*ਰੰਗ ਕਾਲਾ ਕਾਹਤੋਂ ਹੋ ਗਿਆ -2,*
*2.*
*ਕਾਲਾ ਕਾਹਤੋਂ ਹੋ ਗਿਆ,*
*ਰੰਗ ਕਾਲਾ ਕਾਹਤੋਂ ਹੋ ਗਿਆ -2,*
*2.*
*ਦਸੀਂ ਕੋਇਲੇ,................. -2.*

ਕਹਿਣ ਲੱਗਿਆ -

*ਕਾਲੀ ਕੋਇਲ ਤੂ ਕਿਤ ਗੁਨ ਕਾਲੀ॥*
*ਪੰਨਾ - 794*

ਤੈਨੂੰ ਕੀ ਦੁਖ ਹੈ? ਤੂੰ ਕਿਉਂ ਕਾਲੀ ਹੋ ਗਈ? ਕੋਈ ਪੰਛੀ ਨਹੀਂ ਜਿਹੜਾ ਤੇਰੇ ਨਾਲੋਂ ਜਿਆਦਾ ਕਾਲਾ ਹੋਵੇ। ਕਹਿਣ ਲੱਗੀ ਕਿ ਫਰੀਦਾ! ਜਿਸ ਤਰ੍ਹਾਂ ਤੂੰ ਖੋਜਦਾ ਫਿਰਦਾ ਹੈਂ, ਮੈਂ ਵੀ ਖੋਜਦੀ ਫਿਰਦੀ ਹਾਂ। ਜਿਹੜਾ ਮੇਰਾ ਪਿਆਰਾ ਹੈ ਉਹ ਮਿਲਦਾ ਨਹੀਂ, ਮੇਰੇ ਨਾਲ ਮਿਲ ਕੇ ਨਹੀਂ ਬੈਠਦਾ। ਮੈਂ ਜਦੋਂ ਸਾਰੇ ਪੰਛੀਆਂ ਨੂੰ ਦੇਖਦੀ ਹਾਂ ਤਾਂ ਦੋ-ਦੋ ਬੈਠਦੇ ਨੇ, ਇਕੱਠੇ ਦੋਵੇਂ ਉਡਾਰੀ ਮਾਰਦੇ ਨੇ, ਰਾਤ ਨੂੰ ਅੱਡ ਹੋ ਜਾਂਦੇ ਨੇ। ਸਵੇਰੇ ਹੀ ਅਵਾਜ਼ ਦਿੰਦਾ ਹੈ ਇਕ, ਦੂਜਾ ਨੇੜੇ ਦੇ ਦਰਖਤ ਤੋਂ ਆ ਕੇ ਫੇਰ ਉਸੇ ਟਾਹਣੀ ਤੇ ਬਹਿ ਜਾਂਦਾ ਹੈ ਪਰ ਫਰੀਦਾ! ਮੇਰੀ ਕਿਸਮਤ ਵਿਚ ਤਾਂ ਇਹ ਲੇਖ ਹੀ ਨਹੀਂ ਲਿਖਿਆ ਤੇ ਮੇਰਾ ਜਿਹੜਾ ਨਰ ਸਾਥੀ ਹੈ ਉਹ ਤਾਂ ਕਦੇ ਆਉਂਦਾ ਹੀ ਨਹੀਂ ਹੈ, ਉਸ ਦੇ ਵੈਰਾਗ ਨਾਲ ਮੇਰਾ ਵੀ ਰੰਗ ਕਾਲਾ ਹੋ ਗਿਆ -

*ਧਾਰਨਾ - ਜਾਲੀ ਪਿਆਰਿਆ,*
*ਮੈਂ ਤਾਂ ਪਿਆਰੇ ਦੇ ਵਿਜੋਗ ਨੇ -2,*
*2.*

*ਪਿਆਰੇ ਦੇ ਵਿਜੋਗ ਨੇ -4, 2.*
*ਜਾਲੀ ਪਿਆਰਿਆ,................ -2.*

*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥*
*ਪੰਨਾ - 794*

ਕਹਿੰਦੀ ਫਰੀਦਾ! ਮੈਂ ਵੀ ਜਾਲੀ ਹੋਈ ਹਾਂ। ਇਹ ਬਿਰਹਾ ਦਾ ਨਕਸ਼ਾ ਖਿਚਿਆ ਹੈ।

*ਸਾਬਣ ਲਾ ਲਾ ਧੋਤਾ ਕੋਲਾ*
*ਦੁੱਧ ਦਹੀਂ ਵਿਚ ਪਾਇਆ॥*
*ਖੁੰਭ ਚਾੜ੍ਹ ਰੰਗਣ ਭੀ ਧਰਿਆ॥*
*ਰੰਗ ਨ ਏਸ ਵਟਾਇਆ॥ ਡਾ. ਭਾਈ ਵੀਰ ਸਿੰਘ*

ਕਿਉਂ ਨਾ ਵਟਾਇਆ? ਕਿਉਂਕਿ ਉਹ ਵਿਛੜ ਗਿਆ। ਪੁਛਿਆ ਕਿ ਤੇਰਾ ਰੰਗ ਕਿਉਂ ਨਹੀਂ ਵਟਦਾ? ਉਹ ਕਹਿੰਦਾ-

*ਵਿਛੜ ਕੇ ਕਾਲਖ ਸੀ ਆਈ,*
*ਵਿਣ ਮਿਲਿਆ ਨਹੀਂ ਲਹਿੰਦੀ।*
*ਅੰਗ ਅੱਗ ਦੇ ਲਾ ਕੇ ਦੇਖੋ,*
*ਚੜ੍ਹਦਾ ਰੂਪ ਸਵਾਇਆ। ਡਾ. ਭਾਈ ਵੀਰ ਸਿੰਘ*

ਮੈਨੂੰ ਅੱਗ 'ਚ ਸੁੱਟ ਕੇ ਦੇਖ ਲਓ, ਮੈਂ ਬਿਲਕੁਲ ਲਾਲ ਹੋ ਜਾਵਾਂਗਾ। ਇਹ ਵਿਛੋੜੇ ਦੀਆਂ ਬਾਤਾਂ ਨੇ, ਭਗਤ ਜਿਹੜੇ ਤਲਾਸ਼ ਕਰਦੇ ਨੇ ਉਹ ਰੋਂਦੇ ਵੀ ਰਹਿੰਦੇ ਨੇ। ਉਨ੍ਹਾਂ ਦੀ ਆਪਣੀ ਹਾਲਤ ਹੁੰਦੀ ਹੈ।

*ਧਾਰਨਾ - ਰੰਗ ਹਸਦੇ ਤੇ ਰੰਗ ਰੋਂਦੇ,*
*ਰੰਗ ਹਸਦੇ -2, 2.*
*ਰੰਗ ਹਸਦੇ ਤੇ ਰੰਗ ਰੋਂਦੇ,*
*ਚੁੱਪ ਵੀ ਕਰ ਜਾਂਦੇ,*

*ਸਾਧੂ-ਸਾਧੂ, ਚੁਪ ਵੀ ਕਰ ਜਾਂਦੇ,*
*ਰੰਗ ਹਸਦੇ,........... -2.*

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥*

*ਪੰਨਾ - 473*

ਐਸੀ ਅਵਸਥਾ ਹੋ ਜਾਂਦੀ ਹੈ -

*............ ਮੈ ਨੀਰੁ ਵਹੇ ਵਹਿ ਚਲੈ ਜੀਉ॥*

*ਪੰਨਾ - 94*

ਅੱਖਾਂ 'ਚੋਂ ਪਾਣੀ ਜਾਂਦਾ ਹੈ। ਇਹ ਨਿਸ਼ਾਨੀਆਂ ਨੇ ਪਿਆਰ ਵਾਲਿਆਂ ਦੀਆਂ -

*ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,*
*ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।*

ਪਿਆਰ ਵਾਲਿਆਂ ਦੀ ਕੀ ਨਿਸ਼ਾਨੀ ਹੈ? ਮਹਾਂਪੁਰਸ਼ ਦਸਦੇ ਨੇ, ਪੀਰ ਆਪਣੇ ਮੁਰੀਦਾਂ ਨੂੰ ਦਸਦੇ ਨੇ ਕਿ ਰੰਗ ਪੀਲਾ ਹੋ ਜਾਂਦਾ ਹੈ, ਆਹਾਂ ਅੰਦਰ ਆਉਣ ਲੱਗ ਜਾਂਦੀਆਂ ਨੇ, ਹਉਕੇ ਆਉਂਦੇ ਨੇ ਤੇ ਅੱਖਾਂ 'ਚੋਂ ਹਰ ਵਕਤ ਪਾਣੀ ਸਿੰਮਦਾ ਰਹਿੰਦਾ ਹੈ।

*ਕਮਗੁਫਤਨੋ, ਕਮ ਖੁਰਦਨੋਂ, ਖੁਆਬਸ਼ ਹਰਾਮ,*
*ਇੰਤਜ਼ਾਰੀ, ਬੇਕਰਾਰੀ, ਦਸਤਸਰ।*

ਥੋੜ੍ਹਾ ਬੋਲਦੇ ਨੇਂ, ਥੋੜ੍ਹਾ ਖਾਂਦੇ ਨੇਂ, ਥੋੜ੍ਹੀ ਨੀਂਦ ਆਉਂਦੀ ਹੈ। ਹਰ ਵਕਤ ਧੁਨ ਵਿਚ ਰਹਿੰਦੇ ਨੇਂ, ਵਾਹਿਗੁਰੂ ਮੈਨੂੰ ਕਦੋਂ ਦਰਸ਼ਨ ਦੇਵੇ। ਜਿਨ੍ਹਾਂ ਨੂੰ ਇਹ ਰਸ ਆਇਆ ਹੀ ਨਹੀਂ, ਉਹ ਤਾਂ ਮਸਾਣ ਨੇ, ਉਨ੍ਹਾਂ ਦੀ ਗੱਲ ਕੀ ਕਰਨੀ ਹੈ? ਉਨ੍ਹਾਂ ਦੇ ਸੀਨੇ ਵਿਚ ਕਦੇ ਖਿੱਚ ਪਈ ਹੀ ਨਹੀਂ। ਸੀਨੇ ਵਿਚ ਖਿੱਚ ਪੈਣੀ ਹੀ ਜੀਉਂਦੇ ਦੀ ਨਿਸ਼ਾਨੀ ਹੈ। ਦੂਜੇ ਨੂੰ ਤਾਂ ਮੁਰਦਾ ਕਿਹਾ ਹੈ ਮਹਾਰਾਜ ਜੀ ਨੇ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ ਪੰਨਾ - 253*

ਜੇ ਹਿਰਦੇ 'ਚ ਖਿੱਚ ਨਹੀਂ ਉਠੀ, ਪਿਆਰ ਨਹੀਂ ਉਠਿਆ ਤਾਂ ਕਹਿੰਦੇ ਮੁਰਦਾ ਹੈ ਉਹ, ਤੇ ਰਸਾਇਣਿਕ ਜ਼ਿੰਦਗੀ ਹੈ ਉਸ ਦੀ, ਅੰਨ ਖਾ ਲਿਆ, ਉਸ ਦੇ ਨਾਲ ਜ਼ਿੰਦਗੀ ਸਾਡੀ ਚਲਦੀ ਹੈ। Brain (ਦਿਮਾਗ) ਦੇ ਅੰਦਰ electrical (ਬਿਜਲਈ) ਤੇ magnetic (ਚੁੰਬਕੀ) waves (ਲਹਿਰਾਂ) ਹੁੰਦੀਆਂ ਨੇ। ਮਿਹਦੇ ਵਿਚ ਜੇ ਕੁਝ ਚਲਿਆ ਜਾਵੇ (ਭੋਜਨ ਆਦਿ) ਤਾਂ ਉਹ ਚਲਦੀਆਂ ਰਹਿੰਦੀਆਂ ਨੇ, brain (ਦਿਮਾਗ) ਚੱਲੀ ਜਾਂਦਾ ਹੈ। ਮਹਾਰਾਜ ਜੀ ਕਹਿੰਦੇ, ਉਹ ਜੀਉਂਦਾ ਨਹੀਂ ਹੈ, ਉਹ ਨੀਮ ਮੁਰਦਾ ਹੈ। ਇਕ ਮੁਰਦਾ ਉਹ ਹੈ ਜਿਸਦੇ ਵਿਚੋਂ ਚੇਤਨ ਕਲਾ ਨਿਕਲ ਗਈ। ਇਕ ਮੁਰਦਾ ਉਹ ਹੈ ਜਿਹੜਾ ਹੈ ਤਾਂ ਜੀਉਂਦਾ, ਖਾਂਦਾ, ਪੀਂਦਾ, ਲੜਾਈ-ਝਗੜੇ ਕਰਦਾ, ਚੋਣਾਂ ਲੜਦਾ, ਹੋਰ ਵੀ ਬਥੇਰਾ ਕੁਝ ਕਰਦਾ ਹੈ ਪਰ ਉਸ ਦੇ ਅੰਦਰ ਪ੍ਰੀਤ ਨਹੀਂ ਹੈ, ਖਿੱਚ ਨਹੀਂ ਹੈ। ਕਹਿੰਦੇ ਫੇਰ ਜੀਉਂਦਾ ਕੌਣ ਹੈ? ਮਹਾਰਾਜ ਜੀ ਕਹਿੰਦੇ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਪੰਨਾ - 142*

ਜੀਉਂਦਾ ਉਹ ਹੈ ਜਿਸਦੇ ਮਨ ਵਿਚ ਵਾਹਿਗੁਰੂ ਵਸ ਗਿਆ -

*ਨਾਨਕ ਅਵਰੁ ਨ ਜੀਵੈ ਕੋਇ॥*
*ਪੰਨਾ - 142*

ਬਾਕੀ ਕੋਈ ਵੀ ਨਹੀਂ ਜੀਉਂਦਾ -

*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥*
*ਪੰਨਾ - 142*

ਦੂਜੇ ਪਾਸੇ ਮਹਾਰਾਜ ਜੀ ਕਹਿੰਦੇ -

*ਆਖਾ ਜੀਵਾ ਵਿਸਰੈ ਮਰਿ ਜਾਉ॥ ਪੰਨਾ*

– 9

ਜਿਸ ਨੂੰ ਹਰ ਵਕਤ ਵਾਹਿਗੁਰੂ ਭੁਲਿਆ ਰਹਿੰਦਾ ਹੈ ਉਹ ਤਾਂ ਮਰਿਆ ਹੋਇਆ ਹੈ ਪਰ ਉਸ ਦਾ ਸਰੀਰ ਚਲਦਾ ਹੈ। ਉਹ ਪਹਿਲੀ ਕਿਸਮ ਦਾ ਮੁਰਦਾ ਹੈ। ਦੂਜੀ ਕਿਸਮ ਦਾ ਮੁਰਦਾ ਉਹ ਹੈ ਜਿਸ ਦੇ ਵਿਚੋਂ ਚੇਤਨ ਕਲਾ ਨਿਕਲ ਜਾਂਦੀ ਹੈ। ਜੀਉਂਦੇ ਦੀ ਨਿਸ਼ਾਨੀ ਹੈ ਕਿ ਜੀਉਂਦੇ ਵਿਚ ਖਿੱਚ ਹੈ। ਜੀਉਂਦਾ ਉਹ ਨਹੀਂ ਹੈ, ਜਿਸ ਦੇ ਕੋਲ ਬੇਅੰਤ ਧੰਨ ਹੈ, ਬਹੁਤ ਸੁੰਦਰ ਹੈ, ਕੁਲੀਨ ਚਤੁਰ ਹੈ, ਮੂੰਹ ਦਾ ਗਿਆਨੀ ਹੈ ਤੇ ਧਨਵੰਤ ਹੈ। ਕਹਿੰਦੇ –

***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***
***ਪੰਨਾ – 253***

ਜੇ ਪਿਆਰ ਨਹੀਂ ਵਾਹਿਗੁਰੂ ਨਾਲ ਪਿਆ ਤਾਂ ਕਹਿੰਦੇ ਉਸ ਨੂੰ ਜੀਉਂਦਾ ਨਾ ਕਹੋ, ਉਹ ਤਾਂ ਮਰਿਆ ਹੋਇਆ ਹੈ। ਪਹਿਲਾਂ ਰੋਜ਼ ਅਰਦਾਸ ਕਰਦੇ ਹੁੰਦੇ ਸਨ, ਹੁਣ ਨਹੀਂ, ਹੁਣ ਤਾਂ ਗੁਟਕਿਆਂ ਵਿਚੋਂ ਕੱਢ ਦਿੱਤੀ। ਉਹ ਸੀ ਕਿ ਸੱਚੇ ਪਾਤਿਸ਼ਾਹ! ਮੈਨੂੰ ਜੀਵਨ ਬਖਸ਼। ਮੈਂ ਰੋਜ਼ ਹੀ ਇਹ ਅਰਦਾਸ ਕਰਦਾ ਹੁੰਦਾ ਸੀ। ਪਟਿਆਲੇ ਫੌਜ ਵਿਚ ਮੈਂ ਅਜੇ ਭਰਤੀ ਹੋਇਆ ਸੀ ਤੇ ਮਹਾਰਾਣੀ ਕਹਿੰਦੀ ਕਿ ਪਾਠ ਮੈਂ ਤੁਹਾਡੇ ਕੋਲੋਂ ਸੁਣਿਆ ਕਰਨਾ ਹੈ। ਮੈਂ ਕਿਹਾ ਕਿ ਬੀਬੀ! ਤੁਸੀਂ ਰਾਜੇ ਲੋਕ ਹੋ, ਮੈਨੂੰ ਬੰਦਸ਼ ਵਿਚ ਨਾ ਪਾਓ। ਕਹਿਣ ਲੱਗੀ ਕਿ ਨਹੀਂ, ਤੇਰਾ ਪਾਠ ਕਰਨ ਦਾ ਢੰਗ ਬਹੁਤ ਸੋਹਣਾ ਹੈ। ਇਥੇ ਪਿੰਡ ਵਿਚ ਵੀ ਸੁਣਦੇ ਹੁੰਦੇ, ਜਦੋਂ ਮੈਂ ਨਿਆਣਾ ਹੁੰਦਾ, ਡਿਊਟੀਆਂ ਲਾ ਦੇਣੀਆਂ ਤੇ ਇਕੱਠ ਹੋ ਜਾਣਾ ਬਹੁਤ। ਜਥੇਦਾਰ ਸੁੰਦਰ ਸਿੰਘ ਹੋਰਾਂ ਨੇ ਕਹਿਣਾ ਕਿ ਤੂੰ ਲੱਗੀਂ। ਮੈਂ ਗਾ–ਗਾ ਕੇ ਪੜ੍ਹਦਾ ਹੁੰਦਾ ਸੀ ਬਾਣੀ ਤੇ ਉਸ ਨੇ ਸੁਣਨਾ। ਅਰਦਾਸ ਤੋਂ ਬਾਅਦ ਉਸ ਨੇ ਮੈਨੂੰ ਕਿਹਾ ਕਿ ਮੈਨੂੰ ਇਕ ਗੱਲ ਦੀ ਸਮਝ ਨਹੀਂ ਆਈ। ਮੈਂ ਪੁਛਿਆ, "ਕੀ?" ਮਹਾਰਾਣੀ ਕਹਿੰਦੀ ਕਿ ਤੂੰ ਰੋਜ਼ ਅਰਦਾਸ ਕਰਦਾ ਹੈਂ ਕਿ ਹੇ ਮਹਾਰਾਜ! ਜੀਵਨ ਬਖਸ਼। ਮੈਂ ਕਿਹਾ, "ਹਾਂ।" ਕਹਿਣ ਲੱਗੀ ਕਿ ਆਪਾਂ ਜੀਉਂਦੇ ਨਹੀਂ? ਮੈਂ ਕਿਹਾ, "ਨਾ! ਆਪਾਂ ਤਾਂ ਮੁਰਦੇ ਹਾਂ। ਸਾਡੇ ਅੰਦਰ ਤਾਂ ਉਹ ਜੀਵਨ ਹੀ ਨਹੀਂ, ਉਹ vibration (ਝਰਨਾਹਟ, ਜੀਵਨ ਲਹਿਰ) ਹੀ ਨਹੀਂ ਹੈ, ਉਹ ਖੇੜਾ ਹੀ ਨਹੀਂ ਹੈ। ਅਸੀਂ ਤਾਂ ਮੁਰਝਾਏ ਪਏ ਹਾਂ, ਫਿਕਰਾਂ ਦੇ ਵਿਚ ਪਏ ਹੋਏ ਹਾਂ, ਸਾਡੇ ਅੰਦਰ ਤਾਂ ਖੇੜਾ ਉਠਦਾ ਹੀ ਨਹੀਂ ਹੈ। ਕਉਲ ਫੁਲ ਸਾਡਾ ਟੇਢਾ ਹੋਇਆ ਹੋਇਆ ਹੈ, ਉਸ ਦੇ ਵਿਚ ਅੰਮ੍ਰਿਤ ਝਰਦਾ ਹੀ ਨਹੀਂ। ਮੈਂ ਕਿਹਾ ਕਿ ਬੀਬੀ! ਉਹ ਜੀਵਨ ਹੋਰ ਹੈ, ਇਹ ਜੀਵਨ ਹੋਰ ਹੈ। ਉਹ ਜੀਵਨ ਬੰਦਗੀ ਕਰਨ ਵਾਲਿਆਂ ਨੂੰ ਪ੍ਰਾਪਤ ਹੁੰਦਾ ਹੈ, ਉਹ ਖੇੜਾ ਹੁੰਦਾ ਹੈ, ਖਿੜੇ ਹੁੰਦੇ ਨੇ ਉਹ। ਉਨ੍ਹਾਂ ਵਿਚ ਕਦੇ ਮੁਰਝਾਹਟ ਨਹੀਂ ਆਇਆ ਕਰਦੀ। ਜਦੋਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਨ ਲੱਗੇ, ਪਹਿਲਾਂ ਤਾਂ ਫੱਟਿਆਂ ਵਿਚ ਬੰਨ੍ਹ ਲਿਆ ਉਨ੍ਹਾਂ ਨੂੰ, ਗੁਰੂ ਮਹਾਰਾਜ ਜੀ ਵੱਲ ਪਿੱਠ ਕਰ ਦਿੱਤੀ। ਉਹ ਦੇਖੀ ਗਏ ਕਿ ਠੀਕ ਹੈ, ਬੰਨ੍ਹ ਲਿਆ ਇਨ੍ਹਾਂ ਨੇ ਤੇ ਹੁਣ ਆਰੇ ਨਾਲ ਚੀਰਨਗੇ ਮੈਨੂੰ। ਗਿਆਨਵਾਨ ਨੂੰ ਕੋਈ ਫਰਕ ਨਹੀਂ ਪੈਂਦਾ। ਉਹ ਤਾਂ ਕਹਿੰਦਾ



ਹੈ ਕਿ ਇਹ ਸਰੀਰ ਚੀਰਨਗੇ ਕਿਉਂਕਿ ਦੇਹ ਅਧਿਆਸ ਟੁਟਿਆ ਹੋਇਆ ਹੁੰਦੈ ਕਿ ਮੈਂ ਦੇਹ ਨਹੀਂ, ਮੈਂ ਤਾਂ ਆਤਮਾ ਹਾਂ। ਹੈ ਆਪਾਂ ਆਤਮਾ ਹੀ ਸਾਰੇ। ਇਸ ਤੋਂ ਥੱਲੇ ਜਿਹੜਾ ਮੰਨਦਾ ਹੈ, ਉਹ ਵੀ ਸਿਆਣਾ ਹੈ ਜਿਹੜਾ ਕਹਿੰਦਾ ਹੈ ਕਿ ਮੈਂ 'ਜੀਵ ਆਤਮਾ' ਹਾਂ। ਜਿਸ ਨੂੰ ਇਹ ਪਤਾ ਹੈ ਕਿ ਮੈਂ ਆਤਮਾ ਹਾਂ ਉਸ ਨੂੰ ਤਾਂ ਕੋਈ ਮਾਰ ਨਹੀਂ ਸਕਦਾ ਕਿਉਂਕਿ ਆਤਮਾ ਅਮਰ ਹੈ ਹਮੇਸ਼ਾ ਹੀ। 'ਜੀਵ ਆਤਮਾ' ਵਾਲਾ ਇਹ ਮੰਨਦਾ ਹੈ ਕਿ ਮੈਂ ਹੋਰ ਸਰੀਰ ਧਾਰਨ ਕਰ ਲਵਾਂਗਾ। ਜਿਹੜਾ ਦੇਹ ਦੇ ਵਿਚ ਹੈ ਉਹ ਕਲਪਦਾ ਹੈ। ਉਹ ਕਹਿੰਦਾ ਮੇਰੀ ਦੇਹੀ, ਹੁਣ ਮੈਨੂੰ ਮਾਰ ਦੇਣਗੇ। ਉਹ ਸਰੀਰ ਨੂੰ 'ਮੈਨੂੰ' (ਆਪਣਾ ਆਪ) ਕਹਿੰਦਾ ਹੈ ਗਲਤੀ ਨਾਲ। ਇਹ ਸਰੀਰ ਤਾਂ ਕਦੇ ਬੱਚਾ ਸੀ, ਕਦੇ ਜਵਾਨ ਹੋ ਗਿਆ, ਕਦੇ ਬੁਢਾ ਹੋ ਗਿਆ, ਇਸ ਨੇ ਤਾਂ ਜਾਣਾ ਹੀ ਹੈ ਕਿਉਂਕਿ ਪ੍ਰਕਿਰਤੀ ਦਾ ਬਣਿਆ ਹੋਇਆ ਹੈ। ਇਸ ਦੇ ਅੰਦਰ ਜਿਹੜਾ 'ਆਤਮ ਤੱਤ' ਹੈ ਉਹ ਨਹੀਂ ਮਰਦਾ ਕਦੇ ਵੀ, ਉਹ ਸਦਾ ਜੀਉਂਦਾ ਰਹਿੰਦਾ ਹੈ –

***ਮਰਣਹਾਰੁ ਇਹੁ ਜੀਅਰਾ ਨਾਹੀ॥***
***ਪੰਨਾ – 188***

ਸੋ ਉਸ ਨੇ ਸੋਚਿਆ ਕਿ ਠੀਕ ਹੈ ਹੁਣ ਇਹ ਸਰੀਰ ਨੂੰ ਚੀਰਨਗੇ। ਦੇਖੀ ਜਾਂਦੇ ਨੇ ਜਿਵੇਂ ਕੋਈ ਹੋਰ ਦੇਖ ਰਿਹਾ ਹੁੰਦਾ ਹੈ। ਜਲਾਦਾਂ ਨੇ ਆਰਾ ਲਿਆ ਕੇ ਸਿਰ ਤੇ ਰੱਖ

ਦਿੱਤਾ। ਜਦੋਂ ਉਨ੍ਹਾਂ ਦੇ ਚਿਹਰੇ ਵੱਲ ਜਲਾਦਾਂ ਨੇ ਦੇਖਿਆ ਤਾਂ ਉਨ੍ਹਾਂ ਦੇ ਚਿਹਰੇ ਤੇ ਖੇੜਾ ਆ ਗਿਆ, ਅੱਖਾਂ ਦੇ ਵਿਚ ਕੋਈ ਜੀਵਨ ਦੀ ਚਮਕ ਆ ਗਈ, ਚਿਹਰਾ ਖਿੱਚ ਰਿਹਾ ਹੈ, ਲਾਲੀ ਛਾ ਗਈ ਚਿਹਰੇ ਤੇ। ਜਲਾਦ ਕੁਝ ਥੋੜ੍ਹਾ ਜਿਹਾ ਸਿਆਣਾ ਸੀ। ਕਹਿਣ ਲੱਗਿਆ ਕਿ ਭਾਈ ਮਤੀ ਦਾਸ! ਜੇ ਇਕ ਗੱਲ ਦੱਸ ਦੇਵੇਂ ਤਾਂ ਤੇਰੀ ਬੜੀ ਮਿਹਰਬਾਨੀ ਹੋਏਗੀ। ਜਿਹੜਾ ਕੁਝ ਵੀ ਤੂੰ ਕਹੇਂ, ਮੈਂ ਸੇਵਾ ਕਰਨ ਨੂੰ ਤਿਆਰ ਹਾਂ – ਸਿਵਾਏ ਆਰੇ ਨਾਲ ਚੀਰਨ ਤੇ। ਸੋ ਤੂੰ ਮੈਨੂੰ ਇਹ ਦੱਸ ਕਿ ਤੇਰੇ ਚਿਹਰੇ ਤੇ ਲਾਲੀ ਕਿਉਂ ਆ ਗਈ?

ਉਹ ਕਹਿਣ ਲੱਗੇ, "ਤੂੰ ਕੀ ਲੈਣਾ ਹੈ? ਨਾ ਇਹ ਗੱਲਾਂ ਤੇਰੀ ਸਮਝ ਵਿਚ ਆਉਣ, ਨਾ ਮੇਰਾ ਹੁਣ ਦੱਸਣ ਦਾ ਸਮਾਂ ਹੈ। ਮੈਂ ਤਾਂ ਅੰਦਰੋਂ ਪ੍ਰਭੂ ਨਾਲ ਜੁੜਨਾ ਹੈ। ਮੈਂ ਤਾਂ ਤੈਨੂੰ ਦੇਖ ਰਿਹਾ ਹਾਂ ਕਿ ਤੂੰ ਕੀ ਕਰ ਰਿਹਾ ਹੈਂ।"

ਕਹਿੰਦਾ, "ਤੇਰੇ ਚਿਹਰੇ ਤੇ ਕਿਉਂ ਲਾਲੀ ਆਈ ਹੈ?"

ਉਹ ਜਦੋਂ ਬਾਰ-ਬਾਰ ਕਹੀ ਗਿਆ ਤਾਂ ਭਾਈ ਮਤੀ ਦਾਸ ਜੀ ਕਹਿਣ ਲੱਗੇ ਕਿ ਸੁਣ! ਜਦੋਂ ਅਸੀਂ ਗੁਰੂ ਕੋਲ ਆਏ ਤਾਂ ਗੁਰੂ ਨੇ ਟੀਕਾ ਲਾ ਦਿੱਤਾ ਸਾਡੇ, ਗੋਲੀ ਦੇ ਦਿੱਤੀ ਸਦਾ ਜੀਉਂਦੇ ਰਹਿਣ ਦੀ। ਉਹ ਹੈ ਪ੍ਰਮੇਸ਼ਰ ਦਾ ਨਾਮ। ਉਸ ਨਾਮ ਦਾ ਰਸ ਤੇ ਉਸ ਦੀ ਖੁਮਾਰੀ ਐਨੀ ਚੜ੍ਹੀ ਰਹਿੰਦੀ ਹੈ ਕਿ ਨਾ ਦਿਨੇ ਉਤਰਦੀ ਹੈ ਤੇ ਨਾ ਰਾਤ ਨੂੰ ਉਤਰਦੀ ਹੈ। ਜਿਹੜੇ ਸੰਸਾਰ ਦੇ ਨਸ਼ੇ ਨੇ, ਉਹ ਜੇ ਰਾਤ ਨੂੰ ਪੀ ਲਓ ਤਾਂ ਸਵੇਰੇ ਤੋੜ ਲੱਗੀ ਪਈ ਹੁੰਦੀ ਹੈ, ਕੋਈ ਕਹਿੰਦਾ ਕਿ ਮੈਨੂੰ ਫਲਾਣੀ ਚੀਜ਼ ਦੇਹ, ਜਿਹੜੇ ਬਹੁਤੇ ਸ਼ਰਾਬੀ ਨੇ ਉਹ ਸਵੇਰੇ ਹੀ ਫੇਰ ਬੋਤਲ ਮੰਗਦੇ ਨੇ ਕਿ ਥੋੜ੍ਹੀ ਜਿਹੀ ਪੀਵਾਂਗਾ ਤੇ ਮੈਂ ਕੰਮ ਜੋਗਾ ਤਾਂ ਹੋ ਜਾਵਾਂਗਾ। ਏਸ ਖੁਮਾਰੀ ਨੂੰ ਗੁਰੂ ਸਾਹਿਬ ਨੇ ਨਹੀਂ ਮੰਨਿਆ। ਕਹਿੰਦੇ ਇਹ ਤਾਂ ਚੜ੍ਹਦੀ ਹੈ ਤੇ ਉਤਰ ਜਾਂਦੀ ਹੈ। ਖੁਮਾਰੀ ਜੀਵਨ ਦੀ ਉਹ ਹੈ ਜਿਹੜੀ ਇਕ ਵਾਰੀ ਚੜ੍ਹ ਕੇ ਮੁੜ ਕੇ ਉਤਰੇ ਹੀ ਨਾ।

ਸੋ ਕਹਿਣ ਲੱਗੇ ਕਿ ਜਲਾਦ! ਗੁਰੂ ਨੇ ਸਾਨੂੰ ਉਹ ਨਸ਼ਾ ਪਿਲਾ ਦਿੱਤਾ ਹੈ ਜਿਸ ਨੇ ਕਦੇ ਉਤਰਨਾ ਹੀ ਨਹੀਂ –

***ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥***
***ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥***
***ਪੰਨਾ - 808***

ਉਹ ਜਿਹੜਾ ਰਸ ਇਕ ਵਾਰੀ ਆ ਗਿਆ –

***ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ॥***

***ਪੰਨਾ - 808***

ਉਹ ਨਹੀਂ ਲਹਿੰਦਾ ਕਦੇ ਵੀ। ਏਸ ਤਰ੍ਹਾਂ ਦੇ ਨਾਲ ਪੜ੍ਹ ਲਓ–

***ਧਾਰਨਾ - ਚੜ੍ਹੀ ਰਹੇ ਦਿਨ ਰਾਤ, ਨਾਮ ਖੁਮਾਰੀ -2, 2.***
***ਨਾਮ ਖੁਮਾਰੀ ਨਾਨਕਾ -2, 2.***

***ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ॥***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ॥ ਜਨਮਸਾਖੀ***

ਪੋਸਤ, ਸ਼ਰਾਬ ਆਦਿ ਦਾ ਨਸ਼ਾ ਉਤਰ ਜਾਂਦਾ ਹੈ ਪਰ ਜਿਸ ਨੂੰ ਨਾਮ ਦੀ ਖੁਮਾਰੀ ਚੜ੍ਹ ਗਈ ਉਹ ਨਹੀਂ ਉਤਰਦੀ–

***ਕਾਇਆ ਕਾਪਰੁ ਚੀਰ ਬਹੁ ਫਾਰੇ ਹਰਿ ਰੰਗੁ ਨ ਲਹੈ ਸਭਾਗਾ॥ ਪੰਨਾ - 985***

ਸੋ ਜਲਾਦ ਨੂੰ ਕਹਿਣ ਲੱਗੇ ਕਿ ਭਾਈ! ਸਾਨੂੰ ਗੁਰੂ ਨੇ ਨਾਮ ਦਾ ਟੀਕਾ ਦੇ ਦਿੱਤਾ, ਉਸ ਦੀ ਖੁਮਾਰੀ ਹੈ, ਮਰਦੇ ਤਾਂ ਅਸੀਂ ਹਾਂ ਹੀ ਨਹੀਂ। ਸਰੀਰ ਚੀਰ ਦਏਂਗਾ, ਮੈਨੂੰ ਤਾਂ ਮਾਰ ਨਹੀਂ ਸਕਦਾ। ਮੇਰੇ ਤਾਂ ਆਰਾ ਵੀ ਨੇੜੇ ਨਹੀਂ ਆ ਸਕਦਾ, ਅੱਗ ਨਹੀਂ ਆ ਸਕਦੀ, ਉਬਲਦਾ ਪਾਣੀ ਨਹੀਂ ਆ ਸਕਦਾ। ਸੋ ਏਸ ਤਰ੍ਹਾਂ ਦੇ ਨਾਲ ਖੇੜਾ ਜਿਸ ਦੇ ਮਨ ਵਿਚ ਵਸ ਜਾਂਦਾ ਹੈ, ਉਹ ਤਾਂ ਜਿਉਂਦਾ ਹੈ। ਜਿਸ ਦੇ ਅੰਦਰ ਖੇੜਾ ਨਾ ਹੋਵੇ ਉਹ ਤੁਰਦਾ ਫਿਰਦਾ, ਰੋਟੀਆਂ ਖਾਂਦਾ, ਸਾਹ ਲੈਂਦਾ, ਵਿਹਾਰ ਕਰਦਾ, ਵੱਡੇ ਵੱਡੇ ਕੰਮ ਕਰਦਾ ਵੀ ਮੁਰਦਾ ਹੈ, ਮਹਾਰਾਜ ਜੀ ਨੇ ਉਸ ਨੂੰ ਜੀਉਂਦਾ ਨਹੀਂ ਮੰਨਿਆ।

ਸੋ ਏਸ ਤਰ੍ਹਾਂ ਦੇ ਨਾਲ ਕੋਇਲ ਕਹਿਣ ਲੱਗੀ ਕਿ ਫਰੀਦਾ! ਮੈਨੂੰ ਮੇਰਾ ਪਿਆਰਾ ਨਹੀਂ ਮਿਲਦਾ, ਅਸੀਂ ਕਦੇ ਵੀ ਇਕੱਠੇ ਹੋ ਕੇ ਨਹੀਂ ਬੈਠੇ ਨਾ ਦਿਨ ਨਾ ਰਾਤ, ਇਹ ਮੇਰੇ ਮਨ ਦੇ ਅੰਦਰ ਸਥਿਤ ਰਹਿੰਦਾ ਹੈ। ਇਸ ਕਰਕੇ ਮੇਰਾ

## ਜ਼ਰੂਰੀ ਸੂਚਨਾ

**ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਉਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ –**

**(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।**

**(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।**

**(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।**

***ਅਜੈ ਸ ਰਬ ਨ ਬਾਹੜਿਓ ਦੇਖ ਬੰਦੇ ਦੇ ਭਾਗ॥ ਪੰਨਾ - 1382***

ਕਿਹੋ ਜਿਹੇ ਮਾੜੇ ਭਾਗ ਨੇ, ਮੇਰਾ ਤਨ ਵੀ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ ਤੇ ਅਜੇ ਤੱਕ ਵੀ ਨਹੀਂ ਮੇਰੇ ਅੱਲ੍ਹਾ ਨੇ, ਪ੍ਰੀਤਮ ਨੇ ਦਰਸ਼ਨ ਦਿੱਤਾ, ਪਤਾ ਨਹੀਂ ਮੇਰੇ ਵਿਚ

# ਸਿਮਰਤ ਕਹਾ ਨਹੀ ?

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ – ਬੀਬੀ ਦੇਵਿੰਦਰ ਕੌਰ***

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-53)*

ਇਕ ਸਮੇਂ ਛੇਵੇਂ ਪਾਤਸ਼ਾਹ ਨੂੰ ਪੁਛਿਆ ਕਿ ਆਪ ਵੇਦਾਂਤ ਦਾ ਰਸਤਾ ਕਿਉਂ ਨਹੀਂ ਇਖਤਿਆਰ ਕਰਦੇ ? ਮਹਾਰਾਜ ਨੇ ਉਤਰ ਦਿੱਤਾ ਕਿ ਪਹੁੰਚਣ ਦੀ ਗੱਲ ਹੋਇਆ ਕਰਦੀ ਹੈ ਭਾਈ ਗੁਰਮੁਖੋ, ਜੇ ਕਿਸੇ ਨੂੰ ਇਕ ਸੇਰ ਕੱਚਾ ਘਿਉ ਖਵਾ ਦਈਏ, ਉਹ ਖਾ ਤਾਂ ਲਏਗਾ ਪਰ ਉਸਨੂੰ 'ਅਤੀਸਾਰ' ਲਗ ਜਾਣਗੇ, ਮਰੋੜੇ ਲੱਗ ਜਾਣਗੇ, ਹਜ਼ਮ ਨਹੀਂ ਹੋਏਗਾ; ਜੇਕਰ ਕੱਚੇ ਘਿਓ ਵਿਚ ਖੰਡ ਪਾ ਕੇ ਖੁਵਾਈਏ ਤਾਂ ਉਹੀ ਘਿਓ ਹਜ਼ਮ ਹੋ ਜਾਏਗਾ। ਏਸੇ ਤਰ੍ਹਾਂ ਜੋ ਭਗਤੀ ਸਹਿਤ ਗਿਆਨ ਆਉਂਦਾ ਹੈ, ਉਹ ਅਮਲੀ ਗਿਆਨ ਹੁੰਦਾ ਹੈ, ਜਿਹੜਾ ਪਹਿਲਾ ਗਿਆਨ ਹੈ, ਉਸ ਵਿਚ ਮੈਂ ਨਹੀਂ ਮਿਟਿਆ ਕਰਦੀ। ਭਗਤੀ ਵਿਚ ਮੈਂ ਮਿਟਦੀ ਹੈ ਕਿਉਂਕਿ ਦੋ ਤੋਂ ਸ਼ੁਰੂ ਹੁੰਦੀ ਹੈ – 'ਭੈ-ਗਤੀ'। ਇਹ ਦਵੈਤ ਤੇ ਅਦ੍ਵੈਤ ਹੈ, ਦੋਹਾਂ ਦਾ, 'ਦ੍ਵੈਤ ਤੋਂ ਸ਼ੁਰੂ ਹੋ ਕੇ ਮੱਧ ਇਹਦਾ ਹੈਗਾ ਅਦ੍ਵੈਤਾ ਦ੍ਵੈਤ, ਮੰਜਲ ਇਹਦੀ ਹੈਗੀ 'ਅਦ੍ਵੈਤ'-

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***
***ਪੰਨਾ – 1375***

ਸੋ ਕਹਿਣ ਲੱਗੇ ਕਿ ਇਹਦੇ ਵਿਚ ਭਗਤੀ ਦੀ ਬਾਤ ਹੈ ਸਰਵਣ ਕਰਨਾ, ਮਹਾਂਪੁਰਸ਼ਾਂ ਦੇ ਬੋਲ ਸਰਵਣ ਕਰਨੇ, ਉਸਨੂੰ ਸਰਵਣ ਭਗਤੀ ਆਖਦੇ ਹਨ ਜਿਹੜੀ ਆਪਾਂ ਹੁਣ ਬੈਠੇ ਕਰ ਰਹੇ ਹਾਂ। ਦੂਸਰੀ ਹੋਇਆ ਕਰਦੀ ਹੈ ਕੀਰਤਨ ਭਗਤੀ, ਹਰੀ ਦਾ ਜਸ ਕਰਨਾ, ਉਹਦਾ ਫਲ ਕਿਤਨਾ ਹੁੰਦਾ ਹੈ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਪੰਨਾ – 546***

ਕਈ ਕ੍ਰੋੜਾਂ ਜਗਾਂ ਦਾ ਫਲ ਉਹਨਾਂ ਨੂੰ ਮਿਲ ਜਾਂਦਾ ਹੈ ਜਿਹੜੇ ਕੀਰਤਨ ਭਗਤੀ ਕਰਦੇ ਹਨ। ਤੀਸਰੀ ਹੋਇਆ ਕਰਦੀ ਹੈ ਯਾਦ ਭਗਤੀ ਜਿਸ ਨੂੰ ਸਿਮਰਨ ਭਗਤੀ ਕਹਿੰਦੇ ਹਨ। ਸਿਮਰਨ ਭਗਤੀ ਦੇ ਅੰਦਰ ਬਾਰ ਬਾਰ ਨਾਮ ਜਪਣਾ ਪੈਂਦਾ ਹੈ। ਏਸ ਤਰ੍ਹਾਂ ਯਾਦ ਪੱਕ ਜਾਂਦੀ ਹੈ। ਜਦੋਂ ਯਾਦ ਪੱਕ ਗਈ, ਉਸ ਵੇਲੇ ਪ੍ਰਾਪਤੀ ਦੇ ਰਸਤੇ ਤੇ ਟੁਰ ਪੈਂਦਾ ਹੈ। ਜਿੰਨੀ ਦੇਰ ਵਾਹਿਗੁਰੂ ਵਾਹਿਗੁਰੂ ਕਰਦਾ ਰਿਹਾ, ਯਾਦ ਰਿਹਾ, ਜਦੋਂ ਭੁਲ ਗਿਆ ਤਾਂ ਸਮਝ ਲਓ ਕਿ ਅਜੇ ਯਾਦ ਪੱਕੀ ਨਹੀਂ ਹੈ। ਸੋ ਯਾਦ ਭਗਤੀ, ਚੇਤਾ ਭਗਤੀ ਹੈ। ਚੌਥੀ ਹੈ ਨਮਸ਼ਕਾਰ ਭਗਤੀ। ਪੰਜਵੀਂ ਹੈ ਪੂਜਨ ਭਗਤੀ। ਛੇਵੀਂ ਹੋਇਆ ਕਰਦੀ ਹੈ 'ਚਰਣ ਸੇਵਕ' ਭਗਤੀ, ਕਾਰ ਸੇਵਾ। ਸਤਵੀਂ ਹੋਇਆ ਕਰਦੀ ਹੈ ਦਾਸਾ ਭਾਵ ਭਗਤੀ, ਆਪਣੇ ਆਪ ਨੂੰ ਦਾਸ ਸਮਝਣਾ, ਉਪਰਾਮ ਸਮਝਣਾ।

***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 3/18***

***ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ॥***
***ਪੰਨਾ – 991***

ਗੁਲਾਮ ਬਣ ਜਾਣਾ, ਆਪਣੀ ਮਰਜ਼ੀ ਛੱਡ ਦੇਣੀ, ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਹਨ –

***ਧਾਰਨਾ – ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉਂ ਸੁਭਾਗਾ ਜੀ -2.***
***ਮੇਰਾ ਨਾਉ ਸੁਭਾਗਾ ਜੀ, ਮੇਰਾ ਨਾਉ ਸੁਭਾਗਾ ਜੀ -2, 2.***
***ਮੁਲ ਖਰੀਦੀ ਲਾਲਾ ਗੋਲਾ,............ -2.***

***ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥***
***ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥***
***ਪੰਨਾ – 991***

ਜਿਥੇ ਲਾ ਦਿੱਤਾ ਲਗ ਗਿਆ। ਇਕ ਵਾਰੀ 'ਬਲਖਬਖਾਰੇ' ਦਾ ਇਬਰਾਹੀਮ ਬਾਦਸ਼ਾਹ, ਉਸਨੇ ਇਕ ਗੋਲਾ (slave) ਮੁਲ ਲਿਆ। ਬਹੁਤ ਵਧੀਆ ਛਾਂਟਿਆ। ਜਿਸ ਵਕਤ ਉਸਨੂੰ ਰਾਜ ਮਹਿਲਾਂ ਦੇ ਅੰਦਰ ਲੈ ਕੇ ਆਇਆ, ਕੀ ਦੇਖਦਾ ਹੈ ਕਿ ਇਸ ਆਦਮੀ ਦੀ ਬੋਲ ਚਾਲ ਵੀ ਅਜੀਬ ਹੈ। ਇਹਦਾ ਦੇਖਣਾ ਵੀ ਅਜੀਬ ਹੈ। ਇਸਦੇ ਚਲਣ ਦੀ ਮਟਕ ਵੀ ਅਜੀਬ ਹੈ। ਬਾਦਸ਼ਾਹ ਨੂੰ ਉਹ ਕੁਝ ਚੰਗਾ ਲਗਿਆ। ਉਸਨੇ ਕੋਲ ਬੁਲਾ ਲਿਆ, ਕਹਿੰਦਾ, ਐ ਗੁਲਾਮ! ਇਹ ਦੱਸ, ਤੇਰਾ ਨਾਂ ਕੀ ਹੈ ? ਦੂਜਾ ਇਹ ਦੱਸ ਤੂੰ ਕਿਹੋ ਜਿਹੇ ਕੱਪੜੇ ਪਾਉਣਾ ਚਾਹੁੰਦਾ ਹੈਂ। ਤੀਜੀ ਇਹ ਗੱਲ ਦੱਸ ਕਿ ਤੂੰ ਕਦੋਂ ਸੌਣਾ ਚਾਹੁੰਦਾ ਹੈ, ਕਦੋਂ ਉਠਣਾ ਚਾਹੁੰਦਾ ਹੈਂ ? ਚੌਥੀ ਇਹ ਗੱਲ ਦਸ ਕਿ ਤੂੰ ਕੀ ਖਾਣਾ ਚਾਹੁੰਦਾ ਹੈਂ ? ਤੇਰੀਆਂ ਖਾਣ ਦੀਆਂ ਆਦਤਾਂ ਕੀ ਹਨ ? ਕਿਸ ਵੇਲੇ ਸਵੇਰ ਦੀ ਹਾਜ਼ਰੀ ਖਾਣੀ ਹੈ, ਕਿਸ ਵੇਲੇ ਦੁਪਹਿਰ ਦੀ ਰੋਟੀ ਖਾਣੀ ਹੈ, ਕਿਸ ਵੇਲੇ ਰਾਤ ਦੀ ਰੋਟੀ ਖਾਣੀ ਹੈ ? ਅਤੇ ਹੋਰ ਜਲ ਪਾਣੀ ਆਦਿ ?

ਦੋਨੋਂ ਹੱਥ ਜੋੜ ਕੇ ਖੜ੍ਹਾ ਹੋ ਗਿਆ, ਕਹਿਣ ਲਗਾ ਹਜ਼ੂਰ! ਜਦੋਂ ਮੈਂ ਸੁਤੰਤਰ ਸੀ, ਅਜ਼ਾਦ ਸੀ, ਆਪਣੀ ਮੌਜ ਵਿਚ ਸੀ, ਉਸ ਵੇਲੇ ਮੇਰੇ ਮਨ ਦੀ ਮਰਜ਼ੀ ਚਲਦੀ ਸੀ। ਮੈਂ ਮਨ ਦੀ ਮਰਜ਼ੀ ਕਰਦਾ ਸੀ। ਬਾਦਸ਼ਾਹ ਸਲਾਮਤ, ਹੁਣ ਮੈਂ ਮੁਲ ਖਰੀਦਿਆ ਹੋਇਆ ਗੋਲਾ ਹਾਂ ਅਤੇ ਦੁਨੀਆਂ ਵਿਚ ਗੋਲੇ ਦਾ ਕੋਈ ਵੀ ਹੱਕ ਨਹੀਂ ਹੁੰਦਾ। ਨੌਕਰ ਦਾ ਹੁੰਦਾ ਹੈ, ਨੌਕਰ ਤਾਂ ਹੜਤਾਲਾਂ ਕਰ ਜਾਂਦੇ ਹਨ। ਕੀ ਗੁਲਾਮ ਨੇ ਵੀ ਕਦੀ ਇਸ ਤਰ੍ਹਾਂ ਕੀਤਾ ਹੈ ? ਆਹ ਪਸ਼ੂਆਂ ਨੇ ਕਦੀ ਹੜਤਾਲ ਕੀਤੀ ਹੈ ? ਜਦੋਂ ਕਿਲੇ ਨਾਲ ਧੁਪੇ ਬੰਨ੍ਹ ਦਿੱਤਾ, ਧੁਪੇ ਹੀ ਖੜ੍ਹਾ ਹੈ, ਛਾਵੇਂ ਬੰਨ੍ਹ ਦਿੱਤਾ ਤਾਂ ਛਾਂਵੇਂ ਖੜ੍ਹਾ ਹੈ, ਜੇਕਰ ਖਾਣ ਨੂੰ ਪਾ ਦਿਤਾ ਤਾਂ ਵੀ ਠੀਕ, ਜੇਕਰ ਨਾ ਦਿੱਤਾ ਤਾਂ ਵੀ ਹਲ ਨਾਲ ਜੋੜ ਲੈਂਦੇ ਹਨ। ਉਹਦੀ ਕੋਈ ਆਵਾਜ਼ ਨਹੀਂ ਹੈ, ਕਦੀ ਉਸਦਾ ਕੋਈ ਹੱਕ ਨਹੀਂ ਮੰਨਿਆ ਗਿਆ। ਏਸੇ ਤਰ੍ਹਾਂ ਗੁਲਾਮ ਦਾ ਕੋਈ ਹੱਕ ਨਹੀਂ ਹੈ। ਜਦੋਂ ਮੈਂ ਸੁਤੰਤਰ ਸੀ ਉਦੋਂ ਮੇਰੇ ਨਾਮ ਨਾਲ ਬਹੁਤ ਵੱਡੇ ਵੱਡੇ ਅਖਰ ਲੱਗਦੇ ਸਨ, ਉਪਾਧੀਆਂ ਲਗਦੀਆਂ

ਸਨ। ਪਰ ਹੁਣ ਤਾਂ ਮੈਂ ਗੋਲਾ ਹਾਂ। ਜਿਹੜਾ ਤੁਹਾਨੂੰ ਸੁਖਾਲਾ ਜਿਹਾ ਨਾਂ ਕੁੱਤਾ, ਬਿੱਲਾ, ਟਿਟੂ ਬਿਟੂ ਠੀਕ ਲਗਦਾ ਹੈ ਉਹ ਤੁਸੀਂ ਰੱਖ ਲਓ, ਮੈਂ ਉਸੇ ਵੇਲੇ ਬੋਲ ਪਿਆ ਕਰਾਂਗਾ ਕਿਉਂਕਿ ਗੁਲਾਮ ਦਾ ਨਾਂ ਆਜ਼ਾਦ ਵਰਗਾ ਨਹੀਂ ਹੋਇਆ ਕਰਦਾ, ਸਰਦਾਰ ਸਾਹਿਬ ਨਹੀਂ ਹੁੰਦਾ। ਇਹ ਤਾਂ ਜਿਵੇਂ ਤੁਸੀਂ ਬੁਲਾ ਲਓਗੇ, ਮੈਂ ਉਸੇ ਵੇਲੇ ਬੋਲ ਪਿਆ ਕਰਾਂਗਾ ਕਿਉਂਕਿ ਹੁਣ ਮੈਂ ਗੁਲਾਮ ਹਾਂ ਤੇ ਤੁਸੀਂ ਮੇਰਾ ਨਵਾਂ ਨਾਂ ਰੱਖਣਾ ਹੈ। ਤੁਸੀਂ ਮੇਰੇ ਕੱਪੜੇ ਬਾਰੇ ਗੱਲ ਕਰਦੇ ਹੋ, ਜਦੋਂ ਮੈਂ ਸੁਤੰਤਰ ਸੀ, ਉਸ ਵੇਲੇ ਮੈਂ ਤਿੰਨ ਤਿੰਨ ਚਾਰ ਚਾਰ ਪੁਸ਼ਾਕਾਂ ਬਦਲਦਾ ਸੀ। ਖਾਣ ਵੇਲੇ ਹੋਰ ਕੱਪੜੇ ਹੋਇਆ ਕਰਦੇ ਸਨ। ਸੈਰ ਕਰਨ ਵੇਲੇ ਹੋਰ ਕੱਪੜੇ, ਸ਼ਿਕਾਰ ਖੇਡਣ ਵੇਲੇ ਹੋਰ ਕੱਪੜੇ ਸਨ, ਸੌਣ ਵੇਲੇ ਹੋਰ ਕੱਪੜੇ ਤੇ ਭਜਨ ਬੰਦਗੀ ਕਰਨ ਵੇਲੇ ਹੋਰ ਕੱਪੜੇ ਹੋਇਆ ਕਰਦੇ ਸਨ। ਹੁਣ ਤਾਂ ਜਿਹੜੇ ਵੀ ਤੁਹਾਡੀਆਂ ਅੱਖਾਂ ਨੂੰ ਚੰਗੇ ਲਗਦੇ ਹਨ, ਪਾਟੇ ਹੋਏ, ਮੈਲੇ, ਕੁਚੈਲੇ, ਭਾਵੇਂ ਚੀਥੜੇ ਲਟਕਦੇ ਹੋਣ, ਜਾਂ ਚੰਗੇ, ਜਾਂ ਰੇਸ਼ਮ ਦੇ, ਜੋ ਜੋ ਦੇ ਦਿਆ ਕਰੋਂਗੇ, ਮੈਂ ਪਾ ਲਿਆ ਕਰਾਂਗਾ। ਫੇਰ ਗੱਲ ਖਾਣ ਦੀ ਹੈ, ਜਦੋਂ ਮੈਂ ਸੁਤੰਤਰ ਸੀ ਮਨ ਮਰਜ਼ੀ ਦਾ ਖਾਂਦਾ ਸੀ। ਮੈਂ ਹੁਕਮ ਦਿਆ ਕਰਦਾ ਸੀ ਕਿ ਅੱਜ ਇਹ ਇਹ ਚੀਜ਼ਾਂ ਬਣਾਓ। ਐਤਵਾਰ ਨੂੰ ਇਹ ਬਣਨਾ ਹੈ, ਸੋਮਵਾਰ ਨੂੰ ਇਹ ਬਣਨਾ ਹੈ, ਹੁਣ ਤਾਂ ਬਾਦਸ਼ਾਹ ਸਲਾਮਤ! ਮੈਂ ਗੁਲਾਮ ਹਾਂ। ਜੋ ਵੀ ਰੁਖੀ ਮਿੱਸੀ, ਜੂਠੇ ਟੁਕੜੇ ਦੇ ਦਿਓਂਗੇ, ਸਭ ਪਰਵਾਨ ਹਨ। ਗੁਲਾਮ ਦਾ ਕੋਈ ਧਰਮ ਨਹੀਂ ਹੋਇਆ ਕਰਦਾ। ਚੌਥਾ ਤੁਸੀਂ ਪੁਛਦੇ ਹੋ ਕਦੋਂ ਸੌਣਾ ਹੈ, ਕਦੋਂ ਜਾਗਣਾ ਹੈ? ਜਦੋਂ ਤੁਸੀਂ ਹੁਕਮ ਦਿਓਂਗੇ ਮੈਂ ਸੌਂ ਜਾਇਆ ਕਰੂੰਗਾ, ਜਦੋਂ ਆਵਾਜ਼ ਮਾਰੋਂਗੇ ਮੈਂ ਉਠ ਜਾਇਆ ਕਰਾਂਗਾ।

ਸ੍ਰੀ ਗੁਰੂ ਹਰਿਗੋਬਿੰਦ ਜੀ

ਸੋ ਇਸ ਨੂੰ ਦਾਸਾ ਭਾਵ ਕਹਿੰਦੇ ਹਨ। ਜੇਕਰ ਵਾਹਿਗੁਰੂ ਦੇ ਨਾਲ ਇਸ ਤਰ੍ਹਾਂ ਹੋ ਜਾਵੇ –

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥***

***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥***

***ਪੰਨਾ – 757***

ਸੋ ਇਹ ਦਾਸਾ ਭਾਵ ਹੋਇਆ ਕਰਦਾ ਹੈ। ਮੁਰਦਾ ਬਣਨਾ ਪੈਂਦਾ ਹੈ।

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***

***ਭਾਈ ਗੁਰਦਾਸ ਜੀ ਦੀ ਵਾਰ 3/18***

ਸੋ ਐਸੀ ਭਗਤੀ ਹੋਇਆ ਕਰਦੀ ਹੈ।

ਉਸ ਤੋਂ ਅਗਲੀ ਭਗਤੀ ਹੋਇਆ ਕਰਦੀ ਹੈ – ਪਿਆਰ ਭਾਵ ਦੀ, ਉਸ ਨੂੰ ਸਖਾ ਭਾਵ ਆਖਦੇ ਹਨ।

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ॥***
***ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦਾ ਸਹਣਾ॥***
***ਯਾਰੜੇ ਦਾ ਸਾਨੂੰ ਸਥਰ ਚੰਗਾ, ਭਠ ਖੇੜਿਆਂ ਦਾ ਰਹਣਾ॥***
***ਖਿਆਲ ਪਾਤਿਸ਼ਾਹੀ ੧੦***

ਐ ਮਿਤਰਾ! ਜੇ ਤੂੰ ਚਾਹੁੰਦਾ ਹੈਂ ਕਿ ਮਾਛੀਵਾੜੇ ਦੇ ਜੰਗਲਾਂ ਵਿਚ ਮੈਂ ਤੈਨੂੰ ਦੇਖ ਕੇ ਖੁਸ਼ ਹੁੰਦਾ ਹਾਂ। ਛਿਆਨਵੇਂ ਘੰਟੇ ਦੇ ਭੁਖੇ ਨੂੰ ਦੇਖ ਕੇ ਮੈਂ ਖੁਸ਼ ਹੁੰਦਾ ਹਾਂ, ਤਾਂ ਮੈਂ ਤਿਆਰ ਹਾਂ ਕਿਉਂਕਿ ਤੂੰ ਖੁਸ਼ ਹੈਂ। ਤੂੰ ਮੈਨੂੰ ਏਸ ਹਾਲਤ ਵਿਚ ਦੇਖ ਕੇ ਰਾਜ਼ੀ ਹੈਂ ਤਾਂ ਮੈਨੂੰ ਕੋਈ ਸ਼ਿਕਵਾ ਨਹੀਂ ਹੈ। ਇਹ 'ਸਖਾ ਭਾਵ' ਦੀ ਭਗਤੀ ਹੋਇਆ ਕਰਦੀ ਹੈ।

ਇਸ ਤੋਂ ਬਾਅਦ ਭਗਤੀ ਹੋਇਆ ਕਰਦੀ ਹੈ ਆਪਾ ਸਮਰਪਣ ਦੀ ਕਿ ਜੋ ਮੇਰਾ ਹੈ, ਤਨ ਵੀ, ਮਨ ਵੀ, ਧਨ ਵੀ, ਸਭ ਤੈਨੂੰ ਸਮਰਪਣ ਕਰ ਦਿਤਾ। ਜੋ ਤੇਰੀ ਮਰਜੀ ਹੈ ਉਹ ਮੇਰੀ ਮਰਜੀ ਹੈ। ਜਿਵੇਂ ਤੂੰ ਚਲਾਵੇਂ ਉਹ ਮੈਨੂੰ ਠੀਕ ਹੈ, ਜੇ ਸੁਖ ਵਿਚ ਰਖੇਂਗਾ ਤਾਂ ਮੈਂ ਸੁਖੀ, ਜੇ ਦੁਖ ਵਿਚ ਰਖੇਂਗਾ ਤਾਂ ਵੀ ਮੈਂ ਤੇਰੀ ਮਰਜ਼ੀ ਵਿਚ ਰਾਜ਼ੀ। ਸੋ ਇਹ ਆਪਾ ਸਮਰਪਣ ਹੋਇਆ ਕਰਦਾ ਹੈ। ਆਪਣਾ ਕੁਝ ਨਾ ਰਖਣਾ, ਸਭ

ਕੁਝ ਗੁਰੂ ਦੇ ਹਵਾਲੇ, ਸਾਰਾ ਕੁਝ ਗੁਰੂ ਦੇ ਪਰਨੇ ਹੋ ਜਾਣਾ–

*ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥*
*ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥*
*ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥*
*ਪੰਨਾ – 919*

ਗੁਰੂ ਦੇ ਪਰਨੇ ਹੋ ਜਾਣਾ, ਜਿਥੇ ਗੁਰੂ ਰਖਦਾ ਹੈ, ਠੀਕ ਹੀ ਹੈ। ਸੋ ਖੇੜੇ ਵਿਚ ਰਹਿਣਾ ਕਿਉਂਕਿ ਮੇਰੇ ਮਾਲਕ ਨੇ ਇਹ ਅਵਸਥਾ ਦਿੱਤੀ ਹੋਈ ਹੈ। ਇਸ ਤੋਂ ਬਾਅਦ ਕੀ ਹੁੰਦਾ ਹੈ? ਇਸ ਨੂੰ ਨੌ ਭਗਤੀਆਂ ਦਾ ਫਲ ਲਗਦਾ ਹੈ, ਉਹ ਫਲ ਲਗਦਾ ਹੈ ਪ੍ਰੇਮ ਦਾ, ਪਿਆਰ ਦਾ। ਜਦੋਂ ਪਿਆਰ ਦਾ ਫਲ ਲਗ ਗਿਆ, ਫੇਰ ਰੱਬ ਨੂੰ ਬੰਨਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਸੰਸਾਰ ਦੀ ਕੋਈ ਐਸੀ ਚੀਜ਼ ਨਹੀਂ ਹੈ ਜੋ ਰੱਬ ਨੂੰ ਹੱਥਕੜੀ ਲਗਾ ਦੇਵੇ, ਕੇਵਲ ਪਿਆਰ ਹੈ ਜਿਹੜਾ ਪਰਮੇਸ਼ਰ ਦੇ ਹੱਥ ਕੜੀ ਲਗਾ ਦਿੰਦਾ ਹੈ, ਉਸ ਨੂੰ ਘੇਰ ਲੈਂਦਾ ਹੈ, ਨਿਕਲਣ ਨਹੀਂ ਦਿੰਦਾ।

ਪ੍ਰੇਮੀ ਦੇ ਹਿਰਦੇ ਵਿਚੋਂ ਨਿਕਲਿਆ ਹੀ ਨਹੀਂ ਜਾਂਦਾ। ਉਥੇ ਹੀ ਰਹਿੰਦਾ ਹੈ। ਉਸਨੂੰ ਰਹਿਣਾ ਤਾਂ ਕੋਈ ਔਖਾ ਨਹੀਂ, ਉਹਦੇ ਹਿਰਦੇ ਦੇ ਦੁਆਰ ਵਿਚ ਹੀ ਰਹਿੰਦਾ ਹੈ। ਕਹਿੰਦੇ ਉਸਨੇ ਆਪਣਾ ਆਪ ਵੇਚ ਦਿੱਤਾ, ਆਪਣਾ ਆਪ ਮਨਾ ਲਿਆ। ਮਨਾਉਣ ਤੋਂ ਬਾਅਦ ਫੇਰ ਕੀ ਹੋਇਆ? ਰੱਬ ਨੇ ਫੇਰ ਕਿਥੇ ਜਾਣਾ ਸੀ ਜਦ ਉਹਦੇ ਤੇ ਹੀ ਟਿਕ ਗਿਆ।

*ਸਾਚੁ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥*
*ਤ੍ਵਪ੍ਰਸਾਦਿ ਸ੍ਵਯੇ*

ਪਿਆਰ ਹੋਣ ਤੋਂ ਬਾਅਦ 'ਪਰਾ' ਭਗਤੀ ਆਉਂਦੀ ਹੈ, ਪਰਾ ਭਗਤੀ ਵਿਚ ਕਹਿੰਦਾ – ਤੂੰਹੀ ਤੂੰ, ਤੂੰਹੀ ਤੂੰ –

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥*
*ਪੰਨਾ – 407*

ਇਸ ਤੋਂ ਬਾਅਦ ਆਉਂਦੀ ਹੈ 'ਅਪਰਾ ਭਗਤੀ'। ਅਪਰਾ ਭਗਤੀ ਉਹ ਹੁੰਦੀ ਹੈ, ਕਿ ਤੇਰੇ ਬਿਨਾਂ ਹੋਰ ਕੋਈ ਹੈ ਹੀ ਨਹੀਂ। ਨਾ ਤੂੰ ਹੈਂ ਨਾ ਮੈਂ ਹਾਂ। ਇਹ ਕੀ ਹੋ ਗਿਆ ਰੱਬਾ, ਨਾ ਤੂੰ ਰਿਹ, ਨਾਂ ਮੈਂ ਰਿਹਾ –

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥*
*ਪੰਨਾ – 1375*

ਹੁਣ ਤਾਂ –

*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥*
*ਪੰਨਾ – 969*

ਪਛਾਣ ਹੀ ਹਟ ਗਈ ਕਿ ਰਾਮ ਕਿਹੜਾ ਹੈ ਤੇ ਕਬੀਰ ਕਿਹੜਾ ਹੈ। ਜਦੋਂ 'ਅਪਰਾ' ਭਗਤੀ ਵਿਚ ਆ ਗਿਆ ਤਾਂ ਭੇਦ ਮਿਟ ਗਿਆ। ਜੀਵ ਮੁੜ ਕੇ ਪਰਮੇਸ਼ਰ ਦੇ ਵਿਚ ਲੀਨ ਹੋ ਕੇ, ਪਰਮੇਸ਼ਰ ਦਾ ਹੀ ਸਰੂਪ ਹੋ ਗਿਆ। ਅਵਸਥਾ ਕਿੱਡੀ ਹੋ ਗਈ –

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਭੇਦ ਹੀ ਨਹੀਂ ਨਿਕਲਦਾ ਕਿਧਰੇ ਵੀ। ਕਿਥੇ ਰਹਿ ਗਿਆ ਸਿੱਖ, ਕਿਧਰ ਗਿਆ ਗੁਰੂ, ਕਿਧਰ ਗਿਆ ਪਰਮੇਸ਼ਰ, ਆਪੇ ਹੀ ਪਰਮੇਸ਼ਰ ਬਣ ਗਿਆ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*
*ਪੰਨਾ – 273*

ਆਪੇ ਹੀ ਪਰਮੇਸ਼ਰ ਬਣ ਜਾਂਦਾ ਹੈ।

ਕਹਿੰਦੇ ਬੇਣੀ! ਐਸ ਤਰ੍ਹਾਂ ਭਗਤੀ ਕਰਿਆ ਕਰ ਭਾਈ, ਭਗਤੀ ਤੋਂ ਬਗੈਰ ਕੋਈ ਤਰ ਨਹੀਂ ਸਕਦਾ ਕਿਉਂਕਿ ਅੱਜ ਤੱਕ ਤੇ ਕੋਈ ਤਰਿਆ ਨਹੀਂ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਹਨ।

*ਧਾਰਨਾ – ਤਰਨ ਕੈਸੇ, ਬਿਨ ਭੈ ਭਗਤੀ –2, 4.*

*ਬਿਨੁ ਭੈ ਭਗਤੀ ਤਰਨੁ ਕੈਸੇ॥ ਪੰਨਾ – 829*

ਸੋ ਜੋ ਗੁਰੂ ਦਾ ਮੱਤ ਹੈ ਇਸ ਵਿਚ ਤਿੰਨ ਚੀਜ਼ਾਂ ਹਨ, ਬਰਤਨ ਬੈਰਾਗ, ਮੁਖ ਭਗਤੀ, ਯਾਨੀ ਮੁੱਢਲੀ ਚੀਜ਼ ਭਗਤੀ ਹੈ, ਨਿਹਚੈ ਗਿਆਨ। ਦੋਏ ਚੀਜ਼ਾਂ ਲਾਂਭੇ ਨਹੀਂ ਕਰਨੀਆਂ, ਗਿਆਨ ਵੀ ਹੈ, ਭਗਤੀ ਵੀ ਹੈ। ਸਮਰਪਣ ਹੈ ਕਿਉਂਕਿ ਸਮਰਪਣ ਤੋਂ ਬਗੈਰ ਤਰ ਨਹੀਂ ਸਕਦਾ। ਸਾਡੇ ਵਾਂਗ ਨਹੀਂ ਸੁਣਿਆ ਬੇਣੀ ਨੇ, ਆਪਣੇ ਗੁਰੂ ਤੋਂ 100% ਸ਼ਰਧਾ ਨਾਲ ਸੁਣਿਆ, ਤੇ ਹਿਰਦੇ ਦੇ ਅੰਦਰ ਪ੍ਰਕਾਸ਼ ਹੋ ਗਿਆ।

*ਬੇਣੀ ਕਉ ਗੁਰਿ ਕੀਓ ਪ੍ਰਗਾਸੁ॥ ਪੰਨਾ – 1192*

ਗੁਰੂ ਨੇ ਉਸ ਕੋਲੋਂ ਕੋਈ ਚੀਜ਼ ਛੁਪਾ ਕੇ ਨਹੀਂ ਰਖੀ, ਸਾਰੀਆਂ ਦਸ ਦਿੱਤੀਆਂ। ਸਮਝਾ ਦਿੱਤਾ।

*ਰੇ ਮਨ ਤੂ ਭੀ ਹੋਹਿ ਦਾਸੁ॥ ਪੰਨਾ – 1192*

ਮਹਾਰਾਜ ਕਹਿੰਦੇ ਉਹਨੂੰ ਤਾਂ ਪ੍ਰਕਾਸ਼ ਹੋ ਗਿਆ, ਤੇ ਤੂੰ? ਤੂੰ ਵੀ ਉਸ ਤਰ੍ਹਾਂ ਦਾ ਬਣ ਜਾ, ਤੇਰੇ ਸਾਹਮਣੇ ਗਲ ਹੋ ਰਹੀ ਹੈ। ਸੋ ਸਾਧ ਸੰਗਤ ਜੀ! ਬੇਣੀ ਨੇ ਉਸੇ ਵੇਲੇ ਤੋਂ ਬੰਦਗੀ ਕਰਨੀ ਸ਼ੁਰੂ ਕਰ ਦਿੱਤੀ, ਗਲ ਸੁਣੀ ਨਹੀਂ, ਧਾਰਨ ਕਰ ਲਈ–

*ਗੁਰਮੁਖਿ ਬੇਣੀ ਭਗਤਿ ਕਰਿ ਜਾਇ ਇਕਾਂਤ ਬਹੈ ਲਿਵ ਲਾਵੈ॥*
*ਭਾਈ ਗੁਰਦਾਸ ਜੀ ਦੀ ਵਾਰ 10/14*

ਜੰਗਲ ਵਿਚ ਇਕਾਂਤ ਵਿਚ ਚਲਾ ਜਾਂਦਾ ਹੈ ਜਿਥੇ ਖੜਕਾ ਕੋਈ ਨਹੀਂ ਹੁੰਦਾ।

ਦੋ ਮਾਰਗ ਹਨ – ਗਿਆਨ ਮਾਰਗ ਵੀ ਹੈ, ਸ਼ਬਦ ਸੁਰਤ ਮਾਰਗ ਵੀ ਹੈ। ਸ਼ਬਦ ਸੁਰਤ ਦੇ ਮਾਰਗ ਅੰਦਰ ਜਦੋਂ ਆਦਮੀ ਨੂੰ ਨਾਦ ਸੁਣਦਾ ਹੈ ਉਸ ਵੇਲੇ ਉਸਨੂੰ ਖੜਕਾ ਦੜਕਾ ਚੰਗਾ ਨਹੀਂ ਲਗਦਾ ਕਿਉਂਕਿ ਉਸ ਨਾਲ ਬਿਰਤੀ ਲੱਗੀ ਹੁੰਦੀ ਹੈ ਤੇ ਹੌਲੀ ਹੌਲੀ ਸ਼ਬਦ ਬਦਲਦਾ ਟੁਰਿਆ ਚਲਾ ਜਾਂਦਾ ਹੈ, ਬਦਲਦੇ ਬਦਲਦੇ ਪਹੁੰਚ ਇਹ ਵੀ ਉਥੇ ਜਾਂਦੀ ਹੈ, ਵਿਵੇਕ ਮੰਡਲ ਵਿਚ ਇਹ ਲੈ ਜਾਂਦੀ ਹੈ। ਜੇ ਵਿਵੇਕ ਮੰਡਲ ਵਿਚ ਕਚੀ ਬੁਨਿਆਦ ਰਹਿ ਜਾਏ ਤਾਂ ਗੱਲਾਂ ਦਾ ਗਿਆਨੀ ਬਣ

ਜਾਂਦਾ ਹੈ। ਮੁਖ ਗਿਆਨੀ ਨੂੰ ਮਹਾਰਾਜ ਨੇ ਜਿਉਂਦਿਆਂ ਵਿਚ ਨਹੀਂ ਗਿਣਿਆ, ਬਲਕਿ ਮਰਿਆਂ ਹੋਇਆਂ ਵਿਚ ਗਿਣਿਆ ਹੈ-

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***
***ਪੰਨਾ - 253***

ਜੇਕਰ ਪ੍ਰੀਤ ਨਾਲ ਗਿਆਨ ਹਾਸਲ ਨਹੀਂ ਹੋਇਆ ਤਾਂ ਤੇ ਮੁਰਦਾ ਹੈ ਕਿਉਂਕਿ ਨਾਮ ਅਜੇ ਹਿਰਦੇ ਵਿਚ ਵਸਿਆ ਨਹੀਂ।

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕੁ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥ ਪੰਨਾ - 142***

ਸੋ ਸਾਧ ਸੰਗਤ ਜੀ! ਬੇਣੀ ਦੀ ਬਿਰਤੀ ਨਾਮ ਨਾਲ ਲਗ ਗਈ। ਅਸਰ ਕੀ ਹੋਇਆ ਕਿ ਬਹੁਤ ਨਾਮ ਜੱਪਣ ਲਗ ਪਿਆ। ਦਿਨੇ ਰਾਤੀ ਲਿਵ ਲਗ ਗਈ, ਕਾਰੋਬਾਰ ਛੱਡ ਦਿੱਤੇ, ਕੰਮ ਕੋਈ ਨਹੀਂ ਕਰਦਾ।

***ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਲਖੁ ਲਖਾਵੈ॥***
***ਭਾਈ ਗੁਰਦਾਸ ਜੀ ਦੀ ਵਾਰ 10/14***

ਦੂਜਿਆਂ ਨੂੰ ਦਸਦਾ ਨਹੀਂ ਹੈ। ਇਥੇ ਤਾਂ ਮਾੜੀ ਜਿਹੀ ਗੱਲ ਹੋਵੇ ਤਾਂ ਕਹਿੰਦੇ ਅਖਬਾਰ ਵਿਚ ਕਢਾ ਦਿਓ, ਮੇਰੇ ਨਾਲ ਇਹੋ ਜਿਹਾ ਕੌਤਕ ਵਰਤਿਆ ਹੈ, ਮੇਰੀ ਬਿਰਤੀ ਤਾਂ ਫਲਾਣੀ ਥਾਂ ਪਹੁੰਚ ਗਈ। ਦੂਜੇ ਪਰੇਸ਼ਾਨ ਹੋ ਜਾਂਦੇ ਹਨ ਕਿਉਂਕਿ ਆਪਨੂੰ ਪੂਰੇ ਰਾਹ ਦਾ ਪਤਾ ਨਹੀਂ ਹੈ, ਦੂਜੇ ਜਗਿਆਸੂ ਨੂੰ ਪਤਾ ਲਗਦਾ ਹੈ ਉਹ ਦੁਬਿਧਾ ਵਿਚ ਪੈ ਜਾਂਦਾ ਹੈ ਕਿ ਅਸੀਂ ਤਾਂ ਏਥੇ ਪਹੁੰਚੇ ਹੀ ਨਹੀਂ। ਏਥੇ ਤਾਂ ਅਸੰਖ ਭਾਵ ਹਨ।

***ਅਸੰਖ ਜਪ ਅਸੰਖ ਭਾਉ॥ ਪੰਨਾ - 3***

ਇਕ ਭਾਉ ਨਹੀਂ ਹੈ, ਅਸੰਖਾਂ ਭਾਉ ਹਨ, ਅਸੰਖਾਂ ਤਰੀਕੇ ਹਨ, ਗਿਣਤੀ ਤੋਂ ਬਾਹਰ ਹਨ।

ਆਪਣੇ ਆਪਣੇ ਤਰੀਕੇ ਨਾਲ ਸਭ ਚੜ੍ਹ ਜਾਂਦੇ ਹਨ। ਸੋ ਇਸ ਤਰ੍ਹਾਂ ਉਸ ਅਲਖ ਨੂੰ ਕੋਈ ਲੱਖ ਨਹੀਂ ਸਕਦਾ। ਜਦੋਂ ਬੇਣੀ ਘਰ ਆ ਜਾਂਦਾ ਹੈ ਤਾਂ ਘਰਵਾਲੀ ਕਹਿੰਦੀ ਕਿ ਰੋਟੀ ਪਾਣੀ ਦਾ ਕੁਝ ਸੋਚਿਐ ਤੂੰ? ਨਾ ਅਜ ਘਰ ਵਿਚ ਲਕੜਾਂ ਹਨ, ਨਾ ਆਟਾ ਹੈ, ਨਾ ਲੂਣ ਮਿਰਚ ਹੈ, ਨਾ ਕੋਈ ਸਬਜ਼ੀ ਹੈ, ਦੱਸ ਮੈਂ ਕੀ ਕਰਾਂ? ਪੜੋਸੀਆਂ ਤੋਂ ਮੰਗ ਮੰਗ ਕੇ ਮੈਂ ਥੱਕ ਗਈ, ਹੁਣ ਕੋਈ ਉਧਾਰ ਵੀ ਨਹੀਂ ਦਿੰਦਾ। ਤੁਸੀਂ ਤਾਂ ਕੋਈ ਕੰਮ ਨਹੀਂ ਕਰਦੇ। ਕੁਛ ਤਾਂ ਕਰਨਾ ਚਾਹੀਦਾ ਹੈ। ਬੇਣੀ ਕਹਿਣ ਲੱਗਾ ਕਿ ਜਿਹੜਾ ਸਭ ਤੋਂ ਵੱਡਾ ਰਾਜਾ ਹੈ ਮੈਂ ਉਹਦੇ ਕੋਲ ਜਾਂਦਾ ਹਾਂ। ਉਥੇ ਮੈਂ ਕਥਾ ਕਰਦਾ ਹੁੰਦਾ ਹਾਂ। ਜਦੋਂ ਕਥਾ ਦਾ ਭੋਗ ਪੈ ਜਾਊ, ਰਾਜਾ ਪ੍ਰਸੰਨ ਹੋ ਜਾਏਗਾ। ਉਦੋਂ ਸਭ ਕੁਝ ਦੇਵੇਗਾ, ਤੂੰ ਐਵੇਂ ਕਾਹਲੀ ਕਰਦੀ ਹੈਂ। ਤੂੰ ਲੋਕਾਂ ਤੋਂ ਲੈ ਹੀ ਆ ਮੰਗ ਕੇ। ਕਹਿਣ ਲੱਗੀ ਹੁਣ ਮੈਨੂੰ ਨਹੀਂ ਕੋਈ ਦਿੰਦਾ।

***ਘਰਿ ਆਇਆ ਜਾ ਪੁਛੀਐ ................॥***
***ਭਾਈ ਗੁਰਦਾਸ ਜੀ ਦੀ ਵਾਰ 10/14***

ਕਹਿੰਦੀ ਕਿਥੋਂ ਆਇਆ ਹੈਂ? ਘਰ ਦੇ ਫਲਾਣੇ ਫਲਾਣੇ ਕੰਮ ਕਰਨੇ ਸਨ ਸਭ ਰਹਿ ਗਏ। ਫਲਾਣੀ ਚੀਜ਼ ਲਿਆਉਣੀ ਸੀ, ਫਲਾਣੇ ਨੂੰ ਮਿਲਣਾ ਸੀ। ਬੇਣੀ ਗੱਲ ਖੁਲ੍ਹ ਕੇ ਤਾਂ ਕਹਿੰਦਾ ਨਹੀਂ ਸੀ, ਅੰਦਰ ਉਸਦੇ ਵਿਸ਼ਵਾਸ ਸੀ।

***ਧਾਰਨਾ - ਰੋਜ਼ੀ ਦੇਂਦਾ ਹੈ ਪੱਥਰ ਦੇ ਕੀੜੇ ਨੂੰ***
***ਤੈਨੂੰ ਕਿਉਂ ਨਾ ਦੇਵੇ ਬੰਦਿਆ -2, 2.***
***ਤੈਨੂੰ ਕਿਉਂ ਨਾ ਜੀ ਦੇਵੇ ਬੰਦਿਆ -2, 2.***
***ਰੋਜ਼ੀ ਦੇਂਦਾ ਹੈ ਪੱਥਰ ਦੇ ਕੀੜੇ ਨੂੰ,.... -2.***

***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਪੰਨਾ - 10***

ਕਹਿਣ ਲੱਗਾ, ਰੋਜ਼ੀ ਤਾਂ ਪਰਮੇਸ਼ਰ ਨੇ ਸਭ ਨੂੰ ਦੇਣੀ ਹੈ, ਦੇਰ ਹੈ ਅੰਧੇਰ ਨਹੀਂ। ਸੋ ਘਰਵਾਲੀ ਨੂੰ ਗੱਲਾਂ ਨਾਲ ਟਾਲੀ ਜਾਂਦਾ ਹੈ। ਸਾਧ ਸੰਗਤ ਜੀ! ਭੁਖ ਨੂੰ ਮਹਾਰਾਜ ਨੇ ਬਹੁਤ ਵੱਡਾ ਦੁਖ ਲਿਖਿਆ ਹੈ।

***ਦੁਖੁ ਵਿਛੋੜਾ ਇਕੁ ਦੁਖੁ ਭੂਖ॥ ਪੰਨਾ - 1256***

ਚਾਰ ਦੁਖ ਹਨ।

***ਇਕੁ ਦੁਖੁ ਸਕਤਵਾਰ ਜਮਦੂਤ॥***
***ਇਕੁ ਦੁਖੁ ਰੋਗੁ ਲਗੈ ਤਨਿ ਧਾਇ॥***
***ਵੈਦ ਨ ਭੋਲੇ ਦਾਰੂ ਲਾਇ॥ ਪੰਨਾ - 1256***

ਸਰੀਰ ਨੂੰ ਐਸਾ ਰੋਗ ਲਗ ਜਾਏ ਜਿਸ ਦਾ ਕੋਈ ਦਾਰੂ ਹੀ ਨਾ ਹੋਵੇ। ਇਹਨਾਂ ਵਿਚ ਭੁਖ ਵੀ ਦੁਖ ਹੈ। ਘਰ ਵਿਚ ਕਲੇਸ਼ ਪਿਆ ਰਹਿੰਦਾ ਹੈ, ਜਿਸ ਘਰ ਦਾ ਖਰਚਾ ਨਾ ਚਲੇ, ਵਿਕਸ਼ੇਪਤਾ ਆ ਜਾਂਦੀ ਹੈ। ਕਲਜੁਗ ਉਥੇ ਤਾਂਡਵ ਨਾਚ ਕਰਨ ਲੱਗ ਜਾਂਦਾ ਹੈ। ਪੁਤਰ ਪਿਉ ਦਾ ਕਹਿਣਾ ਨਹੀਂ ਮੰਨਦਾ, ਇਸਤਰੀ ਪਤੀ ਦਾ ਕਹਿਣਾ ਨਹੀਂ ਮੰਨਦੀ। ਘਰ ਵਿਚ ਕੋਈ ਚੀਜ਼ ਨਜ਼ਰ ਨਹੀਂ ਆਉਂਦੀ, ਲੋੜਾਂ ਪੂਰੀਆਂ ਨਹੀਂ ਹੁੰਦੀਆਂ। ਬੇਣੀ ਐਸੇ ਰੌਲੇ ਵਿਚ ਅਧਿਆਤਮੀ ਕਰਮ ਕਰਦਾ ਹੈ। ਅਧਿਆਤਮੀ ਕਰਮ, ਅਧਿਆਤਮ ਦੀ ਬਾਤ ਦੇ ਕਰਮਾਂ ਨੂੰ ਕਹਿੰਦੇ ਹਨ ਜੋ ਕਿ ਬਹੁਤ ਕਿਸਮ ਦੇ ਹੁੰਦੇ ਹਨ ਤੇ ਫਲ ਵੀ ਵਖਰੇ ਵਖਰੇ ਹੁੰਦੇ ਹਨ। ਸੋ ਬੇਣੀ ਜੰਗਲਾਂ ਵਿਚ ਚਲਾ ਜਾਂਦਾ ਹੈ ਤੇ ਇਕ ਮਨ ਹੋ ਕੇ ਨਾਮ ਜਪਦਾ ਹੈ। ਇਸ ਤਰ੍ਹਾਂ ਨਹੀਂ ਕਿ ਘਰ ਦੀ ਗਰੀਬੀ ਦੇ ਫੁਰਨੇ ਆਉਂਦੇ ਹਨ। ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ।

***ਧਾਰਨਾ - ਨਾਮ ਜਪਦੈ ਪ੍ਰਭ ਜੀ ਦਾ ਪਿਆਰਿਓ***
***ਚਿਤ ਨੂੰ ਇਕਾਗਰ ਕਰਕੇ -2, 2.***
***ਚਿਤ ਨੂੰ ਇਕਾਗਰ ਕਰਕੇ ਪਿਆਰੇ -2, 2.***
***ਨਾਮ ਜਪਦੈ ਵਾਹਿਗੁਰੂ ਦਾ ਪਿਆਰਿਓ,............ -2.***

***ਵਡਾ ਸਾਂਗੁ ਵਰੱਤਦਾ ਓਹੁ ਇਕ ਮਨਿ ਪਰਮੇਸਰੁ ਧਿਆਵੈ॥***
***ਭਾਈ ਗੁਰਦਾਸ ਜੀ ਦੀ ਵਾਰ 10/14***

ਦੇਖੋ ਕਿੰਨੀ ਔਖੀ ਗੱਲ ਹੈ। ਭਾਈ ਸਾਹਿਬ ਇਥੇ ਬਹੁਤ ਪਤੇ ਦੀ ਗਲ ਕਹਿ ਰਹੇ ਹਨ ਕਿ ਘਰ ਦੇ ਵਿਚ ਤੰਗੀ ਹੋਵੇ, ਲੋੜਾਂ ਹੋਣ, ਪੈਸੇ ਕੋਲ ਨਾ ਹੋਣ, ਪਹਿਨਣ ਵਾਸਤੇ ਕੱਪੜਾ ਨਹੀਂ, ਘਰ ਸਬਜ਼ੀ ਨਹੀਂ, ਲੂਣ ਨਹੀਂ, ਆਟਾ ਨਹੀਂ; ਘਰਵਾਲੀ ਵਿਚਾਰੀ ਕੀ ਕਰੇਗੀ, ਘਰ ਜਾਂਦਿਆਂ ਰੋਟੀ ਪਿਛੇ ਫੇਰ ਕਲੇਸ਼ ਪੈਣਾ ਹੈ। ਜੇ ਕਿਸੇ ਦੇ ਗਲ ਜ਼ਰਾ ਜਿੰਨਾਂ ਵੀ ਕੋਈ ਕਲੇਸ਼ ਪੈ ਜਾਵੇ ਉਹ ਨਾਮ ਜਪ ਕੇ ਦਿਖਾਵੇ; ਕੋਈ ਵਿਰਲਾ ਪੁਰਸ਼ ਹੀ ਹੋਵੇਗਾ।

ਸੋ ਬੇਣੀ ਇਕਾਂਤ ਜਗ੍ਹਾ ਤੇ ਚਲਾ ਜਾਂਦਾ ਹੈ, ਜਿਥੇ ਨਾਮ ਦੀ ਧੁਨੀ ਵਿਚ ਰਹਿ ਸਕੇ। ਜਿਸ ਤਰ੍ਹਾਂ ਨਾਮ ਜਪਦਾ ਹੈ, ਕਿਸੇ ਨੂੰ ਨਹੀਂ ਦਸਦਾ ਕਿ ਮੈਂ ਸਵਾਸ ਸਵਾਸ ਨਾਮ ਜਪਦਾ ਹਾਂ, ਨਾਭੀ ਵਿਚ ਜਪਦਾ ਹਾਂ ਜਾਂ ਆਗਿਆ ਚੱਕਰ ਵਿਚ ਜਪਦਾ ਹਾਂ ਜਾਂ ਤ੍ਰਿਕੁਟੀ ਵਿਚ ਜਪਦਾ ਹਾਂ ਜਾਂ ਦਸਵੇਂ ਦੁਆਰ ਵਿਚ ਜਪਦਾ ਹਾਂ। ਕਿਸੇ ਨੂੰ ਦਸਦਾ ਹੀ ਨਹੀਂ, ਭੇਤ ਹੀ ਨਹੀਂ ਦਿੰਦਾ, ਏਥੋਂ ਤਕ ਕਿ ਨਾਂ ਘਰਵਾਲੀ ਨੂੰ ਪਤਾ ਹੈ, ਨਾ ਮਾਂ ਨੂੰ ਪਤਾ ਹੈ, ਪਰਵਾਰ ਨੂੰ ਵੀ ਨਹੀਂ ਪਤਾ। ਰੋਜ਼ ਚਲਾ ਜਾਂਦਾ ਹੈ। ਜਦੋਂ ਵਾਪਸ ਆਉਂਦਾ ਹੈ ਤਾਂ ਮਾਂ ਵੀ, ਘਰਵਾਲੀ ਵੀ ਪੁਛਦੀ ਹੈ ਕਿ ਤੂੰ ਕਿਥੋਂ ਆਇਆ ਹੈਂ? ਕੋਈ ਕਮਾਈ ਕਰਿਆ ਕਰ, ਕਿੰਨੇ ਦਿਨ ਹੋ ਗਏ ਤੈਨੂੰ ਵਿਹਲੇ ਫਿਰਦੇ ਨੂੰ, ਤੂੰ ਇਕੱਲਾ ਤਾਂ ਹੈਂ ਕਮਾਈ ਕਰਨ ਵਾਲਾ। ਕਮਾ ਕੇ ਲਿਆ, ਤਾਂ ਹੀ ਘਰ ਦਾ ਗੁਜ਼ਾਰਾ ਚਲੇ। ਜਦੋਂ ਉਸਨੂੰ ਬਾਰ ਬਾਰ ਪੁਛੀ ਜਾਂਦੇ ਹਨ ਪੁਛੀ ਜਾਂਦੇ ਹਨ ਤਾਂ ਬੇਣੀ ਕਹਿਣ ਲੱਗਾ, ਮਾਤਾ! ਮੈਂ ਤਾਂ ਚਾਕਰੀ ਕਰ ਰਿਹਾ ਹਾਂ। ਮਾਤਾ ਨੇ ਕਿਹਾ ਕਿ ਉਹ ਕੈਸਾ ਹੈ ਜਿਸਦੀ ਤੂੰ ਚਾਕਰੀ ਕਰ ਰਿਹਾ ਹੈਂ? ਉਹ ਤੇਰੇ ਕੋਲੋ ਚਾਕਰੀ ਤਾਂ ਕਰਾਈ ਜਾਂਦਾ ਹੈ ਪਰ ਤੈਨੂੰ ਖਾਣ ਪੀਣ ਨੂੰ ਤੇ ਕੁਝ ਨਹੀਂ ਦਿੰਦਾ ਇਹ ਤਾਂ ਦੱਸ ਉਹ ਕੌਣ ਹੈ? ਬੇਣੀ ਕਹਿਣ ਲੱਗਾ ਕਿ ਮੈਂ ਉਹਦੇ ਬਾਰੇ ਦਸ ਹੀ ਨਹੀਂ ਸਕਦਾ, ਮੈਂ ਕੀ, ਸਾਰਾ ਸੰਸਾਰ ਹੀ ਉਸ ਰਾਜੇ ਬਾਰੇ ਨਹੀਂ ਦਸ ਸਕਦਾ, ਇਸ ਤਰ੍ਹਾਂ ਨਾਲ ਕਹਿੰਦਾ ਹੈ –

***ਧਾਰਨਾ – ਤਿੰਨਾਂ ਲੋਕਾਂ ਦਾ ਪਤੀ ਪਰਮਾਤਮਾ***
***ਉਸ ਦੀ ਮੈਂ ਕਰਾਂ ਚਾਕਰੀ –2, 2.***
***ਵਾਹਵਾ-ਵਾਹਵਾ, ਬਈ ਉਸ ਦੀ ਮੈਂ ਕਰਾਂ ਚਾਕਰੀ –2***
***ਤਿੰਨਾਂ ਲੋਕਾਂ ਦਾ ਪਤੀ ਪਰਮਾਤਮਾ,..... –2.***

ਮਾਂ ਮੈਂ ਕੀ ਦਸਾਂ, ਉਹਦੇ ਬਾਰੇ ਅੱਜ ਤਕ ਦੁਨੀਆਂ ਵਿਚ ਕੋਈ ਆਇਆ ਹੀ ਨਹੀਂ ਜਿਹੜਾ ਦਸ ਸਕੇ, ਪਰ ਮੈਨੂੰ ਇਸ ਤਰ੍ਹਾਂ ਦਸਿਆ ਹੈ ਕਿ ਉਹਦਾ ਰਾਜ ਤਿੰਨਾਂ ਲੋਕਾਂ ਵਿਚ ਚਲਦਾ ਹੈ। ਆਹ ਜਿਹੜੀਆਂ ਕ੍ਰੋੜਾਂ, ਅਰਬਾਂ, ਖਰਬਾਂ ਸ੍ਰਿਸ਼ਟੀਆਂ ਵੀ ਦਿਸਦੀਆਂ ਹਨ ਜਿਸ ਨੂੰ ਪਦਾਰਥਕ ਸੰਸਾਰ ਕਹਿੰਦੇ ਹਨ, ਇਸ ਤੋਂ ਅੱਗੇ ਜਿਹੜੀ ਸੂਖਸ਼ਮ ਪਦਾਰਥ ਦੀ ਦੁਨੀਆਂ ਹੈ ਜਿਸ ਨੂੰ ਦੇਵੀ ਦੇਵਤੇ ਕਹਿੰਦੇ ਹਨ, ਬੈਕੁੰਠ ਧਾਮ ਤਾਈਂ ਸਾਰਿਆਂ ਦੇ ਉਤੇ ਜਿਹੜਾ ਚੇਤਨ ਮੰਡਲ ਹੈ ਤੇ ਉਹਦੇ ਵਿਚ ਕਹਿੰਦੇ ਤਿੰਨਾਂ ਲੋਕਾਂ ਦਾ ਪਤੀ ਹੈ। ਸੋ ਮਾਤਾ ਮੈਂ ਉਸਦੀ ਨੌਕਰੀ ਕਰਦਾ ਹਾਂ, ਉਹ ਬਹੁਤ ਵੱਡਾ ਹੈ ਤੇ ਮੈਨੂੰ ਪਤਾ ਲਗਿਆ ਹੈ ਕਿ

***ਜਾਂ ਚੈ ਘਰਿ ਕੂਰਮਾ ਪਾਲੁ ਸਹਸ੍ਰ ਫਨੀ ਬਾਸਕੁ ਸੇਜ ਵਾਲੂਆ॥***
***ਪੰਨਾ – 1292***

ਕਹਿੰਦੇ ਹਜ਼ਾਰਾਂ ਫਨਾਂ ਵਾਲਾ ਨਾਗ ਉਸਦੀ ਸੇਜਾ ਬਣਿਆ ਹੋਇਆ ਹੈ।

***ਅਠਾਰਹ ਭਾਰ ਬਨਾਸਪਤੀ ਮਾਲਣੀ***
***ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ॥***
***ਪੰਨਾ – 1292***

ਕਹਿੰਦੇ ਉਹਦੇ ਕੋਲ ਪਾਣੀ ਦੇਣ ਵਾਲੇ ਛਿਆਨਵੇਂ ਕ੍ਰੋੜ ਚਾਕਰ ਹਨ। ਏਥੇ ਤਾਂ ਪਾਣੀ ਦੇਣ ਵਾਲਾ ਇਕ ਹੀ ਹੁੰਦਾ ਹੈ।

***ਨਖ ਪ੍ਰਸੇਵ ਜਾ ਚੈ ਸੁਰਸਰੀ॥ ਪੰਨਾ – 1292***

ਉਹਦੇ ਇਕ ਨਹੁੰ ਵਿਚੋਂ ਪਸੀਨਾ ਚੋ ਕੇ ਸਾਰੇ ਦਰਿਆ ਬਣ ਗਏ।

***ਸਪਤ ਸਮੁੰਦ ਜਾਂ ਚੈ ਘੜਥਲੀ॥ ਪੰਨਾ – 1292***

ਜਿਹੜੇ ਸੱਤ ਸਮੁੰਦਰ ਹਨ ਕਹਿੰਦੇ ਉਹ ਉਹਦੇ ਪਾਣੀ ਰੱਖਣ ਵਾਲੇ ਘੜੇ ਹਨ।

***ਏਤੇ ਜੀਅ ਜਾਂ ਚੈ ਵਰਤਣੀ॥ ਪੰਨਾ – 1292***

ਇਕ ਤੇ ਨਹੀਂ ਮਾਂ! ਬੇਅੰਤ ਪੀਰ ਪੈਗੰਬਰ ਰਿਸ਼ੀ ਮੁਨੀ ਔਲੀਏ, ਵੱਡੇ ਵੱਡੇ ਅਵਤਾਰ, ਸਾਰੇ ਉਹਦੇ ਦਰ ਤੇ ਖੜ੍ਹੇ ਹਨ ਤੇ ਉਹ ਐਸਾ ਹੈ –

***ਏਤੇ ਜੀਅ ਜਾਂ ਚੈ ਵਰਤਣੀ॥***
***ਸੁੋ ਐਸਾ ਰਾਜਾ ਤ੍ਰਿਭਵਣ ਧਣੀ॥ ਪੰਨਾ – 1292***

ਮੇਰਾ ਉਹ ਰਾਜਾ ਹੈ ਜਿਸਦੀ ਮੈਂ ਚਾਕਰੀ ਕਰਦਾ ਹਾਂ, ਉਹ ਸਾਰੇ ਰਾਜਿਆਂ ਦਾ ਰਾਜਾ ਹੈ।

***ਤਿਸੁ ਬਿਨੁ ਅਵਰੁ ਨ ਕੋਈ ਰਾਜਾ***
***ਕਰਿ ਤਪਾਵਸੁ ਬਣਤ ਬਣਾਈ॥ ਪੰਨਾ – 912***

ਕੇਵਲ ਦੋ ਰਾਜੇ ਹੁੰਦੇ ਹਨ – ਇਕ ਤਾਂ ਉਹ ਪ੍ਰਮੇਸ਼ੁਰ ਰਾਜਾ ਹੈ, ਦੂਜਾ ਭਗਤ ਰਾਜਾ ਹੈ –

***ਜਿਸ ਨੋ ਬਖਸੇ ਸਿਫਤਿ ਸਾਲਾਹ॥***
***ਨਾਨਕ ਪਾਤਿਸਾਹੀ ਪਾਤਿਸਾਹੁ॥ ਪੰਨਾ – 5***

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨ ਭਿੰਨਾ॥***
***ਪੰਨਾ – 707***

ਮਾਤਾ! ਜਿਨ੍ਹਾਂ ਨੂੰ ਸੰਸਾਰ ਰਾਜੇ ਕਹਿੰਦਾ ਹੈ ਉਹ ਕੋਈ ਰਾਜੇ ਨਹੀਂ –

***ਕੋਊ ਹਰਿ ਸਮਾਨਿ ਨਹੀ ਰਾਜਾ॥***
***ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥***
***ਪੰਨਾ – 856***

ਇਹਨਾਂ ਦਾ ਕਹਿਆ ਤਾਂ ਪਰਜਾ ਹੀ ਨਹੀਂ ਮੰਨਦੀ। ਜਿਹੜੇ ਏਥੇ ਸਾਧੂ ਰਾਜੇ ਹਨ –

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ – 186***

ਉਹਦਾ ਤਾਂ ਧਰਮਰਾਜਾ ਵੀ ਹੁਕਮ ਮੰਨਦਾ ਹੈ। ਜੇਕਰ ਪਾਣੀ ਨੂੰ ਹਾਕ ਮਾਰ ਦੇਣ ਕਿ ਅਸੀਂ ਲੰਘਣਾ ਹੈ, ਰਸਤਾ ਦੇ ਦੇ। ਪਾਣੀ ਹਟ ਜਾਂਦਾ ਹੈ, ਜੇਕਰ ਅੱਗ ਵਿਚੋਂ ਲੰਘਣਾ ਹੈ, ਤਾਂ ਅੱਗ ਹੱਟ ਜਾਂਦੀ ਹੈ। ਸੋ ਮੇਰਾ ਇਹੋ ਜਿਹਾ ਰਾਜਾ ਹੈ ਮਾਂ, ਮੈਂ ਤੈਨੂੰ ਕਿੰਨੀਆਂ ਕੁ ਗੱਲਾਂ ਦਸੀ ਜਾਵਾਂ।

***ਤਿਸੁ ਬਿਨੁ ਅਵਰੁ ਨ ਕੋਈ ਰਾਜਾ***
***ਕਰਿ ਤਪਾਵਸੁ ਬਣਤ ਬਣਾਈ॥***
***ਨਿਆਉ ਤਿਸੈ ਕਾ ਹੈ ਸਦ ਸਾਚਾ***
***ਵਿਰਲੇ ਹੁਕਮੁ ਮਨਾਈ॥***
***ਤਿਸ ਨੋ ਪ੍ਰਾਣੀ ਸਦਾ ਧਿਆਵਹੁ***
***ਜਿਨਿ ਗੁਰਮੁਖਿ ਬਣਤ ਬਣਾਈ॥ ਪੰਨਾ – 912***

ਮਾਂ ਇਹ ਸਭ ਸੁਣ ਕੇ ਚੁਪ ਕਰ ਗਈ ਤੇ ਪੁਛਣ ਲੱਗੀ ਕਿ ਉਸ ਰਾਜੇ ਨੇ ਤੇਰੀ ਕੋਈ ਤਨਖਾਹ ਵੀ ਬੰਨੀ ਹੈ ਜਾਂ ਨਹੀਂ। ਕਹਿਣ ਲੱਗਾ, ਉਹ ਬਿਨ ਬੋਲਿਆਂ ਸਭ ਕੁਝ ਜਾਣਦਾ ਹੈ, ਅਣ-ਮੰਗਿਆਂ ਦਾਨ ਦਿੰਦਾ ਹੈ। ਮਾਤਾ! ਕੀ ਪਤਾ ਮੈਂ ਥੋੜ੍ਹਾ ਮੰਗ ਲਵਾਂ ਪਰ ਉਹ ਬਹੁਤਾ ਦੇਣਾ ਚਾਹੁੰਦਾ ਹੋਵੇ? ਮਾਂ ਕਹਿਣ ਲੱਗੀ ਕਿ ਅਸੀਂ ਤਾਂ ਭੁੱਖੇ ਹੀ ਮਰ ਗਏ, ਉਹ ਰਾਜਾ ਕੁਝ ਦੇਣ ਵਿਚ ਹੀ ਨਹੀਂ ਆਉਂਦਾ, ਬੇਣੀ। ਇਹ ਗੱਲ ਤਾਂ ਕੁਝ ਬਣਦੀ ਨਹੀਂ।

ਅਖੀਰ ਐਸੀ ਬਾਤ ਹੋਈ ਕਿ ਘਰ ਵਿਚ ਐਨੀ ਜ਼ਿਆਦਾ ਕਲ੍ਹਾ ਪਈ ਬੇਣੀ ਦੀ ਮਾਂ ਨੇ ਪੱਕੇ ਹੋ ਕੇ ਪੁਛਿਆ ਕਿ ਦੱਸ ਤੂੰ ਜਾਂਦਾ ਕਿਥੇ ਹੈਂ? ਸਾਨੂੰ ਪਤਾ ਨਹੀਂ ਲਗਦਾ, ਇਹੋ ਜਿਹਾ ਰਾਜਾ ਹੈ ਕਿਥੇ? ਮਾਂ ਮੈਂ ਕੀ ਦਸਾਂ ਤੈਨੂੰ, ਉਹ ਰਾਜਾ ਤਾਂ ਹਰ ਥਾਂ ਤੇ ਹੈ, ਜਿਥੇ ਚਾਹੋ ਦੇਖ ਲਓ, ਹਰ ਥਾਂ ਤੇ ਹੀ ਹੈ। ਉਸ ਦਿਨ ਮਾਤਾ ਨੇ ਇਹ ਗੱਲ ਕਹਿ ਦਿੱਤੀ ਕਿ ਜੇ ਅੱਜ ਤੂੰ ਕੁਝ ਲੈ ਕੇ ਨਾ ਆਇਆ ਤਾਂ ਘਰ ਨਾ ਆਈਂ ਬਿਲਕੁਲ। ਫੇਰ ਆਪਣੇ ਰਾਜੇ ਕੋਲ ਹੀ ਰਹੀਂ। ਐਸਾ ਰਾਜਾ ਕਿਹੜਾ ਹੈ? ਉਸਨੂੰ ਪਤਾ ਨਹੀਂ ਕਿ ਅਸੀਂ ਭੁਖੇ ਮਰਦੇ ਹਾਂ, ਸਾਡੇ ਕੋਲ ਖਾਣ ਨੂੰ ਕੁਝ ਨਹੀਂ? ਫੇਰ ਤੂੰ ਕਹਿੰਦਾ ਹੈਂ ਕਿ ਉਹ ਸਭ ਕੁਝ ਜਾਣਦਾ ਹੈ। ਮਾਤਾ ਨੇ ਐਸੀਆਂ ਗੱਲਾਂ ਕਹੀਆਂ ਕਿ ਬੇਣੀ ਦੇ ਹਿਰਦੇ ਵਿਚ ਉਦਾਸੀ ਆ ਗਈ। ਲੇਕਿਨ ਫਿਰ ਵੀ ਬੇਣੀ ਦੂਰ ਜੰਗਲ ਵਿਚ ਚਲਾ ਗਿਆ। ਮਨ ਵਿਚ ਸੋਚਿਆ ਕਿ ਜੇ ਮਾਂ ਵੀ ਗੁੱਸੇ ਹੁੰਦੀ ਹੈ, ਘਰ ਵਾਲੀ ਵੀ ਗੁੱਸੇ ਹੁੰਦੀ ਹੈ, ਆਪਾਂ ਘਰ ਜਾਂਦੇ ਹੀ ਨਹੀਂ। ਉਥੇ ਬੈਠ ਕੇ ਪ੍ਰਭੂ ਦਾ ਨਾਮ ਜੱਪਣ ਲਗ ਪਿਆ। ਕੋਈ ਫੁਰਨਾ ਨਹੀਂ ਆ ਰਿਹਾ ਕਿ ਘਰ ਵਾਲਿਆਂ ਨੇ ਮੈਨੂੰ ਕੀ ਕੀ ਕਿਹਾ ਹੈ ਕਿਉਂਕਿ ਜਿਹੜਾ ਫੁਰਨੇ ਵਾਲਾ ਨਾਮ ਹੈ, ਉਹ ਨਾਮ ਨਹੀਂ ਹੁੰਦਾ। ਸਾਧ ਸੰਗਤ ਜੀ, ਨਾਮ ਉਹ ਹੁੰਦਾ ਹੈ ਜਿਥੇ ਚਿਤ ਦੀ ਇਕਾਗਰਤਾ ਹੋਵੇ। ਸੋ ਬੇਣੀ ਚਿਤ ਨੂੰ ਇਕਾਗਰ ਕਰਕੇ ਨਾਮ ਜਪਦਾ ਹੈ। ਮਹਾਰਾਜ ਕਹਿੰਦੇ ਹਨ -

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥***
***ਸਾਵਧਾਨ ਏਕਾਗਰ ਚੀਤ॥*** ***ਪੰਨਾ - 295***

'ਸਾਵਧਾਨ' ਫੌਜੀ ਅੱਖਰ ਹੈ। ਜੇ ਕਮਾਂਡਰ ਹੁਕਮ ਦੇ ਦੇਵੇ- 'ਸਾਵਧਾਨ', ਫਿਰ ਨਾ ਕੋਈ ਹੱਥ ਹਿਲਾਵੇ ਨਾ ਪੈਰ ਹਲਾਵੇ, ਨਾਂ ਕੋਈ ਇਧਰ ਉਧਰ ਦੇਖ ਸਕਦਾ ਹੈ। ਕੇਵਲ ਸਾਵਧਾਨ ਹੋਣ ਨਾਲ ਗੱਲ ਨਹੀਂ ਬਣਦੀ। ਨਾਲ ਚਿਤ ਵੀ ਇਕਾਗਰ ਹੋਣਾ ਚਾਹੀਦਾ ਹੈ। ਚਿਤ ਤਾਂ ਫਟਾ ਫਟ ਏਧਰ ਉਧਰ ਦੌੜ ਜਾਂਦਾ ਹੈ। ਚਿਤ ਦੇ ਪੰਜ ਪਰਵਾਹ ਹਨ, ਪੰਜ ਧਾਰਾ ਹਨ। ਪਹਿਲੀ ਹੋਇਆ ਕਰਦੀ ਹੈ ਮੂੜਤਾ। ਨਾਮ ਜਪਣ ਲੱਗਾ, ਖਿਆਲ ਹੀ ਨਹੀਂ ਰਿਹਾ, ਤੁੰਦਰਾ ਪੈ ਗਈ। ਘੰਟੇ ਬੀਤ ਗਏ। ਗਰਦਨ ਲੱਗੀ ਹੋਈ ਹੈ ਛਾਤੀ ਦੇ ਨਾਲ, ਬੱਸ ਟਾਈਮ ਪੂਰਾ ਹੋ ਗਿਆ, ਕੋਈ ਪਤਾ ਨਹੀਂ ਨਾਮ ਜਪਿਆ ਹੈ ਕਿ ਨਹੀਂ, ਨੀਂਦ ਦੀ ਖੁਮਾਰੀ ਜੇਹੀ ਚੜ੍ਹ ਗਈ। ਦੂਜੀ ਹੋਇਆ ਕਰਦੀ ਹੈ 'ਲੈਅਤਾ' ਲੈਅਤਾ ਹੋਇਆ ਕਰਦੀ ਹੈ ਕਿ ਇਕ ਖਿਆਲ ਵਿਚ ਪੈ ਜਾਣਾ, ਫਿਰ ਉਸ ਖਿਆਲ ਨੂੰ ਵਧਾਈ ਜਾਣਾ। ਨਾਮ ਤਾਂ ਕਿਧਰੇ ਹੀ ਰਹਿ ਜਾਂਦਾ ਹੈ, ਬਸ ਖਿਆਲ ਨੂੰ ਵਧਾਈ ਜਾਂਦਾ ਹੈ, ਵਧਾਈ ਜਾਂਦਾ ਹੈ। ਜੇ ਕੋਈ ਸਮੱਸਿਆ ਆ ਗਈ ਤਾਂ ਮਨ ਵਕੀਲਾਂ ਵਿਚ ਹੀ ਘੁੰਮੀ ਜਾਵੇਗਾ ਭਾਵੇਂ ਭਜਨ ਕਰਦਿਆਂ ਚਾਰ ਪੰਜ ਘੰਟੇ ਬੀਤ ਗਏ। ਮਨ ਵਿਚ ਖਿਆਲ ਆ ਰਿਹਾ ਹੈ ਕਿ ਅਜੇ ਤਾਂ ਪੈਸਿਆਂ ਦਾ ਬੰਦੋਬਸਤ ਕਰਨਾ ਹੈ, ਫੇਰ ਅਸੀਂ ਕਚਹਿਰੀ ਵਿਚ ਇਹ ਕਹਾਂਗੇ, ਉਹ ਕਹਾਂਗੇ। ਇਹ ਸਾਰਾ ਕੁਝ ਲੈਅਤਾ ਵਿਚ ਹੀ ਲੰਘ ਜਾਂਦਾ ਹੈ। ਉਹ ਖੈਹੜਾ ਹੀ ਨਹੀਂ ਛਡਦੀ ਕਿਉਂਕਿ ਜਖਮ ਡੂੰਘਾ ਚਲਾ ਗਿਆ।

ਤੀਸਰੀ ਹੋਇਆ ਕਰਦੀ ਹੈ 'ਵਿਖਸ਼ੇਪਤਾ'। ਆਦਮੀ ਦੇ ਅੰਦਰ ਸੈਕੜਿਆਂ ਦੀ ਗਿਣਤੀ ਵਿਚ ਵਾਸ਼ਨਾਵਾਂ ਹਨ। ਇਹ ਮਨੁਖ ਵਾਸ਼ਨਾਵਾਂ ਦਾ ਬਣਿਆ ਹੋਇਆ ਹੈ। ਇਹਦਾ ਚਿਤ ਵਾਸ਼ਨਾਵਾਂ ਨਾਲ ਭਰਿਆ ਪਿਆ ਹੈ। ਇਹਨਾਂ ਵਾਸਨਾਵਾਂ ਵਿਚੋਂ ਲੰਘਣਾ ਸਭ ਤੋਂ ਔਖਾ ਹੈ। ਜਿਹੜਾ ਕੰਮ ਜ਼ਰੂਰੀ ਹੈ ਕੋਈ, ਉਹ ਨਾਮ ਜੱਪਣ ਵੇਲੇ ਯਾਦ ਆਉਂਦਾ ਹੈ। ਨੌਕਰੀ ਨਹੀਂ ਮਿਲਦੀ ਤਾਂ ਨੌਕਰੀ ਹੀ ਯਾਦ ਆਈ ਜਾਵੇਗੀ। ਸੋ ਇਸ ਤਰ੍ਹਾਂ ਪਰਵਾਹ ਹੋਇਆ ਕਰਦੇ ਹਨ। ਚੌਥੀ ਬਿਰਤੀ ਹੈ ਇਕਾਗਰਤਾ। ਮਨ ਦੌੜੀ ਜਾਂਦੀ ਹੈ, ਇਸਨੂੰ ਬਾਰ ਬਾਰ ਇਕਾਗਰ ਕਰਨਾ ਪੈਂਦਾ ਹੈ। ਇਸ ਚਿਤ ਨੂੰ ਬਾਰ ਬਾਰ ਵਾਪਸ ਲਿਆਉਣਾ ਪੈਂਦਾ ਹੈ। ਇਸ ਨੂੰ ਪ੍ਰਤਿਹਾਰ ਆਖਦੇ ਹਨ। ਕੋਸ਼ਿਸ਼ ਕਰਨੀ ਹੈ ਕਿ ਮਨ ਬਾਰਾਂ ਸੈਕਿੰਡ ਵਾਸਤੇ ਰੁਕ ਜਾਵੇ। ਮਹਾਂਪੁਰਸ਼ ਦਸਦੇ ਹਨ ਕਿ ਤੂੰ ਬਾਰਾਂ ਸੈਕਿੰਡ ਵਾਸਤੇ ਵਾਹਿਗੁਰੂ ਵਾਹਿਗੁਰੂ ਕਰ ਤੇ ਪੱਕਾ ਇਰਾਦਾ ਕਰ ਲੈ ਕਿ ਇਹਨਾਂ 12 ਸੈਕਿੰਡ ਵਿਚ ਮਨ ਨੂੰ ਨਹੀਂ ਦੌੜਨ ਦੇਣਾ। ਇਹ ਇਕ ਧਾਰਨਾ ਬਣ ਜਾਵੇਗੀ। ਜਦੋਂ ਬਾਰਾਂ ਧਾਰਨਾ ਲਗ ਜਾਣਗੀਆਂ ਤੇ ਜਦੋਂ ਇਕ ਸੌ ਚੁਤਾਲੀ ਸੈਕਿੰਡ ਹੋ ਜਾਣਗੇ ਤਾਂ ਫਿਰ ਇਸ ਨੂੰ ਧਿਆਨ ਕਹਿੰਦੇ ਹਨ। ਫੇਰ ਤੂੰ ਬਾਰਾਂ ਧਿਆਨ ਲਗਾ ਜਿਸ ਨੂੰ ਫੇਰ ਸਮਾਧੀ ਆਖਦੇ ਹਨ। ਜਦੋਂ ਤੀਹ ਮਿੰਟ ਲਈ ਚਿਤ ਦੀ ਇਕਾਗਰਤਾ ਹੋ ਗਈ, ਇਸ ਤੋਂ ਬਾਅਦ ਨਿਰੁਧ ਹੋਇਆ ਕਰਦੀ ਹੈ। ਉਸਦਾ ਹੀ ਰੂਪ ਬਣ ਜਾਣਾ। ਸੋ ਜਦੋਂ ਚਿਤ ਇਕਾਗਰ ਹੋ ਗਿਆ ਬਿਰਤੀ ਬ੍ਰਹਮਾਕਾਰ ਹੋ ਜਾਂਦੀ ਹੈ, ਇਹ ਪੰਜਵੀ ਬਿਰਤੀ ਹੁੰਦੀ ਹੈ ਕਿ ਵਾਹਿਗੁਰੂ ਦਾ ਹੀ ਸਰੂਪ ਬਣ ਜਾਣਾ।

ਬ੍ਰਹਮਾਕਾਰ ਬਿਰਤੀ ਦੀਆਂ ਤਿੰਨ ਨਿਸ਼ਾਨੀਆਂ ਹੁੰਦੀਆਂ ਹਨ। ਪਹਿਲਾਂ ਮਨੋ ਨਾਸ਼ ਹੋ ਜਾਂਦਾ ਹੈ। ਮਨ ਫੁਰਨੇ ਕਰਨ ਤੋਂ ਹਟ ਜਾਂਦਾ ਹੈ। ਮਨ ਨੂੰ ਫੁਰਨੇ ਕਰਨ ਵਾਸਤੇ ਕੁਝ ਚੀਜ਼ਾਂ ਹਨ ਜੋ ਮਜ਼ਬੂਰ ਕਰਦੀਆਂ ਹਨ। ਪੰਜ ਵਿਸ਼ੇ - ਸਪਰਸ਼, ਸ਼ਬਦ, ਰੂਪ, ਰਸ, ਗੰਧ ਇਹਨਾਂ ਪੰਜਾਂ ਵਿਸ਼ਿਆਂ ਵਿਚੋਂ ਮਨ ਨਹੀਂ ਨਿਕਲਦਾ। ਪੰਜ ਹੀ ਬਿਰਤੀਆਂ ਹਨ, ਪਹਿਲੀ ਨੂੰ 'ਪ੍ਰਮਾਣ' ਕਹਿੰਦੇ ਹਨ, ਦਿਸਣ ਵਾਲੀਆਂ ਚੀਜ਼ਾਂ ਵਿਚ ਹੀ ਫਿਰੀ ਜਾਣਾ- ਇਹ ਮੇਰੀਆਂ ਕੋਠੀਆਂ ਹਨ, ਇਹ ਮੇਰੀ ਕਾਰ ਹੈ, ਇਹ ਮੇਰੀ ਜਾਇਦਾਦ ਹੈ, ਆਦਿ। ਇਸ ਪ੍ਰਮਾਣ ਬਿਰਤੀ ਵਿਚੋਂ ਬੰਦਾ ਨਿਕਲਦਾ ਹੀ ਨਹੀਂ। ਦੂਜੀ ਬਿਰਤੀ ਹੈ, 'ਵਿਪਰਜੈ।' ਇਹ ਵਿਪਰਜੈ ਉਹ ਬਿਰਤੀ ਹੁੰਦੀ ਹੈ ਕਿ ਬੰਦਾ ਸੁੱਤਾ ਹੀ ਰਹਿੰਦਾ ਹੈ, ਕਿੰਨੀਆਂ ਆਵਾਜ਼ਾਂ ਮਾਰ ਲਓ ਕਿ ਤੂੰ ਉਠ ਕੇ ਨਾਮ ਜਪ ਲੈ, ਮਜਾਲ ਹੈ ਕਿ ਟੱਸ ਤੋਂ ਮਸ ਹੋ ਜਾਏ, ਕਿਉਂਕਿ ਸੁਤਾ ਹੀ ਪਿਆ ਹੈ।

ਤਿੰਨਾਂ ਬਿਰਤੀਆਂ ਵਿਚ ਬੰਦਾ ਸੁਤਾ ਪਿਆ ਹੈ।

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥*
*ਪੰਨਾ - 920*

ਤੁਰੀਆ ਵਿਚ ਇਸ ਨੂੰ ਜਾਗ ਆਉਂਦੀ ਹੈ, ਇਹ ਬਿਰਤੀ ਜਿਹੜੀ ਤਿੰਨਾਂ ਗੁਣਾਂ ਵਿਚ ਰਜੋ, ਸਤੋ ਤੇ ਤਮੋ ਗੁਣ ਵਿਚ ਰਹਿੰਦੀ ਹੈ, ਇਹ ਬਿਰਤੀ ਸੁਤੀ ਹੋਈ ਹੁੰਦੀ ਹੈ। ਮਹਾਰਾਜ ਨੇ ਇਸ ਨੂੰ 'ਹਉਮੈ' ਦੀ ਬਿਰਤੀ ਕਿਹਾ ਹੈ।

*ਭੋਲਿਆ ਹਉਮੈ ਸੁਰਤਿ ਵਿਸਾਰਿ॥ ਪੰਨਾ - 1168*

ਤੂੰ ਹਉਮੈ ਦੀ ਸੁਰਤ ਵਿਚ ਰਹਿੰਦਾ ਹੈਂ, ਤੈਨੂੰ (cosmic) ਬ੍ਰਹਿਮੰਡੀ ਸੁਰਤ ਨਹੀਂ ਆਈ, ਤੇਰੇ ਵਿਚ ਅਜੇ ਰੂਹਾਨੀ ਸੁਰਤ ਨਹੀਂ ਆਈ। ਤੂੰ ਇਸ ਵਿਚੋਂ ਜਾਗ।

ਤੀਸਰੀ ਹੋਇਆ ਕਰਦੀ ਹੈ, 'ਨਿੰਦਰਾ'। ਇਹ ਹੁੰਦੀ ਹੈ ਕਿ ਸੰਸਾਰ ਵਿਚ ਸੁਤੇ ਹੀ ਰਹਿਣਾ, ਰੱਬ ਨੂੰ ਮੰਨਣਾ ਹੀ ਨਹੀਂ। ਕਹਿੰਦਾ ਦਿਖਾਓ ਰੱਬ ਕਿਥੇ ਹੈ? ਸੰਸਾਰ ਨੂੰ ਹੀ ਸਤ ਮੰਨਣਾ। ਅਗਲੀ ਹੁੰਦੀ ਹੈ 'ਵਿਕਲਪ'। ਵਿਕਲਪ ਹੁੰਦੀ ਹੈ ਕਿ ਨਾਮ ਤੇ ਜੱਪਣ ਲੱਗ ਗਿਆ, ਪਰ ਹਵਾਈ ਕਿਲੇ ਬਨਾਉਣ ਲਗ ਪਿਆ। ਆਪੇ ਹੀ ਬਣਾਈ ਜਾਂਦਾ ਹੈ। ਜੇ ਦਾਨ ਦਿੰਦਾ ਹੈ, ਤਾਂ ਦਾਨ ਦੇ ਹੀ ਕਿਲੇ ਬਨਾਉਣੇ ਸ਼ੁਰੂ ਕਰ ਦਿੰਦਾ ਹੈ। ਸੋਚਦਾ ਹੈ ਕਿ ਜੇ ਮੇਰੀ ਲਾਟਰੀ ਨਿਕਲ ਆਵੇ ਤਾਂ ਮੈਂ ਐਨਾ ਦਾਨ ਕਰਾਂਗਾ। ਜਪਦਾ ਨਾਮ ਹੈ, ਕਢਦਾ ਲਾਟਰੀਆਂ ਹੈ। ਸੋ ਹਵਾਈ ਕਿਲੇ ਬਣਾਈ ਜਾਂਦਾ ਹੈ। ਮੁੰਡੇ ਦਾ ਵਿਆਹ ਕਰਨਾ ਹੈ, ਕੁੜੀ ਦਾ ਵਿਆਹ ਕਰਨਾ ਹੈ; ਬੈਠਾ ਚੌਕੜਾ ਮਾਰੀ ਹੈ, ਸੁਰਤ ਇਸ ਪਾਸੇ ਘੁੰਮ ਰਹੀ ਹੈ।

ਦੂਜਾ ਹੈ ਕਿ ਸਾਰੀਆਂ ਵਾਸ਼ਨਾ ਤੋਂ ਰਹਿਤ ਹੋ ਕੇ ਹੁਕਮ ਵਿਚ ਆ ਜਾਣਾ, ਫਿਰ ਹੁੰਦਾ ਹੈ ਤੱਤਗਿਆਨ, ਉਹ ਹੈ ਕਿ ਗਿਆਨ ਦਾ ਤਾਂ ਨਾਸ਼ ਹੋ ਜਾਂਦਾ ਹੈ। ਸਾਰੇ ਪ੍ਰਭੂ ਹੀ ਦਿਸਦਾ ਹੈ। ਇਹ ਸਾਰੀਆਂ ਗੱਲਾਂ ਚਿਤ ਦੀ ਇਕਾਗਰਤਾ ਨਾਲ ਆਉਂਦੀਆਂ ਹਨ। ਜੇ ਕਰ ਚਿਤ ਇਕਾਗਰ ਨਾ ਹੋਵੇ ਤਾਂ ਇਹ ਗੱਲਾਂ ਅਸੰਭਵ ਹਨ। ਸੋ ਬੇਣੀ ਨਾਮ ਜਪਦਾ ਹੈ। ਘਰ ਵਾਲਿਆਂ ਨੇ ਕਹਿ ਦਿੱਤਾ ਸੀ ਕਿ ਤੂੰ ਘਰ ਨਹੀਂ ਆਉਣਾ। ਇਹ ਪਰਮੇਸ਼ਰ ਨੂੰ ਕੁਝ ਨਹੀਂ ਕਹਿੰਦਾ। ਚਿਤ ਵਿਚ ਉਦਾਸੀ ਹੈ। ਸੱਟ ਜਰੂਰ ਖਾਧੀ ਹੈ, ਨਿਰਾਦਰ ਵੀ ਬਹੁਤ ਹੋਇਆ। ਆਪਣੇ ਨਿਰਾਦਰ ਨੂੰ ਨਹੀਂ ਗਿਣਿਆ ਪਰ ਜਦੋਂ ਪ੍ਰਭੂ ਦਾ ਨਿਰਾਦਰ ਸੁਣਿਆ, ਉਸਨੂੰ ਗਾਲਾਂ ਕੱਢੀਆਂ ਗਈਆਂ, ਬੁਰਾ ਭਲਾ ਕਿਹਾ ਗਿਆ, ਚਿਤ ਵਿਚ ਅਫਸੋਸ ਆਇਆ ਕਿ ਮੇਰੇ ਮਾਲਕ ਨੂੰ ਕਹਿੰਦੇ ਹਨ। ਜੇ ਘਰ ਦਿਆਂ ਦਾ ਗੁਸੇ ਨਾਲ ਮਾੜਾ ਚਿਤਵ ਲੈਂਦਾ ਤਾਂ ਉਸੇ ਵੇਲੇ ਬੁਰਾ ਹੋ ਜਾਣਾ ਸੀ। ਪਰ ਸੰਤ ਕਿਸੇ ਦਾ ਬੁਰਾ ਚਿਤਵਿਆ ਨਹੀਂ ਕਰਦੇ। ਉਹ ਤਾਂ ਕੇਵਲ ਏਸ ਗੱਲ ਤੇ ਰਹਿੰਦੇ ਹਨ।

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*
*ਪੰਨਾ - 1381*

ਕਿਸੇ ਨੂੰ ਮਾੜਾ ਬਚਨ ਕਹਿੰਦੇ ਹੀ ਨਹੀਂ ਭਾਵੇਂ ਕਿੰਨਾ ਹੀ ਕੋਈ ਤੰਗ ਕਰ ਦੇਵੇ।

ਬੇਣੀ ਕਿਸੇ ਨੂੰ ਮਾੜਾ ਨਹੀਂ ਕਹਿ ਰਿਹਾ। ਪਰ ਦਿਲ ਵਿਚ ਉਦਾਸੀ ਹੈ, ਮਾਂ ਨੇ ਗਾਲ੍ਹਾਂ ਕਢੀਆਂ ਹਨ, ਘਰ ਵਾਲੀ ਨੇ ਵੀ ਕਿਹਾ ਕਿ ਚੰਗਾ ਰਾਜਾ ਹੈ ਕਿ ਉਹਨੂੰ ਤਰਸ ਨਹੀਂ ਆਉਂਦਾ ਕਿ ਕੁਝ ਖਾਣ ਨੂੰ ਦੇਵੇ। ਇਹ ਇਕ ਚਿਤ ਹੋਈ ਬੈਠਾ ਹੈ। ਜਿਹੜਾ ਮਾਲਕ ਹੈ ਉਹ ਕੋਈ ਸੁੰਨ ਮੁੰਨ ਨਹੀਂ ਹੈ। ਇਹ ਧਿਆਨ ਰਖੋ, ਉਹ ਸਭ ਕੁਝ ਜਾਣਦਾ ਹੈ, ਸਭ ਕੁਝ ਕਰ ਸਕਦਾ ਹੈ ਕਿਉਂਕਿ ਅਸੀਂ ਕੁਝ ਨਹੀਂ ਕਰਦੇ। ਜਿੰਨੀ ਕੁ ਚੀਜ਼ ਦੇ ਅਸੀਂ ਕਾਬਲ ਹਾਂ ਓਨਾ ਕੁ ਹੋਈ ਜਾਂਦਾ ਹੈ, ਜੇਕਰ ਅਸੀਂ ਸੱਚਮੁੱਚ ਕੁਝ ਕਰਨਾ ਚਾਹੁੰਦੇ ਹਾਂ ਤਾਂ ਉਹ ਪਿਆਰ ਦਾ ਭੁਖਾ ਹੈ।

*ਗੋਬਿੰਦ ਭਾਉ ਭਗਤਿ ਦਾ ਭੁਖਾ॥*
*ਭਾਈ ਗੁਰਦਾਸ ਜੀ ਦੀ ਵਾਰ10/7*

ਹਰ ਪਾਸੇ ਨਠਿਆ ਫਿਰਦਾ ਹੈ।

*ਜਹ ਜਹ ਕਾਜ ਕੀਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥*
*ਪੰਨਾ - 403*

ਜੋ ਕਹਿ ਦੇਵੇ ਉਸੇ ਵੇਲੇ ਹੀ ਹੋ ਜਾਂਦਾ ਹੈ। ਪਰ ਪਰਮੇਸ਼ਰ ਆਪਣੇ ਪਿਆਰਿਆਂ ਦੀ ਸੇਵਾ ਕਰਕੇ ਬਹੁਤ ਖੁਸ਼ ਹੁੰਦਾ ਹੈ। ਸੋ ਪਰਮੇਸ਼ਰ ਨੇ ਕਿਹਾ ਕਿ ਬੇਣੀ ਮੈਨੂੰ ਇਤਨਾ ਪਿਆਰ ਕਰਦਾ ਹੈ ਕਿ ਆਪਣਾ ਨਿਰਾਦਰ ਸਹਿ ਲਿਆ ਪਰ ਮੇਰਾ ਨਿਰਾਦਰ ਨਾ ਸਹਿ ਸਕਿਆ। ਉਸ ਵੇਲੇ ਪਰਮੇਸ਼ਰ ਨੇ ਸਮਾਨ ਦੇ ਗੱਡੇ ਗੱਡੀਆਂ ਭਰ ਲਏ ਤੇ ਲੈ ਕੇ ਬੇਣੀ ਦੇ ਘਰ ਪਹੁੰਚ ਗਿਆ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

*ਧਾਰਨਾ - ਪਿਆਰੇ ਜੀ, ਰਾਜਾ ਬਣ ਕੇ ਘਰ ਆ ਗਿਆ -2, 2.*
*ਪਿਆਰਿਓ, ਰਾਜਾ ਹੋ ਕੇ ਘਰ ਆ ਗਿਆ -2, 2.*
*ਵੱਡਾ ਸਾਂਗ ਹਰੀ ਨੇ ਧਾਰਿਆ -2, 2.*
*ਪਿਆਰੇ ਜੀ, ................ -2.*

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ॥*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥*
*ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ॥*
*ਪੰਨਾ - 451*

*ਵਡਾ ਸਾਂਗੁ ਵਰੱਤਦਾ ਓਹੁ ਇਕ ਮਨਿ ਪਰਮੇਸਰੁ ਧਿਆਵੈ।*
*ਭਾਈ ਗੁਰਦਾਸ ਜੀ ਦੀ ਵਾਰ 10/14*

ਤੇ ਏਧਰ ਸਾਂਗ ਵਰਤ ਗਿਆ, ਉਹ ਨਿਰਾਕਾਰ ਵਾਹਿਗੁਰੂ ਜਿਸਦਾ ਰੂਪ ਨਹੀਂ, ਰੇਖ ਨਹੀਂ, ਰੰਗ ਨਹੀਂ, ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ, ਪਾਤ ਨਹੀਂ, ਜਿਸ ਨੂੰ ਕੋਈ ਜਾਣ ਹੀ ਨਹੀਂ ਸਕਦਾ -

*ਨਾਰਦ ਸੇ ਚਤੁਰਾਨਨ ਸੇ, ਰੁਮਨਾ ਰਿਖ ਸੇ,*
*ਸਭ ਹੂ ਮਿਲਿ ਗਾਇਓ॥*
*ਬੇਦ ਕਤੇਬ ਨ ਭੇਦ ਲਖਿਓ,*
*ਸਭ ਹਾਰਿ ਪਰੇ ਹਰਿ ਹਾਥ ਨ ਆਇਓ॥*
*ਪਾਇ ਸਕੈ ਨਹੀ ਪਾਰ ਉਮਾਪਤਿ,*

***ਸਿੱਧ ਸਨਾਥ ਸਨੰਤਨ ਧਿਆਇਓ॥***

***(ਅਕਾਲ ਉਸਤਤਿ 'ਚੋਂ)***

ਐਸਾ ਜੋ ਪਰਮੇਸ਼ਰ ਸੀ - ਰੂਪ ਰੰਗ ਤੋਂ ਨਿਆਰਾ, ਉਸਨੇ ਸਾਂਗ ਬਣਾ ਲਿਆ। ਉਹ ਕੁਝ ਵੀ ਬਣਾ ਸਕਦਾ ਹੈ-

***ਹਰਨ ਭਰਨ ਜਾ ਕਾ ਨੇਤ੍ਰ ਫੋਰੁ॥ ਪੰਨਾ - 284***

ਇਕ ਅੱਖ ਦੇ ਝਮਕਣ ਵਿਚ ਕ੍ਰੋੜਾਂ ਸ੍ਰਿਸ਼ਟੀਆਂ ਸਾਜ ਦਿੰਦਾ ਹੈ ਤੇ ਇਕ ਅੱਖ ਦੇ ਝਮਕਣ ਨਾਲ ਸਭ ਖਤਮ ਵੀ ਕਰ ਦਿੰਦਾ ਹੈ -

***ਬਾਜੀਗਰਿ ਜੈਸੇ ਬਾਜੀ ਪਾਈ॥***
***ਨਾਨਾ ਰੂਪ ਭੇਖ ਦਿਖਲਾਈ॥***
***ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥***
***ਤਬ ਏਕੋ ਏਕੰਕਾਰਾ॥ ਪੰਨਾ - 736***

ਪਹਿਲਾਂ ਵੀ ਆਪ ਸੀ, ਹੁਣ ਵੀ ਆਪ ਹੈ, ਉਸ ਨੇ ਅਗੋਂ ਵੀ ਆਪੇ ਹੋਣਾ ਹੈ ਕਿਉਂਕਿ ਸਾਂਗ ਬਣਾਇਆ ਹੋਇਆ ਹੈ।

ਸੋ -

***ਵਡਾ ਸਾਂਗੁ ਵਰੱਤਦਾ ਓਹੁ ਇਕ ਮਨਿ ਪਰਮੇਸਰੁ ਧਿਆਵੈ।***
***ਪੈਜ ਸਵਾਰੈ ਭਗਤ ਦੀ ਰਾਜਾ ਹੋਇਕੈ ਘਰਿ ਚਲਿ ਆਵੈ।***
***ਭਾਈ ਗੁਰਦਾਸ ਜੀ ਦੀ ਵਾਰ 10/14***

ਰਾਜਾ ਬਣਕੇ ਗੱਡੇ ਭਰ ਲਿਆਇਆ - ਕੱਪੜੇ, ਸੋਨੇ ਚਾਂਦੀ ਦੇ ਬਰਤਨ, ਬੇਅੰਤ ਧਨ ਆਦਿ ਦੇ। ਪੁਛਿਆ, ਬੇਣੀ ਦਾ ਘਰ ਕਿਹੜਾ ਹੈ? ਮਾਂ ਨੇ ਕਿਹਾ, ਆ ਜਾ, ਏਹੀ ਹੈ। ਪਰਮੇਸ਼ਰ ਕਹਿਣ ਲੱਗਾ, ਮੈਂ ਉਹ ਰਾਜਾ ਹਾਂ ਜਿਥੇ ਉਹ ਜਾਇਆ ਕਰਦਾ ਹੈ, ਉਸਨੇ ਤਾਂ ਬਹੁਤ ਨੇਕ ਨਾਮੀ ਨਾਲ ਚਾਕਰੀ ਕਰੀ ਹੈ। ਦਸ ਸਮਾਨ ਕਿਥੇ ਰਖੀਏ? ਸਮਾਨ ਰੱਖਣ ਨੂੰ ਹੀ ਕਿਧਰੇ ਥਾਂ ਨਹੀਂ ਹੈ। ਮਾਂ ਕਹਿਣ ਲਗੀ, ਮਹਾਰਾਜ ਐਨਾ ਸਮਾਨ ਤੇ ਸਾਡੇ ਘਰ ਵਿਚ ਆਉਣਾ ਨਹੀਂ ਹੈ। ਇਤਨੇ ਸਮਾਨ ਵਾਸਤੇ ਤਾਂ ਵੱਡਾ ਘਰ ਚਾਹੀਦਾ ਹੈ। ਇਕ ਨਿਗਾਹ ਪਰਮੇਸ਼ਰ ਨੇ ਕਰ ਦਿੱਤੀ। ਕੀ ਦੇਖਦੀ ਹੈ ਕਿ ਉਥੇ ਹੀ ਇਕ ਮਹੱਲ ਉਸਰ ਗਿਆ, ਸਾਰਾ ਸਮਾਨ ਲਾਹ ਦਿੱਤਾ। ਮਾਂ ਨੂੰ ਅਜੇ ਵੀ ਸਮਝ ਨਹੀਂ ਆਈ ਕਿ ਇਹ ਕੀ ਗੱਲ ਬਣ ਗਈ ਹੈ। ਮਾਂ ਸਮਾਨ ਦੇਖ ਦੇਖ ਕੇ ਬੜੀ ਖੁਸ਼ ਹੋ ਰਹੀ ਹੈ। ਗਹਿਣੇ ਕੱਪੜੇ ਤੇ ਹੋਰ ਚੀਜ਼ਾਂ ਦੇਖ ਰਹੀ ਹੈ। ਸੋਚਣ ਲਗੀ ਕਿ ਉਹ ਠੀਕ ਹੀ ਕਹਿੰਦਾ ਸੀ, ਮੈਂ ਮੰਗਣਾ ਨਹੀਂ। ਜੇ ਮੈਂ ਕਿਧਰੇ ਥੋੜ੍ਹਾ ਮੰਗ ਲਿਆ, ਰਾਜਾ ਸ਼ਾਇਦ ਮੈਨੂੰ ਜ਼ਿਆਦਾ ਦੇਣਾ ਚਾਹੇ। ਸੁਦਾਮੇ ਨੇ ਵੀ ਨਹੀਂ ਸੀ ਮੰਗਿਆ। ਵਾਹਿਗੁਰੂ ਜੀ ਨੇ ਮਹੱਲ ਬਣਾ ਦਿੱਤੇ ਸਨ। ਚਾਰੇ ਪਦਾਰਥ ਭੇਜ ਦਿਤੇ। ਬਿਨਾਂ ਮੰਗੇ ਤੇ ਦਾਨ ਦਿੰਦਾ ਹੈ, ਅਸੀ ਮੰਗ ਕੇ ਆਪਣੇ ਆਪ ਨੂੰ ਛੋਟਾ ਕਰ ਲੈਂਦੇ ਹਾਂ। ਉਹ ਤਾਂ ਦਿੰਦਾ ਹੀ ਜਾ ਰਿਹਾ ਹੈ -

***ਦੇਦਾ ਦੇ ਲੈਦੇ ਥਕਿ ਪਾਹਿ॥***
***ਜੁਗਾ ਜੁਗੰਤਰਿ ਖਾਹੀ ਖਾਹਿ॥ ਪੰਨਾ - 2***

ਦੇਣ ਵਾਲਾ ਤਾਂ ਇਕ ਹੈ, ਮੰਗਣ ਵਾਲਾ ਸਾਰਾ ਸੰਸਾਰ ਹੈ, ਸਾਰੀਆਂ ਸ੍ਰਿਸ਼ਟੀਆਂ ਹਨ, ਸਭ ਮੰਗਦੇ ਹਨ, ਸੂਰਜ ਮੰਗਦਾ ਹੈ, ਧਰਤੀ ਮੰਗਦੀ ਹੈ। ਹੇ ਪ੍ਰਭੂ! ਮੇਰੇ ਵਿਚ ਮੈਗਨਾਈਜ਼ ਭੇਜ, ਉਪਜ ਦੀ ਸ਼ਕਤੀ ਭੇਜ ਜਿਸ ਨਾਲ ਦਾਣੇ ਹਰੇ ਹੋ ਜਾਣ, ਸਭ ਮੰਗਤੇ ਹਨ ਚਾਹੇ ਪਉਣ ਹੈ, ਪਾਣੀ ਹੈ, ਸਮੁੰਦਰ ਹੈ, ਉਹ ਸਭ ਨੂੰ ਦਿੰਦਾ ਚਲਾ ਜਾ ਰਿਹਾ ਹੈ। ਸੋ ਜਦੋਂ ਘਰ ਭਰ ਗਿਆ, ਮਾਂ ਵੀ ਖੁਸ਼, ਘਰਵਾਲੀ ਵੀ ਖੁਸ਼। ਹੁਣ ਸੋਚਦੀਆਂ ਹਨ ਕਿ ਅਸੀਂ ਤਾਂ ਐਵੇਂ ਹੀ ਉਸ ਨਾਲ ਲੜਦੀਆਂ ਰਹੀਆਂ। ਸੋਚਣ ਲਗੀਆਂ ਕਿ ਹੁਣ ਤਾਂ ਬੇਣੀ ਘਰ ਨਹੀਂ ਆਉਣ ਲੱਗਾ ਕਿਉਂਕਿ ਅਸੀਂ ਉਹਦੇ ਨਾਲ ਬਹੁਤ ਬੁਰੀ ਕੀਤੀ ਹੈ। ਮਾਂ ਰਾਜੇ ਨੂੰ ਕਹਿਣ ਲੱਗੀ, ਮਹਾਰਾਜ! ਜੇਕਰ ਬੇਣੀ ਦਾ ਪਤਾ ਹੋਇਆ ਕਿ ਤੁਹਾਡੇ ਦਰਬਾਰ ਵਿਚ ਹੈ, ਉਸ ਨੂੰ ਭੇਜ ਦੇਣਾ। ਆ ਕੇ ਸਾਰਾ ਸਮਾਨ ਸੰਭਾਲ ਲਵੇਗਾ। ਉਥੋਂ ਰਾਜਾ ਭਗਤ ਕੋਲ ਆਇਆ -

***ਓਥਹੁ ਆਇਆ ਭਗਤ ਪਾਸਿ ਹੋਇ ਦਇਆਲੁ ਹੇਤੁ ਉਪਜਾਵੈ॥***
***ਭਾਈ ਗੁਰਦਾਸ ਜੀ ਦੀ ਵਾਰ 10/14***

ਵਾਹਿਗੁਰੂ ਨੂੰ ਤਾਂ ਸ਼ਿਕਵਾ ਰਹਿੰਦਾ ਹੈ ਕਿ ਉਹ ਅਣਗਿਣਤ ਦਾਤਾਂ ਦਿੰਦਾ ਹੈ; ਸਾਰਾ ਸੰਸਾਰ ਦਾਤਾਂ ਨਾਲ ਪਿਆਰ ਕਰਦਾ ਹੈ ਪਰ ਵਾਹਿਗੁਰੂ ਨਾਲ ਪਿਆਰ ਨਹੀਂ ਕਰਦਾ। ਅਸੀਂ ਦੇਖਦੇ ਹਾਂ ਕਿ ਇਹੋ ਜਿਹੇ ਬਿਮਾਰ ਰਾਜ਼ੀ ਹੋਏ ਹਨ ਜਿਹਨਾਂ ਨੂੰ ਡਾਕਟਰਾਂ ਨੇ ਵੀ ਜਵਾਬ ਦੇ ਦਿਤਾ ਸੀ। ਜਦੋਂ ਰਾਜ਼ੀ ਹੋ ਕੇ ਜਾਂਦੇ ਹਨ, ਉਹਨਾਂ ਨੂੰ ਪੁਛੀਦਾ ਹੈ ਕਿ ਰਾਜ਼ੀ ਤਾਂ ਤੁਸੀਂ ਹੋ ਗਏ, ਕੀ ਤੁਸੀਂ ਨਾਮ ਵੀ ਜਪਦੇ ਹੋ? ਛਡ ਤਾਂ ਨਹੀਂ ਦਿੱਤਾ? ਜੇ ਨਾਮ ਨਹੀਂ ਜਪਦੇ ਤਾਂ ਬਹੁਤ ਵੱਡੇ ਮੂਰਖ ਹੋ। ਕਈਆਂ ਨੇ ਤਾਂ ਬਹੁਤ ਹੀ ਪਰਤਿਆ ਲਿਆ ਹੈ, ਫੇਰ ਵੀ ਅਗੇ ਨਹੀਂ ਤੁਰੇ। ਰੱਬ ਨਾਲ ਬਿਮਾਰ ਹੋਣ ਤੱਕ ਹੀ ਸੌਦਾ ਕੀਤਾ। ਰੱਬ ਤਾਂ ਕੇਵਲ ਪਿਆਰ ਦਾ ਭੁਖਾ ਹੈ।

***ਗੋਬਿੰਦ ਭਾਉ ਭਗਤਿ ਦਾ ਭੁਖਾ॥***
***ਭਾਈ ਗੁਰਦਾਸ ਜੀ ਦੀ ਵਾਰ 10/7***
***ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥***
***ਪੰਨਾ - 1105***

ਕਹਿੰਦੇ, ਬਲ ਰਾਜੇ ਦੇ ਪਿਆਰ ਵਿਚ ਆ ਕੇ ਪ੍ਰਮੇਸ਼ਰ ਅਜੇ ਵੀ ਦਰਬਾਨ ਬਣ ਕੇ ਖੜ੍ਹਾ ਹੈ। ਬੇਣੀ ਦੇ ਘਰ ਇਤਨਾ ਖਰਚ ਦੇ ਦਿਤਾ ਜਿਹੜਾ ਪੁਸ਼ਤਾਂ ਤੱਕ ਚਲੇਗਾ। ਰੱਬ ਰਾਜਾ ਘਰ ਸਮਾਨ ਛੱਡ ਕੇ, ਭਗਤ ਕੋਲ ਆ ਗਿਆ, ਆ ਕੇ ਬੇਣੀ ਨੂੰ ਦਰਸ਼ਨ ਦਿੱਤੇ, ਕਿਹਾ, ਮੈਂ ਤੇਰੇ ਤੇ ਬੜਾ ਪ੍ਰਸੰਨ ਹਾਂ, ਤੂੰ ਘਰ ਨੂੰ ਜਾਹ। ਪ੍ਰਭੂ ਨੂੰ ਤਾਂ ਸਭ ਕੁਝ ਪਤਾ ਹੈ।

***ਘਟ ਘਟ ਕੇ ਅੰਤਰ ਕੀ ਜਾਨਤ॥***
***ਭਲੇ ਬੁਰੇ ਕੀ ਪੀਰ ਪਛਾਨਤ॥ (ਚੌਪਈ)***

ਮਾਂ ਤੇ ਘਰ ਵਾਲੀ ਨੇ ਕਿਹਾ ਸੀ ਕਿ ਸਾਨੂੰ ਅੱਜ ਮੋਹਰਾਂ ਲਿਆ ਕੇ ਦਿਖਾਈਂ। ਪ੍ਰਭੂ ਨੇ ਕਿਹਾ ਕਿ ਇਹਦਾ ਫਿਕਰ ਤਾਂ ਮੈਨੂੰ ਹੈ-

***ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ ਪੰਨਾ - 1070***

ਜਿਸਨੇ ਸੰਸਾਰ ਬਣਾਇਆ ਹੈ ਉਸ ਨੂੰ ਹੈ ਚਿੰਤਾ -

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਪੰਨਾ - 7***

ਸਾਰਾ ਫਿਕਰ ਮੈਨੂੰ ਹੈ। ਮੈਂ ਤੇਰੇ ਘਰ ਵਿਚ ਬੇਅੰਤ ਧੰਨ, ਪਦਾਰਥ ਦੇ ਦਿੱਤੇ। ਜਾ ਕੇ ਸੰਭਾਲ ਲੈ। ਸਾਰੇ ਰੌਲਾ ਪੈ ਗਿਆ

(ਬਾਕੀ ਪੰਨਾ 52 ਤੇ)

# ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ

## ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੀ ਮਿਠੀ ਪਿਆਰੀ ਯਾਦ ਨੂੰ ਸਮਰਪਨ

***ਭਾਈ ਲਖਬੀਰ ਸਿੰਘ***

ਸੰਸਾਰ ਜਨਮ ਮਰਨ ਵਿਚ ਹੈ। ਮੋਹ ਮਾਇਆ ਦੀ ਨੀਂਦ ਵਿਚ ਜੀਵ ਘੂਕ ਸੁੱਤਾ ਪਿਆ ਹੈ। ਮਾਇਆ ਦੀਆਂ ਮਿੱਠੀਆਂ ਲੋਰੀਆਂ ਇਸ ਜੀਵ ਨੂੰ ਬਾਰ-ਬਾਰ ਕਾਲ ਦੀ ਚਬੀਨੀ ਬਣਾ ਰਹੀਆਂ ਹਨ।

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥ ਪੰਨਾ - 921***

ਇਹੋ ਭੁੱਲ ਜੀਵਾਂ ਨੂੰ ਚੌਰਾਸੀ ਦੇ ਚੱਕਰ ਵਿਚ ਬਾਰ ਬਾਰ ਘੁੰਮਾ ਰਹੀ ਹੈ। ਅਨੇਕਾਂ ਜਨਮਾਂ ਦੇ ਗੇੜ ਪਿਛੋਂ ਇਹ ਮਨੁੱਖਾ ਦੇਹ ਪ੍ਰਾਪਤ ਹੁੰਦੀ ਹੈ -

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥ ਪੰਨਾ - 176***

ਬਖਸ਼ਿੰਦ, ਦਇਆਲੂ ਵਾਹਿਗੁਰੂ ਜੀ ਇਨ੍ਹਾਂ ਜੀਵਾਂ ਦੀ ਹਾਲਤ ਦੇਖ ਕੇ ਜੁਗਾਂ ਜੁਗਾਂਤਰਾਂ ਤੋਂ ਸਮੇਂ ਸਮੇਂ ਆਪਣੇ ਪਿਆਰਿਆਂ ਨੂੰ ਸੰਸਾਰ ਉਤੇ ਭੇਜਦੇ ਹਨ ਜਿਹੜੇ ਸਰੀਰ ਧਾਰਨ ਕਰਕੇ ਵੀ ਜਨਮ ਮਰਨ ਤੋਂ ਰਹਿਤ ਹੁੰਦੇ ਹਨ -

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***
***ਪੰਨਾ - 749***

ਐਸੇ ਹੀ ਬ੍ਰਹਮਗਿਆਨੀ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਹੋਏ ਹਨ, ਜਿਨ੍ਹਾਂ ਪਰਉਪਕਾਰੀ ਮਹਾਂਪੁਰਸ਼ਾਂ ਨੇ ਸੰਸਾਰ ਦੇ ਕੋਨੇ ਕੋਨੇ ਤੇ ਜਾ ਕੇ ਜਲਦੇ ਬਲਦੇ ਸੰਸਾਰ ਨੂੰ ਗੁਰਬਾਣੀ ਦੇ ਕੀਰਤਨ ਦੀਆਂ ਝੜੀਆਂ ਨਾਲ ਠੰਢਿਆਂ ਕੀਤਾ। ਲੱਖਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਗ੍ਰੰਥ ਸਾਹਿਬ ਦੀ ਗੋਦ ਵਿਚ ਬਿਠਾਇਆ। ਮੋਹ ਮਾਇਆ ਦੀ ਨੀਂਦ ਵਿਚ ਸੁੱਤੇ ਜੀਵਾਂ ਨੂੰ ਕੀਰਤਨ ਦਾ ਹਲੂਣਾ ਦੇ ਕੇ ਆਤਮ ਮਾਰਗ ਦਾ ਉਪਦੇਸ਼ ਦਿਤਾ। ਉਹ ਪੂਰਨ ਬ੍ਰਹਮਗਿਆਨੀ ਦੀ ਅਵਸਥਾ ਨੂੰ ਪ੍ਰਾਪਤ ਸਨ -

***ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ॥ ਪੰਨਾ - 273***

ਆਪ ਜੀ ਸਰੀਰ ਕਰਕੇ ਇਸ ਮ੍ਰਿਤ ਮੰਡਲ ਉਤੇ 70 ਸਾਲ ਤਕ ਵਿਚਰੇ ਪਰ ਬ੍ਰਹਮਗਿਆਨੀ ਸਰੀਰ ਨਹੀਂ ਹੁੰਦੇ। ਉਹ ਤਾਂ ਸਦਾ ਹੀ ਸੰਸਾਰ ਉਤੇ ਰਹਿੰਦੇ ਹਨ -

***ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ॥ ਪੰਨਾ - 273***

ਉਨ੍ਹਾਂ ਦੇ ਸਰੀਰ ਤਿਆਗਣ ਤੋਂ ਬਾਅਦ ਉਨ੍ਹਾਂ ਦਾ ਪ੍ਰਤਾਪ ਹੋਰ ਵਧਦਾ ਹੈ। ਉਨ੍ਹਾਂ ਦਾ ਪਵਿੱਤਰ ਜੀਵਨ, ਉਨ੍ਹਾਂ ਦੇ ਉਪਦੇਸ਼ ਸੰਸਾਰ ਵਾਸਤੇ ਸਦਾ ਹੀ ਚਾਨਣ ਮੁਨਾਰਾ ਹੁੰਦੇ ਹਨ। ਜਿਨ੍ਹਾਂ ਭਾਗਾਂ ਵਾਲਿਆਂ ਨੇ ਉਨ੍ਹਾਂ ਦੇ ਦਰਸ਼ਨ ਦੀਦਾਰ ਕੀਤੇ ਹਨ ਉਹ 20 ਵਰ੍ਹੇ ਤੋਂ ਵੱਧ ਸਮਾਂ ਬੀਤ ਜਾਣ ਤੇ ਵੀ ਉਨ੍ਹਾਂ ਦੀ ਮਿੱਠੀ ਪਿਆਰੀ ਯਾਦ ਦਿਲ ਹਿਰਦੇ ਵਿਚ ਸਾਂਭੀ ਬੈਠੇ ਹਨ। ਦਾਸ ਨੂੰ 1973 ਵਿਚ ਪਹਿਲੀ ਵਾਰ ਮਹਾਂਪੁਰਸ਼ਾਂ ਦੇ ਦਰਸ਼ਨ ਹੋਏ ਜਦ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਸੱਦੇ ਤੇ ਆਪ ਜੀ ਦੇ ਤਹਿਰਾਈ ਇਲਾਕੇ ਵਿਚ ਕੀਰਤਨ ਸਮਾਗਮ ਕਰਵਾਏ ਗਏ। ਸਭ ਤੋਂ ਪਹਿਲੇ ਪ੍ਰੋਗਰਾਮ ਬਿਲਾਸਪੁਰ (ਜ਼ਿਲਾ ਰਾਮਪੁਰ) ਸੁਸਾਇਟੀ ਵਿਚ ਹੋਏ। ਸਾਰੀਆਂ ਸੰਗਤਾਂ ਵਾਸਤੇ ਜ਼ਿੰਦਗੀ ਵਿਚ ਪਹਿਲਾ ਐਸਾ ਪ੍ਰੋਗਰਾਮ ਸੀ ਜਿਸ ਵਿਚ ਸੰਗਤਾਂ ਦਾ ਇਕੱਠ ਅਤੇ ਕੀਰਤਨ ਦਾ ਰਸ ਆਪਣੀ ਮਿਸਾਲ ਆਪ ਸੀ।

***ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥***
***ਮਨੁ ਪੀਵੈ ਸੁਨਿ ਸਬਦੁ ਬੀਚਾਰਾ॥ ਪੰਨਾ -' 102***

ਅਨੁਸਾਰ ਗੁਰੂ ਦਰਬਾਰ ਕਿਸੇ ਬੈਕੁੰਠ ਦਾ ਦ੍ਰਿਸ਼ ਬਣਿਆ ਰਹਿੰਦਾ -

***'ਤਹਾ ਬੈਕੁੰਠੁ ਜਹ ਕੀਤਰਨ ਤੇਰਾ.....॥' ਪੰਨਾ - 749***

ਫੱਗਣ ਦੀ ਸੰਗਰਾਂਦ ਨੂੰ ਆਖਰੀ ਪ੍ਰੋਗਰਾਮ ਤੇ 830 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ, ਆਪ ਜੀ ਸਦਾ ਹੀ ਪਹਿਲੇ ਦੀਵਾਨਾਂ ਵਿਚ ਗੁਰਮਤਿ ਅਨੁਸਾਰ ਪ੍ਰੇਰਨਾ ਕਰਦੇ ਸਨ ਅਤੇ ਆਖਰੀ ਦੀਵਾਨ ਵਾਲੇ ਦਿਨ ਭਰਪੂਰ ਅੰਮ੍ਰਿਤ ਪ੍ਰਚਾਰ ਹੁੰਦਾ ਸੀ। ਉਸ ਪਿਛੋਂ ਆਪ ਜੀਆਂ ਦੇ ਗੁਰਦੁਆਰਾ ਨਾਨਕ ਮਤਾ ਸਾਹਿਬ ਅਤੇ ਕਾਸ਼ੀਪੁਰ ਵਿਖੇ ਪ੍ਰੋਗਰਾਮ ਹੋਏ। ਦੂਰ ਦੂਰ ਤੋਂ ਸੰਗਤਾਂ ਵਹੀਰਾਂ ਘੱਤ ਕੇ ਆਉਂਦੀਆਂ ਰਹੀਆਂ। ਹਜ਼ਾਰਾਂ ਭੁੱਖੀਆਂ ਰੂਹਾਂ ਅੰਮ੍ਰਿਤ ਬਾਣੀ ਸੁਣ ਕੇ ਤ੍ਰਿਪਤ ਹੋਈਆਂ।

ਆਪ ਜੀ ਦੀ ਰਿਹਾਇਸ਼ ਬਲਵੰਤ ਫਾਰਮ ਰੁਦਰਪੁਰ ਦੇ ਨੇੜੇ ਹੁੰਦੀ ਸੀ ਅਤੇ ਆਪ ਜੀ ਦੇ ਜੱਥੇ ਦੀ ਰਿਹਾਇਸ਼ ਕਰਨਲ ਲਾਲ ਸਿੰਘ ਦੀ ਕੋਠੀ ਵਿਚ ਸੀ। ਰਿਹਾਇਸ਼ ਵਾਲੀ ਥਾਂ ਮਹਾਂਪੁਰਸ਼ ਇਕ ਘੰਟਾ ਰੋਜ਼ ਸੰਗਤਾਂ ਨੂੰ ਦਰਸ਼ਨ ਦਿੰਦੇ, ਸੰਗਤ ਰੂਪ ਵਿਚ ਵੀ ਬਚਨ ਕਰਦੇ ਅਤੇ ਵਿਅਕਤੀਗਤ ਤੌਰ ਤੇ ਵੀ ਦੁਖ ਸੁਖ ਸੁਣਦੇ ਅਤੇ ਜਗਿਆਸੂਆਂ ਦੇ ਹਰ ਤਰ੍ਹਾਂ ਦੇ ਸੰਸੇ ਭਰਮ ਦੂਰ ਕਰਦੇ ਅਤੇ ਨਾਮ ਸਿਮਰਨ ਦੀ ਵਿਧੀ ਦਸਦੇ। ਆਪਣੇ ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਨੇ ਕ੍ਰਿਪਾ ਕਰਕੇ ਦਾਸ ਨੂੰ ਆਪਣੇ ਨਾਲ ਲਿਜਾ ਕੇ ਸੰਤ ਮਹਾਰਾਜ ਤੋਂ ਅਸ਼ੀਰਵਾਦ ਦਿਵਾਈ ਅਤੇ ਅਸੀਸਾਂ ਪ੍ਰਾਪਤ ਹੋਈਆਂ। ਦਾਸ ਨੇ ਨਮਸਕਾਰ ਕਰਕੇ ਕ੍ਰਿਪਾਹਿਤ ਬੇਨਤੀ ਕੀਤੀ। ਆਪ ਜੀਆਂ ਨੇ ਮਿਹਰ ਦੀ ਕ੍ਰਿਪਾ ਦ੍ਰਿਸ਼ਟੀ ਕਰਦਿਆਂ ਬਚਨ ਕੀਤਾ, 'ਸੇਵਾ, ਨਾਮ ਅਤੇ ਬਾਣੀ ਵਿਚ ਸਦਾ ਲੱਗੇ ਰਹੋ'। ਇਹ ਬਚਨ ਆਪ ਜੀ ਨੇ ਵਖਰਿਆਂ ਵਿਸ਼ੇਸ਼ ਸੰਗਤ ਬਖਸ਼ ਕੇ ਕੀਤੇ। ਇਨ੍ਹਾਂ ਬਚਨਾਂ ਤੋਂ ਜੀਵਨ ਜੁਗਤ ਪ੍ਰਾਪਤ ਹੋਈ।

1975 ਵਿਚ ਆਪ ਜੀ ਦੇ ਪੰਜ ਭੂਤਕ ਸਰੀਰ ਤਿਆਗਣ ਤੋਂ ਬਾਅਦ ਜਿਥੇ ਹੋਰ ਕਈ ਮਹਾਂਪੁਰਸ਼ ਨਾਮ ਬਾਣੀ ਦੇ ਪ੍ਰਚਾਰ ਵਿਚ ਲਗ ਗਏ, ਓਥੇ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ ਇਸ ਕਾਰਜ ਵਿਚ ਵਿਸ਼ੇਸ਼ ਤੌਰ ਤੇ ਸੂਰਜ ਨਿਆਈਂ ਸੰਸਾਰ ਵਿਚ ਚਮਕੇ। ਸਮੇਂ ਸਮੇਂ ਕਈ ਪ੍ਰਕਾਰ ਦੀਆਂ ਠੰਢੀਆਂ ਹਵਾਵਾਂ ਚੱਲੀਆਂ ਪਰ ਵੱਡੇ ਮਹਾਂਪੁਰਸ਼ਾਂ ਤੋਂ ਚਲਾਈ ਪਰਪਾਟੀ ਤੇ ਆਪ ਜੀ ਪੂਰੀ ਤਰ੍ਹਾਂ ਦ੍ਰਿੜ੍ਹ ਰਹੇ ਅਤੇ ਪਹਿਰਾ ਦਿਤਾ। ਗੁਰੂ ਮਹਾਰਾਜ ਦੇ ਉਪਦੇਸ਼ -

***ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥***
***ਪੰਨਾ - 747***

ਅਨੁਸਾਰ ਆਪ ਜੀ ਹਰ ਖੇਤਰ ਵਿਚ ਨਾਮ ਬਾਣੀ ਦਾ ਪ੍ਰਚਾਰ ਨਿਰਭਉ ਨਿਰਵੈਰ ਹੋ ਕੇ ਖੁਲ੍ਹ ਕੇ ਕਰਦੇ ਰਹੇ ਅਤੇ ਸਤਿਗੁਰੂ ਨੇ ਹਮੇਸ਼ਾ ਚੜ੍ਹਦੀ ਕਲਾ ਬਖਸ਼ੀ।

ਮਹਾਂਪੁਰਸ਼ਾਂ ਦੇ ਅੰਦਰ ਰਾੜਾ ਸਾਹਿਬ ਦੇ ਸਤਿਪੁਰਸ਼ਾਂ ਦਾ ਕਿੰਨਾ ਪਿਆਰ ਸੀ, ਇਸ ਦੀ ਜੀਉਂਦੀ ਜਾਗਦੀ ਮਿਸਾਲ ਰਤਵਾੜਾ ਸਾਹਿਬ ਵਿਖੇ ਗੁਰਦੁਆਰਾ ਈਸ਼ਰ ਪ੍ਰਕਾਸ਼ ਦੀ ਸੁੰਦਰ ਇਮਾਰਤ ਹੈ। ਇਸ ਤੋਂ ਬਿਨਾਂ ਗੁਰਦੁਆਰਾ ਈਸ਼ਰ ਪ੍ਰਕਾਸ਼ ਖੁਬੀਆ ਨੰਗਲ, ਯੂ.ਪੀ., ਗੁਰਦੁਆਰਾ ਈਸ਼ਰ ਪ੍ਰਕਾਸ਼ ਬਨੂੜ, ਸੰਤ ਈਸ਼ਰ ਸਿੰਘ ਮਾਰਗ ਰਤਵਾੜਾ ਸਾਹਿਬ ਦੀ ਪਹੁੰਚ ਸੜਕ, ਉਨ੍ਹਾਂ ਦੇ ਨਾਮ ਨਾਲ ਸਸ਼ੋਭਤ ਸਾਰੇ ਕਾਰਜ ਆਪ ਜੀ ਦਾ ਵੱਡੇ ਮਹਾਂਪੁਰਸ਼ਾਂ ਪ੍ਰਤੀ ਸਮਰਪਨ ਦੇ ਪ੍ਰਮਾਣ ਹਨ। ਆਪ ਜੀ ਸਮੂੰਹ ਦੀਵਾਨਾਂ ਵਿਚ, ਆਤਮ ਮਾਰਗ ਦੇ ਲੇਖਾਂ ਵਿਚ, ਪੁਸਤਕਾਂ ਵਿਚ, ਆਡੀਓ ਵੀਡੀਓ ਕੈਸਟਾਂ ਵਿਚ ਨਿਰੰਤਰ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ ਬੜੇ ਪਿਆਰ ਸਤਿਕਾਰ ਨਾਲ ਬਾਰ ਬਾਰ ਜ਼ਿਕਰ ਕਰਦੇ ਹਨ। ਇਸ ਸੰਪਰਦਾ ਵਾਂਗੂੰ ਆਪ ਜੀ ਨੇ ਵੀ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਨਾਮ ਬਾਣੀ ਦਾ ਸੱਚਾ ਸੁੱਚਾ ਜੀਵਨ ਪ੍ਰਦਾਨ ਕੀਤਾ। ਅਸੀਂ ਸਭ ਵੱਡੇ ਮਹਾਂਪੁਰਸ਼ਾਂ ਦੀ ਅਤੀ ਕਰੜੀ ਘਾਲਨਾ ਕਮਾਈ ਨੂੰ ਸੀਸ ਝੁਕਾਉਂਦੇ ਹਾਂ ਅਤੇ ਉਨ੍ਹਾਂ ਦੇ ਬਖਸ਼ੇ ਉਪਦੇਸ਼ਾਂ ਅਨੁਸਾਰ ਜੀਵਨ ਢਾਲਣ ਦੀ ਅਰਦਾਸ ਕਰਦੇ ਹਾਂ।

## ਜ਼ਰੂਰੀ ਸੂਚਨਾ

**ਮਹਾਂਪੁਰਸ਼ਾਂ ਦੀ ਪਿਆਰੀ ਮਿਠੀ ਯਾਦ ਨੂੰ ਸਮਰਪਿਤ 12ਵਾਂ ਸਾਲਾਨਾ ਗੁਰਮਤਿ ਸਮਾਗਮ 30 ਅਕਤੂਬਰ ਤੋਂ 2 ਨਵੰਬਰ 2002 ਤਕ ਰਤਵਾੜਾ ਸਾਹਿਬ ਵਿਖੇ ਭਰਪੂਰ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਜਿਸ ਦੇ ਪ੍ਰਬੰਧ ਪੂਰੇ ਕਰਨ ਲਈ ਪਹਿਲੀ ਮੀਟਿੰਗ ਮਿਤੀ 15-8-2002 ਨੂੰ ਸਵੇਰੇ 11.00 ਵਜੇ ਰਤਵਾੜਾ ਸਾਹਿਬ ਵਿਖੇ ਹੋ ਰਹੀ ਹੈ। ਸਭ ਵੀਰਾਂ ਭੈਣਾਂ ਨੂੰ ਸੰਨਿਮਰ ਬੇਨਤੀ ਹੈ ਕਿ ਆਪਣੇ ਵੱਡਮੁੱਲੇ ਸੁਝਾਅ ਦੇਣ ਲਈ 15 ਅਗਸਤ ਨੂੰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ।**

***(ਭਾਈ ਲਖਬੀਰ ਸਿੰਘ)***

(ਪੰਨਾ 50 ਦੀ ਬਾਕੀ)

ਕਿ ਇਹ ਕੈਸਾ ਰਾਜਾ ਸੀ? ਰਾਜੇ ਵਿਚ ਤਾਂ ਇਤਨੀ ਤਾਕਤ ਨਹੀਂ ਹੁੰਦੀ ਕਿ ਉਹ ਮਹਿਲ ਮਿੰਟਾਂ ਵਿਚ ਉਸਾਰ ਦੇਵੇ, ਕੋਈ ਰਾਜਾ ਐਸਾ ਕਰ ਸਕਦਾ ਹੈ ਕਿ ਇਕ ਦ੍ਰਿਸ਼ਟੀ ਨਾਲ ਹੀ ਪੰਜ ਮੰਜਲਾ ਘਰ ਉਸਾਰ ਦੇਵੇ?

ਬੇਣੀ ਘਰ ਆ ਗਿਆ, ਮਾਤਾ ਨੇ ਸਾਰੀ ਗੱਲ ਉਸ ਨੂੰ ਦੱਸੀ।

ਬੇਣੀ ਨੇ ਮਾਤਾ ਨੂੰ ਕਿਹਾ ਕਿ ਤੂੰ ਤੇ ਰਾਜਾ ਰਾਜਾ ਕਰੀ ਜਾਂਦੀ ਹੈਂ। ਉਹ ਤਾਂ ਸਾਰੀਆਂ ਸ੍ਰਿਸ਼ਟੀਆਂ ਦਾ ਮਾਲਕ ਸੀ।

***ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥***
***ਪੰਨਾ - 612***

ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਤੇਰੇ ਘਰ ਆਇਆ ਸੀ। ਮਾਂ ਕਹਿਣ ਲੱਗੀ ਕਿ ਮੈਂ ਤਾਂ ਸੋਚਿਆ ਸੀ ਕਿ ਕੋਈ ਰਾਜਾ ਘਰ ਆ ਗਿਆ। ਸੋ ਜੈ ਜੈਕਾਰ ਹੋ ਰਹੀ ਹੈ।

***ਭਗਤ ਜਨਾਂ ਜੈਕਾਰੁ ਕਰਾਵੈ॥***
***ਭਾਈ ਗੁਰਦਾਸ ਜੀ ਦੀ 10/14***
***ਧਾਰਨਾ - ਪਿਆਰੇ ਜੀ, ਪੈਜ ਰਖੀ ਆਪਣੇ ਭਗਤ ਦੀ -2, 2.***
***ਜੈ ਜੈਕਾਰ ਜਗਤ ਵਿਚ ਹੋਵੇ -2, 2.***
***ਪਿਆਰੇ ਜੀ, ਪੈਜ ਰਖੀ,............ -2.***

ਬੇਣੀ ਸਭ ਕੁਝ ਦੇਖ ਕੇ ਹੈਰਾਨ ਹੋ ਰਿਹਾ ਹੈ। ਕਹਿਣ ਲੱਗਾ, ਮਾਂ! ਪ੍ਰਭੂ ਨੂੰ ਪਛਾਣ ਲੈਣਾ ਸੀ। ਉਹਦੇ ਤਾਂ ਦਰਸ਼ਨ ਨਹੀਂ ਹੋਇਆ ਕਰਦੇ। ਚਲ ਮਾਤਾ ਤੈਨੂੰ ਦਰਸ਼ਨ ਹੋ ਗਏ। ਵਾਹਿਗੁਰੂ ਦਾ ਐਸਾ ਬਿਰਧ ਹੈ ਕਿ ਆਪਣੇ ਭਗਤ ਦੀਆਂ 101 ਕੁਲਾਂ ਤਾਰਦਾ ਹੈ। ਭਾਵੇਂ ਹਰਨਾਖਸ਼ ਨੂੰ ਮਾਰਨ ਆਇਆ ਸੀ ਪਰ ਪ੍ਰਹਿਲਾਦ ਨੂੰ ਤਾਂ ਦਰਸ਼ਨ ਦਿੱਤੇ। ਇਕ ਵਾਰ ਇਕ ਬੱਚਾ ਜਿਸਨੇ ਸੁਣਿਆ ਕਿ ਫਲਾਣਾ ਚੜ੍ਹਾਈ ਕਰ ਗਿਆ ਹੈ, ਉਸ ਦੇ ਦਿਲ ਨੂੰ ਸਟ ਲੱਗੀ। ਜਦੋਂ ਚਿਤਾ ਜਲਦੀ ਦੇਖੀ ਉਹ ਕਿਥੇ ਪਹੁੰਚਿਆ। ਉਸ ਦੇ ਅੰਦਰ ਵੈਰਾਗ ਪੈਦਾ ਹੋ ਗਿਆ। ਅਸੀਂ ਵੀ ਬਹੁਤ ਦੇਰ ਤੋਂ ਸਤਸੰਗ ਸੁਣ ਰਹੇ ਹਾਂ। ਪਰ ਕੀ ਸਾਡੀ ਲਗਨ ਪੱਕੀ ਹੈ? ਕੀ ਸਾਡੇ ਅੰਦਰ ਵੈਰਾਗ ਜਾਗਿਆ ਹੈ, ਜਿਸਦੇ ਅੰਦਰ ਵੈਰਾਗ ਹੋ ਜਾਵੇ, ਉਮਰ ਭਾਵੇਂ ਕਿੰਨੀ ਵੀ ਲੰਘ ਗਈ ਹੋਵੇ, ਵਾਹਿਗੁਰੂ ਦੇ ਘਰ ਵਿਚ ਇਹਦੀ ਕੋਈ ਗਿਣਤੀ ਮਿਣਤੀ ਨਹੀਂ ਹੁੰਦੀ, ਉਥੇ ਕੇਵਲ ਪਿਆਰ ਤੇ ਭਾਵਨਾ ਗਿਣੀ ਜਾਂਦੀ ਹੈ। ਅਸੀਂ ਵੀ ਹਿੰਮਤ ਕਰੀਏ।

***ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ॥***
***ਪੰਨਾ - 632***

ਜੇ ਭਗਤਾਂ ਦਾ ਪਾਰ ਉਤਾਰਾ ਹੁੰਦਾ ਹੈ, ਤੇਰਾ ਵੀ ਹੋ ਸਕਦਾ ਹੈ। ਹਿੰਮਤ ਕਰਨ ਦੀ ਲੋੜ ਹੈ। ਭਗਤ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰੂਪ ਹੋ ਕੇ ਬੈਠੇ ਹਨ। ਸਦਾ ਵਾਸਤੇ ਅਮਰ ਹੋ ਗਏ। ਗੁਰੂ ਮਹਾਰਾਜ ਸਾਡੇ ਉਤੇ ਵੀ ਕ੍ਰਿਪਾ ਕਰਨ ਅਤੇ ਮਾਨਸ ਜਨਮ ਨੂੰ ਸਫਲਾ ਕਰ ਸਕੀਏ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

# ਸੁੰਦਰੀ

*ਡਾ. ਭਾਈ ਵੀਰ ਸਿੰਘ ਜੀ*

## 11. ਕਾਂਡ

ਇਕ ਬਾਉਰੀਆਂ ਵਾਲਾ ਫਕੀਰ ਆਉਂਦਾ ਹੈ। ਲੰਮਾਂ ਚੋਗਾ ਹੈ, ਪਰ ਲੀਰਾਂ ਵੀ ਲਟਕਦੀਆਂ ਹਨ, ਠੂਠਾ ਹੱਥ ਅਤੇ ਖੁੱਲ੍ਹਾ ਤੰਬਾ ਤੇੜ ਹੈ, ਇਕ ਟਟੂ ਨਾਲ ਹੈ, ਜਿਸ ਪੁਰ ਕਦੀ ਚੜ੍ਹ ਬੈਠਦਾ ਹੈ ਅਤੇ ਕਦੀ ਤੁਰ ਪੈਂਦਾ ਹੈ। ਕਦੀ ਅਰਬੀ ਵਿਚ ਕੁਝ ਗਾਉਂਦਾ ਹੈ, ਕਦੀ ਫਾਰਸੀ ਵਿਚ। ਕਦੀ ਹੀਰ ਰਾਂਝੇ ਦੇ ਟੱਪੇ, ਕਦੇ ਬਾਬੇ ਨਾਨਕ ਜੀ ਦੇ ਸਲੋਕ, ਪਰ ਇਕ ਤੁਕ ਬੜੇ ਪ੍ਰੇਮ ਨਾਲ ਗਾਉਂਦਾ ਹੈ; 'ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ।'

ਇਹ ਨਦੀ ਦੇ ਰੁਖ ਨੂੰ ਜਾ ਰਿਹਾ ਸੀ ਕਿ ਇਕ ਮੁਸਲਮਾਨ ਨੇ ਕਿਹਾ; 'ਸਾਈਂ! ਇਧਰ ਨਾ ਜਾਈਂ, ਪੱਤਣ ਦੇ ਦੋਵੇਂ ਨਾਕੇ ਸਿੱਖਾਂ ਮੱਲੇ ਹੋਏ ਹਨ, ਅਰ ਉਹਨਾਂ ਦੀ ਫੌਜ ਲੰਘ ਰਹੀ ਹੈ, ਤੁਸੀਂ ਉਧਰ ਨਾ ਜਾਣਾ, ਮਤਾਂ ਛੋਲਿਆਂ ਨਾਲ ਘੁਣ ਵਾਂਙੂ ਪਿਸ ਜਾਓ।'

ਸਾਂਈਂ – ਮਰਦੂਦ ਸਿੱਖ, ਬੰਦੇ ਸਾਂਈ ਦੇ ਕਿਧਰ ਜਾਵੇਂ ਫਿਰ?

ਮਨੁਖ – ਸਾਂਈ ਜੀ! ਔਹ ਹੇਠਲੀ ਪਗਡੰਡੀ ਪੈ ਜਾਓ, ਤਦ ਤੁਸੀਂ ਇਕ ਟਿਕਾਣੇ ਪਹੁੰਚੋਗੇ ਜਿਥੇ ਦੋ ਚਾਰ ਬੇੜੀਆਂ ਵਾਲੇ ਮਲਾਹ ਲੁਕ ਕੇ ਜਾ ਬੈਠੇ ਹਨ। ਉਥੋਂ ਕਿਸੇ ਬੇੜੀ ਵਿਚ ਬੈਠ ਕੇ ਪਾਰ ਹੋ ਜਾਣਾ।

ਸਾਂਈ – ਕੋਈ ਹੋਰ ਵੀ ਇਸ ਰਸਤੇ ਪਿਆ ਹੈ?

ਮਨੁਖ – ਜੀ ਅੱਲਾ ਵਾਲੇ! ਤੁਹਾਥੋਂ ਅੱਗੇ ਹੀ ਅੱਗੇ ਇਕ ਮੁਗਲ, ਕਬੀਲੇ ਸਮੇਤ ਲੰਘਿਆ ਹੈ। ਮੈਂ ਇਥੇ ਇਸੇ ਕਰ ਕੇ ਖਲੋਤਾ ਹਾਂ, ਜੇ ਕੋਈ ਬੰਦਾ ਰੱਬ ਦਾ ਪਾਰ ਹੋਣਾ ਚਾਹੇ ਤਾਂ ਉਸ ਨੂੰ ਏਧਰ ਘੱਲਾਂ ਤੇ ਸਿੱਖਾਂ ਤੋਂ ਬਚਾ ਦਿਆਂ।

ਸਾਂਈ – ਪੱਤਣ ਉਤੇ ਸਿਪਾਹੀ ਹੁੰਦੇ ਹਨ?

ਮਨੁਖ – ਉਹ ਸਿੱਖਾਂ ਨੇ ਆਉਂਦੇ ਸਾਰ ਅੰਦਰ ਡੱਕ ਦਿੱਤੇ ਹਨ।

ਫਕੀਰ ਹੁਰੀਂ ਸਿੱਖਾਂ ਦੇ ਨਾਮ ਥੋਂ ਅਜੇਹੇ ਡਰੇ ਜੋ ਟੱਟੂ ਤੇ ਪਲਾਕੀ ਮਾਰ ਉਸ ਪੋਯੇ ਪਾ ਦਿੱਤਾ ਅਰ ਝੱਟ ਪੱਟ ਪੱਤਣ ਉਤੇ ਪਹੁੰਚ ਗਏ। ਅੱਗੋਂ ਕੀ ਦੇਖਦੇ ਹਨ ਜੋ ਇਕ ਬੇੜੀ ਹੈ ਅਰ ਉਸ ਦਾ ਪੂਰ ਪੂਰਾ ਹੋ ਗਿਆ ਹੈ। ਲੱਗੇ ਮਿੰਨਤਾਂ ਕਰਨ 'ਵਾਸਤੇ ਅੱਲਾ ਪਾਕ ਦੇ, ਮੈਨੂੰ ਭੀ ਬਿਠਾ ਲਓ।' ਉਸ ਬੇੜੀ ਵਿਚ ਇਕ ਸਰਦਾਰ ਤੇ ਬੇਗਮ ਦਾ ਡੋਲਾ ਸੀ, ਕੁਝ ਘੋੜੇ ਅਤੇ ਨੌਕਰ ਚਾਕਰ ਵੀ ਸਨ। ਅਮੀਰ ਨੇ ਤਾਂ ਸਾਂਈ ਦੀ ਇਕ ਨਾ ਮੰਨੀ, ਪਰ ਮਲਾਹ ਲੋਕੀਂ ਫਕੀਰਾਂ ਥੋਂ ਬਹੁਤ ਡਰਦੇ ਹਨ, ਕਿਉਂਕਿ ਓਹਨਾਂ ਨੂੰ ਨਿਸ਼ਚਾ ਹੁੰਦਾ ਹੈ ਕਿ ਫਕੀਰਾਂ ਦੀ ਬਦ ਦੁਆ ਨਾਲ ਬੇੜੇ ਡੁਬ ਜਾਂਦੇ ਹਨ। ਗੱਲ ਕਾਹਦੀ, ਮਲਾਹ ਦੇ ਕਹਿਣ ਪੁਰ ਵਿਚਾਰੇ ਨੂੰ ਥਾਂ ਮਿਲ ਗਈ। ਟੱਟੂ ਵੀ ਇਕ ਨੁਕਰੇ ਖੜ੍ਹਾ ਕਰ ਦਿੱਤਾ ਤੇ ਮਲਾਹ ਨੇ ਸਾਂਈ ਦਾ ਨਾਉਂ ਲੈ ਬੇੜਾ ਠੇਲ੍ਹ ਦਿੱਤਾ।

ਇਸ ਵੇਲੇ ਅਕਾਸ਼ ਵਿਚ ਕਿਤੇ ਕਿਤੇ ਬੱਦਲ ਸਨ ਅਰ ਪੌਣ ਸਹਿਜੇ ਸਹਿਜੇ ਵਗ ਰਹੀ ਸੀ। ਫਕੀਰ ਹੁਰੀਂ ਮਸਤੀ ਵਿਚ ਆ ਕੇ ਲੱਗੇ ਕੁਰਾਨ ਸ਼ਰੀਫ ਦੀਆਂ ਆਇਤਾਂ ਗਾਉਣ। ਉਸ ਮਸਤੀ ਵਿਚ ਕਿਤੇ ਇਹ ਟੱਪਾ ਭੀ ਗਾਉ ਗਏ 'ਮੇਰੋ ਸੁੰਦਰ ਕਹਹੁ ਮਿਲੇ ਕਿਤੁ ਗਲੀ।' ਸੱਚਮੁਚ ਐਸ ਵੇਲੇ ਨਦੀ ਦਾ ਸਮਾਂ, ਬੱਦਲ ਦੀ ਮੌਜ, ਹਵਾ ਦੇ ਠੇਕੇ ਤੇ ਫਕੀਰ ਦੀ ਮਸਤ ਲੈਅ ਇਕ ਜਾਦੂ ਸੀ, ਸਾਰੇ ਜਣੇ ਮਸਤ ਹੋ ਗਏ ਅਰ ਫਕੀਰ ਉਤੇ ਡਾਢੇ ਪ੍ਰਸੰਨ ਹੋਏ। ਅਮੀਰ ਹੁਰੀਂ ਵੀ ਸਰੂਰ ਵਿਚ ਸਿਰ ਹਿਲਾਉਣ ਲੱਗ ਪਏ, ਪਰ ਬੇਗਮ ਸਾਹਿਬ ਨੂੰ ਖਬਰੇ ਕੀ ਵੈਰਾਗ ਆਇਆ ਕਿ ਅਜੇਹਾ ਡੂੰਘਾ ਅਰ ਦਰਦ ਭਰਿਆ ਹੋਇਆ ਠੰਢਾ ਸਾਹ ਲਿਆ ਕਿ ਸਾਂਈ ਹੁਰੀਂ ਮਸਤੀ ਭੁੱਲ ਕੇ ਤ੍ਰਬਕ ਉਠੇ ਅਰ 'ਲਾਹੌਲ ਵਲਾ ਕੁਵਤ' ਪੁਕਾਰਨ ਲੱਗ ਪਏ। ਪਰ ਅਮੀਰ ਇਹ ਹਾਲ ਵੇਖ ਕੇ ਬੋਲਿਆ, 'ਸਾਂਈ ਜੀ! ਖੈਰ ਮਿਹਰ ਹੈ, ਤੁਸੀਂ ਗਾਵੀਂ ਚਲੋ ਛੇਕੜਲਾ ਟੱਪਾ ਜ਼ਰਾ ਫੇਰ ਲੈਅ ਨਾਲ'। ਸਾਂਈ ਹੁਰਾਂ ਨੇ ਫਿਰ ਸੁਰ ਲਾਈ ਤੇ ਤੁਕ ਗਾਵੀ। ਫੇਰ ਬੇਗਮ ਸਾਹਿਬ ਨੇ ਹਉਕਾ ਭਰਿਆ ਅਰ ਨਾਲ ਹੀ ਇਹ ਗੱਲ ਮੂੰਹੋ ਨਿਕਲੀ 'ਸ਼ੋਕ'!

ਹੁਣ ਫਕੀਰ ਹੋਰੀਂ ਸਭੇ ਰਾਗ ਛੱਡ ਕੇ ਅਮੀਰ ਨੂੰ ਆਖਣ ਲੱਗੇ; 'ਤੂੰ ਕਾਫਰ ਹੈਂ ਜੋ ਬੀਵੀ ਨੂੰ ਤੰਗ ਰੱਖਦਾ ਹੈਂ, ਖੁਦਾ ਪਾਕ ਦਾ ਹੁਕਮ ਆਪਣੀ ਔਰਤ ਉਤੇ ਸਖਤੀ ਕਰਨ ਦਾ ਨਹੀਂ।' ਅਮੀਰ ਨੇ ਉਸਨੂੰ ਬਹੁਤ ਕੁਝ ਸਮਝਾਇਆ, ਪਰ ਸਾਂਈ ਹੁਰੀਂ ਬੇਤੁਕੀਆਂ ਲਾਈ ਗਏ। ਕੰਨ ਡੋਲੇ ਵੱਲ ਸਨ, ਮੂੰਹ ਅਮੀਰ ਵਲ ਸੀ, ਪਲ ਭਰ ਮਗਰੋਂ ਫਕੀਰ ਹੁਰੀਂ ਅੱਖਾਂ ਮੀਟ ਕੇ, ਕਿੰਨਾ ਚਿਰ ਐਉਂ ਬੈਠੇ ਰਹੇ, ਜਿੱਕੁਰ ਜੋਗੀ ਸਮਾਧੀ ਲਾਉਂਦਾ ਹੈ। ਫੇਰ ਅੱਖਾਂ ਖੋਲ੍ਹ ਕੇ ਬੋਲੇ, 'ਸਰਦਾਰ ਸਾਹਿਬ! ਇਸ ਡੋਲੇ ਵਿਚ ਆਪਦੀ ਤੀਵੀਂ ਨਹੀਂ, ਗੈਰ ਔਰਤ ਹੈ, ਅਰ ਉਸ ਦੇ ਹੱਥ ਪੈਰ ਬੱਧੇ ਹੋਏ ਹਨ, ਇਹ ਅਸਾਂ ਗੈਬ ਦੇ ਇਲਮ ਨਾਲ ਡਿੱਠਾ ਹੈ।' ਅਮੀਰ ਅਚੰਭਾ ਰਹਿ ਗਿਆ ਪਰ ਪੈਰੀਂ ਹੱਥ ਲਾ ਕੇ ਬੋਲਿਆ, 'ਹੇ ਵਲੀ ਸਾਂਈ ਦੇ! ਤੂੰ ਤਾਂ ਗੁੱਝਾ ਲਾਲ ਨਿਕਲ ਆਇਉਂ।'

ਪਲ ਮਗਰੋਂ ਪੌਣ ਫਰਾਟੇ ਮਾਰਵੀਂ ਵਗਣ ਲਗੀ, ਲਹਿਰਾਂ ਨੇ ਜੋਸ਼ ਮਾਰਿਆ, ਬੇੜੀ ਹੇਠ ਉਤੇ ਹੋਣ ਲੱਗੀ। ਹੁਣ ਤਾਂ ਸਾਰੇ ਸਾਂਈ ਦੇ ਪੈਰੀਂ ਪਏ ਕਿ ਕੋਈ ਰੇਖ ਵਿਚ ਮੇਖ ਮਾਰੋ ਅਰ ਬੇੜੀ ਨੂੰ ਡੁੱਬਣੋ ਬਚਾਓ।

ਸਾਂਈ ਜੀ ਬੋਲੇ – ਦੇਖੋ! ਡੋਲੇ ਵਿਚ ਜੋ ਔਰਤ ਹੈ ਉਸ ਦੇ ਬੰਦ ਖੋਲ੍ਹ ਦਿਓ; ਡੋਲੀ ਵਿਚੋਂ ਉਸ ਨੂੰ ਕੱਢ ਲਓ ਅਤੇ ਡੋਲੀ ਨੂੰ ਨਦੀ ਵਿਚ ਸੁੱਟ ਦਿਓ, ਮੇਰਾ ਟੱਟੂ ਤੇ ਆਪਣਾ ਘੋੜਾ ਛੱਡ ਕੇ ਬਾਕੀ ਸਭ ਬੋਝ ਤੇ ਚੀਜ਼ਾਂ ਬੀ ਨਦੀ ਵਿਚ ਸੁੱਟ ਦਿਓ।

ਜਾਨ ਵੱਡੀ ਪਿਆਰੀ ਚੀਜ਼ ਹੈ, ਇਕ ਪਲ ਵਿਚ ਹੁਕਮ ਦੀ ਤਾਮੀਲ ਹੋ ਗਈ। ਫਕੀਰ ਜੀ ਉਸ ਇਸਤ੍ਰੀ ਦੀ, ਜੋ ਡੋਲੀਉਂ ਨਿਕਲੀ, ਸੂਰਤ ਵੇਖ ਕੇ ਬੋਲੇ 'ਅੱਲਾਹ.......। ਬੰਦ ਖੋਹਲੋ, ਇਹ ਤਾਂ ਬੰਦਗੀ ਵਾਲਾ ਚਿਹਰਾ ਹੈ, ਜਲਦੀ ਕਰੋ।'

ਹੁਣ ਹਵਾ ਵੀ ਕੁਝ ਘਟੀ ਤੇ ਭਾਰ ਵੀ ਹੌਲਾ ਹੋ ਗਿਆ, ਬੇੜੀ ਵੀ ਟਿਕ ਕੇ ਟੁਰ ਪਈ ਅਰ ਕੁਝ ਚਿਰ ਮਗਰੋਂ ਕੰਢੇ ਆ ਲੱਗੇ। ਕੰਢੇ ਤੇ ਪਹੁੰਚ ਕੇ ਇਕ ਖੁਲ੍ਹੀ ਥਾਂ ਉਤਾਰਾ ਕੀਤਾ ਗਿਆ। ਚਾਰ ਕੁਹਾਰ ਤੇ ਸਵਾਰ ਪਿੰਡ ਨੂੰ ਘੱਲੇ ਗਏ ਕਿ ਕੋਈ ਡੋਲਾ ਹੋਰ ਲਿਆਉਣ ਤੇ ਘੋੜਿਆਂ ਦਾ ਬੰਦੋਬਸਤ ਕਰਨ ਅਰ ਖਾਣ ਪੀਣ ਦਾ ਸਮਿਆਨ ਬੀ ਲਿਆਉਣ। ਆਪ ਅਮੀਰ ਸਾਹਿਬ ਜੀ ਦਰੀ ਪਰ ਇਕ ਪੇਚਵਾਨ ਰਖਕੇ ਤੱਕੀਏ ਦਾ ਢੋ ਲਾ ਕੇ ਬੈਠ ਗਏ ਤੇ ਕਮਰ-ਕੱਸਾ ਖੋਲ੍ਹ ਕੇ ਅੱਗੇ ਰੱਖ ਲਿਆ।

ਤੀਵੀਂ ਸਾਹਮਣੇ ਬੈਠੀ ਸ਼ੋਕ ਸਮੁੰਦਰ ਵਿਚ ਡੁੱਬੀ ਹੋਈ ਸੀ ਅਰ ਇਕ ਪਾਸੇ ਸਾਂਈ ਜੀ ਬੈਠੇ ਫੇਰ ਗਾਉਣ ਲੱਗ ਪਏ।

ਜਦ ਕੁਝ ਕੁ ਗਾਉ ਚੁਕੇ, ਤਦ ਤੀਵੀਂ ਬੋਲੀ 'ਸਾਂਈ ਜੀ! ਤੁਸੀਂ ਰੱਬ ਦੇ ਤਰਸ ਵਾਲੇ ਬੰਦੇ ਦਿਸਦੇ ਹੋ, ਸਾਡਾ ਨਿਆਂ ਕਰਨਾ।' ਸਾਂਈ ਹੋਰੀਂ ਬੋਲੇ, 'ਵਾਹ ਵਾਹ ਤੂੰ ਆਪਣਾ ਸਮਾਚਾਰ ਕਹੁ।' ਤਦ ਉਸ ਇਸਤ੍ਰੀ ਨੇ ਸਾਰਾ ਹਾਲ ਸੁਣਾਯਾ ਕਿ ਇਹੋ ਅਮੀਰ ਇਕ ਬਨ ਵਿਚ ਘਾਇਲ ਪਿਆ ਸੀ, ਮੈਂ ਇਸ ਦੀ ਮਹੀਨਾ ਦਿਨ ਮਾਵਾਂ ਤੋਂ ਵਧ ਕੇ ਸੇਵਾ ਕੀਤੀ, ਹੁਣ ਇਹ ਮੈਨੂੰ ਕੈਦ ਕਰਕੇ ਲੈ ਚਲਿਆ ਹੈ। ਅਮੀਰ ਨੇ ਉੱਤਰ ਦਿੱਤਾ ਕਿ ਮੈਂ ਉਸ ਸੇਵਾ ਦਾ ਹੱਕ ਦੇਣ ਲੱਗਾ ਹਾਂ ਕਿ ਇਸ ਨੂੰ ਆਪਣੇ ਮਾਲਕ ਦੀ ਬੇਗਮ ਬਣਾਕੇ ਇਡੇ ਵੱਡੇ ਮੁਰਾਤਬੇ ਚਾੜ੍ਹਿਆ ਚਾਹੁੰਦਾ ਹਾਂ। ਦੁਹਾਂ ਦੀ ਗੱਲ ਸੁਣਕੇ ਸਾਂਈ ਹੁਰੀਂ ਹੱਸ ਪਏ ਅਰ ਆਖਣ ਲੱਗੇ, 'ਹੇ ਬੀਬੀ! ਤੂੰ ਝੂਠੀ ਹੈਂ, ਤੇ ਸਰਦਾਰ ਸੱਚਾ ਹੈ।'

ਜਾਂ ਇਹ ਗੱਲ ਤੀਵੀਂ ਨੇ ਸੁਣੀ ਤਾਂ ਅੱਖਾਂ ਵਿਚ ਲਹੂ ਭਰ ਆਯਾ। ਸਾਂਈ ਹੁਰੀਂ ਤਾਂ ਕਿਸੇ ਸੋਚ ਵਿਚ ਡੁਬ ਗਏ ਸਨ ਤੇ ਸਰਦਾਰ ਸਾਹਿਬ ਬੀ ਇਕ ਹੁਲਾਰਾ ਲੈ ਕੇ ਮਸਤ ਜਿਹੇ ਹੋ ਰਹੇ ਸਨ। ਉਸ ਸ਼ੇਰਨੀ ਨੇ ਉਸ ਕ੍ਰੋਧ ਦੀ ਅੱਗ ਵਿਚ ਭੜਕ ਕੇ ਡਾਢੀ ਫੁਰਤੀ ਨਾਲ ਉਠਕੇ ਸਰਦਾਰ ਦੇ ਕਮਰ ਕੱਸੇ ਦੀ ਤਲਵਾਰ ਜੋ ਅਗੇ ਪਈ ਸੀ, ਮਿਆਨ ਵਿਚੋਂ ਖਿਚ ਲਈ ਅਰ ਸੂਤ ਕੇ ਐਉਂ ਖੜੋ ਗਈ ਕਿ ਮਾਨੋ ਦੁਰਗਾ, ਦੈਂਤਾਂ ਦੇ ਸੰਘਾਰ ਨੂੰ ਆ ਖੜੋਤੀ ਹੈ। ਉਹ ਹੱਕਾ-ਬੱਕਾ ਦੁਹਾਂ ਹੱਥਾਂ ਨੂੰ ਚਿਹਰੇ ਅਗੇ ਕਰਕੇ ਕੰਬਦਾ ਤੇ ਹੈਰਾਨੀ ਵਿਚ ਬਚਣ ਦਾ ਦਾਉ ਸੋਚਦਾ ਹੀ ਸੀ ਕਿ ਦੁਰਗਾ ਰੂਪੀ ਸੁੰਦਰੀ ਨੇ ਤੁਲਵੇਂ ਹੱਥਾਂ ਦਾ ਇਕ ਅਜਿਹਾ ਵਾਰ ਕੀਤਾ ਕਿ ਸਰਦਾਰ ਦੇ ਮੋਢੇ ਤੋਂ ਲੈ ਕੇ ਲੱਕ ਤੀਕ ਜਨੇਊ ਵਾਂਗ ਦੁਸਾਰ ਪਾਰ ਚੀਰ ਪੈ ਗਿਆ ਅਰ ਦੁਸ਼ਟ ਨਾ-ਸ਼ੁਕਰੇ ਦੀ ਲੋਥ ਧਰਤੀ ਪਰ ਤੜਫਨ ਲੱਗੀ। ਸ਼ੇਰ ਦਿਲ ਇਸਤ੍ਰੀ ਨੇ ਤਲਵਾਰ ਸਿੱਟੀ ਅਰ ਸਰਦਾਰ ਦਾ ਘੋੜਾ ਬ੍ਰਿਛ ਨਾਲੋਂ ਖੋਲ੍ਹ, ਪਲਾਕੀ ਮਾਰ ਨਦੀ ਦੇ ਉਪਰਲੇ ਪਾਸੇ ਨੂੰ ਵਾਗਾਂ ਮੋੜੀਆਂ। ਸਾਂਈ ਹੁਰੀਂ ਭੀ ਟੱਟੂ ਉਤੇ ਚੜ੍ਹਕੇ ਮਗਰੇ ਹੋਏ ਤੇ ਲੱਗੇ ਵਾਜਾਂ ਮਾਰਨ – ਹੇ ਸੁੰਦਰੀ! ਹੇ ਸੁੰਦਰੀ! ਠਹਿਰ ਜਾ, ਮੈਂ ਤੇਰੀ ਭਾਲ ਵਿਚ ਹੀ ਆਯਾ ਸਾਂ। ਪਰ ਦੁੱਧ ਦਾ ਸੜਿਆ ਲੱਸੀ ਨੂੰ ਫੂਕਦਾ ਹੈ। ਸੁੰਦਰੀ, ਬਹਾਦਰ ਸੁੰਦਰੀ, ਧਰਮੀ ਸੁੰਦਰੀ ਪਲੋ ਪਲੀ ਵਿਚ ਨਜ਼ਰੋਂ ਉਹਲੇ ਹੋ ਗਈ।

ਸਾਂਈ ਹੁਰਾਂ ਭੀ ਥੋੜ੍ਹੀ ਦੂਰ ਜਾਕੇ ਤੰਬਾ ਲਾਹਿਆ ਤਾਂ ਕਛਹਿਰਾ ਨਿਕਲਿਆ, ਚੋਗਾ ਲਾਹਿਆ ਤਾਂ ਕੁੜਤਾ ਕਮਰਕੱਸਾ ਤੇ ਤਲਵਾਰ ਦਿੱਸੀ। ਗੁਥਲਾ ਖੋਲ੍ਹ ਦਸਤਾਰ ਸਜਾਈ, ਤਦ ਕਾਯਾਂ ਹੀ ਪਲਟ ਗਈ। ਕਿਥੇ ਸਾਈਂ ਜੀ ਸਨ, ਕਿਥੇ ਬਿਜਲਾ ਸਿੰਘ ਜੀ ਬਣ ਗਏ। ਹੁਣ ਆਪ ਪੱਤਣ ਤੇ ਨਾਕੇ ਕੋਲ ਪਹੁੰਚੇ, ਜਿਥੋਂ ਸਾਰਾ ਖਾਲਸਾ ਪਾਰ ਹੋ ਚੁਕਾ ਸੀ। ਬਲਵੰਤ ਸਿੰਘ ਅਰ ਸਾਰੇ ਸਿਖ, ਜੋ ਸੁੰਦਰੀ ਦੀ ਭਾਲ ਦਸ ਦਸ ਕੋਹ ਤੱਕ ਕਰ ਆਏ ਸਨ, ਨਿਰਾਸ ਮੁੜ ਆਏ ਸਨ। ਬਿਜਲਾ ਸਿੰਘ ਨੇ ਸੁੰਦਰੀ ਦਾ ਸਾਰਾ ਹਾਲ ਦੱਸਿਆ, ਉਸੇ ਵੇਲੇ ਬਲਵੰਤ ਸਿੰਘ ਤੇ ਦਸ ਕੁ ਹੋਰ ਸਿੰਘ ਭਾਲ ਕਰਨ ਉਸ ਰੁਖ ਨੂੰ ਗਏ ਜਿਧਰ ਬਿਜਲਾ ਸਿੰਘ ਨੇ ਪਤਾ ਦਿੱਤਾ ਸੀ ਕਿ ਸੁੰਦਰੀ ਗਈ ਹੈ ਤੇ ਬਾਕੀ ਫੌਜ ਨਦੀ ਦੀ ਉਤਰ ਪੱਛੋਂ ਦੇ ਰੁਖ ਨੂੰ ਤੁਰ ਪਈ।

## 12 ਕਾਂਡ

ਲਖਪਤ ਰਾਇ ਸਿੱਖਾਂ ਦੇ ਮਗਰ ਅਜਿਹਾ ਹੱਥ ਧੋ ਕੇ ਪਿਆ ਸੀ ਕਿ ਮਾਨੋ ਸਿੱਖ ਮਾਰਨੇ ਉਹ ਮੁਕਤੀ ਦਾ ਰਸਤਾ ਸਮਝਦਾ ਸੀ। ਬਿਜਲਾ ਸਿੰਘ ਦੀ ਜ਼ਬਾਨੀ ਪਾਠਕਾਂ ਨੇ ਕਈ ਹਾਲ ਸੁਣ ਹੀ ਲਏ ਹਨ, ਉਨ੍ਹਾਂ ਤੇ ਹੀ ਬੱਸ ਨਹੀਂ, ਇਸ ਨੇ ਖਾਲਸੇ ਦਾ ਬੀਜ ਨਾਸ ਕਰਨੋਂ ਫਰਕ ਨਹੀਂ ਕੀਤਾ। ਇਸ ਦੇ ਇਸ ਜਤਨ ਤੇ ਮਿਹਨਤ ਨੂੰ ਵੇਖ ਕੇ ਮੁਸਲਮਾਨ ਹਾਕਮ ਅੱਗੇ ਹੀ ਸਿੱਖਾਂ ਦਾ ਖੁਰਾ-ਖੋਜ ਮਿਟਾ ਰਹੇ ਸਨ ਪਰ ਹੁਣ ਤਾਂ ਸਾਰੇ ਪੰਜਾਬ ਵਿਚ ਪਿਛਲੀ ਅੱਗ ਦੂਣੀ ਹੋ ਮੱਚੀ। ਅਸਲ ਵਿਚ ਨਾਦਰ ਦੇ ਹਮਲੇ ਦੇ ਬਾਅਦ ਖਾਨ ਬਹਾਦਰ ਨੇ 1796 ਤੋਂ 1801 ਬਿ: ਤਕ ਸਿੱਖਾਂ ਦੀ ਕਤਲਾਮ ਜਾਰੀ ਰੱਖੀ ਸੀ। ਪਿੰਡ ਦੇ ਚੌਧਰੀਆਂ ਨੂੰ ਹੁਕਮ ਸੀ ਕਿ ਜਿਥੇ ਸਿੱਖ ਮਿਲੇ, ਮਰਵਾ ਦਿਓ ਤੇ ਘਰ ਬਾਰ ਜ਼ਿਮੀ ਜ਼ਬਤ ਕਰ ਲਓ। ਗਸ਼ਤੀ ਫੌਜ ਇਲਾਕਿਆਂ ਵਿਚ ਸਿੱਖਾਂ ਨੂੰ ਮਾਰਨ ਵਾਸਤੇ ਫਿਰਨ ਲੱਗੀ। ਤਵਾਰੀਖ ਤੇ ਪੁਰਾਣੇ ਗ੍ਰੰਥਾਂ ਨੂੰ ਪੜ੍ਹ ਕੇ ਸਰੀਰ ਕੰਬ ਉਠਦਾ ਹੈ। ਜੋ ਜੋ ਕਹਿਰ ਉਸ ਸਮੇਂ ਖਾਲਸੇ ਨੇ ਬਹਾਦਰੀ ਨਾਲ ਸਹਾਰੇ, ਲੇਖਣੀ ਲਿਖ ਨਹੀਂ ਸਕਦੀ, ਅੱਖਾਂ ਪੜ੍ਹ ਨਹੀਂ ਸਕਦੀਆਂ, ਕੰਨ ਸੁਣ ਨਹੀਂ ਸਕਦੇ। ਪਿੰਡੀਂ ਤੇ ਸ਼ਹਿਰੀਂ ਸਿੱਖ ਮਾਰੇ ਗਏ। ਮੁਖਬਰੀਆਂ ਦਾ ਬਜ਼ਾਰ ਡਾਢੀ ਰੌਣਕ ਪੁਰ ਹੋ ਗਿਆ। ਸਿੱਖਾਂ ਦੇ ਫੜਵਾਉਣ ਵਾਲਿਆਂ ਨੂੰ ਚੋਖੇ ਚੋਖੇ ਇਨਾਮ ਮਿਲਦੇ, ਪਰ ਵਾਹ ਵਾਹ ਖਾਲਸਾ ਝਵਿਆਂ ਨਹੀਂ। ਫੜੇ ਗਏ ਤਾਂ ਹੱਸ ਹੱਸ ਕੇ ਮਰੇ। ਅਨੇਕਾਂ ਸ਼ਹਿਰਾਂ ਪਿੰਡਾਂ ਨੂੰ ਛੱਡ ਛੱਡ ਕੇ ਜੰਗਲਾਂ ਵਿਚ ਪਹਾੜਾਂ ਵਿਚ ਜਾ ਵਸੇ, ਅਰ ਪਿਆਰੇ ਧਰਮ ਦੀ ਖਾਤਰ ਅਸਹਿ ਤੇ ਅਕਹਿ ਕਸ਼ਟ ਸਹਾਰੇ। ਐਥੋਂ ਤੀਕ ਕਿ ਸਿੰਘਾਂ ਦੇ ਜਥੇ, ਜੋ ਗਸ਼ਤੀ ਫੌਜ ਦੇ ਕਾਬੂ ਚੜ੍ਹ ਜਾਂਦੇ ਤਾਂ ਲਾਹੌਰ ਲਿਆ ਕੇ ਤਸੀਹੇ ਦੇ ਕੇ ਮਾਰੇ ਜਾਂਦੇ। ਚਰਖੜੀਆਂ ਤੇ ਚਾੜ੍ਹਨਾ ਤੇ ਅਨੇਕਾਂ ਕਸ਼ਟ ਦੇਣੇ। ਲਾਹੌਰ ਸਿੰਘਾਂ ਦੇ ਸਿਰਾਂ ਨਾਲ ਖੂਹ ਭਰੇ ਗਏ ਤੇ ਬੁਰਜ ਉਸਾਰੇ ਗਏ। ਇਨ੍ਹੀਂ ਦਿਨੀਂ ਹੀ ਦਰਬਾਰ ਸਾਹਿਬ ਵਿਚ ਮੱਸਾ ਰੰਘੜ ਬੇਅਦਬੀ ਕਰ ਰਿਹਾ ਸੀ ਜਦੋਂ ਕਿ ਮਹਿਤਾਬ ਸਿੰਘ ਨੇ ਆ ਕੇ ਉਸ ਦਾ ਸਿਰ ਵੱਢ ਲਿਆ ਸੀ। ਦਰਬਾਰ ਸਾਹਿਬ ਦੇ ਇਰਦ ਗਿਰਦ ਫੌਜ ਦਾ ਪਹਿਰਾ ਰਹਿੰਦਾ ਸੀ ਕਿ ਕੋਈ ਸਿੱਖ ਮੰਦਰ ਵਿਚ ਨਾ ਆਉਣਾ ਪਾਵੇ, ਕਿਉਂਕਿ ਇਹ ਇਕ ਕਹਾਵਤ ਚਲੀ ਆਉਂਦੀ ਹੈ ਕਿ ਇਕ ਦਿਨ ਨਵਾਬ ਲਾਹੌਰ ਨੇ ਸਿੱਖਾਂ ਦੇ ਐਡੇ ਬਲੀ ਹੋਣ ਦਾ ਅਰ ਧਰਮ ਛੱਡਣ ਦਾ ਕਾਰਨ ਪੁਛਿਆ ਤਦ ਕਿਸੇ ਜੋਤਸ਼ੀ ਨੇ

ਦੱਸਿਆ ਕਿ ਇਹ ਲੋਕ ਅੰਮ੍ਰਿਤ ਛਕਦੇ ਹਨ, ਇਨ੍ਹਾਂ ਦੇ ਗੁਰੂ ਵੱਡੇ ਔਲੀਆ ਸਨ। ਉਨ੍ਹਾਂ ਦਾ ਅੰਮ੍ਰਿਤ ਪੀ ਕੇ ਇਹ ਅਮਰ ਹੋ ਜਾਂਦੇ ਹਨ ਅਤੇ ਅੰਮ੍ਰਿਤਸਰ ਇਸ਼ਨਾਨ ਕਰਕੇ ਆਪਣੇ ਬਲ ਦਾ ਵਾਧਾ ਪ੍ਰਾਪਤ ਕਰਦੇ ਹਨ। ਇਹ ਗੱਲ ਸੁਣ ਕੇ ਉਨ੍ਹਾਂ ਨੇ ਅੰਮ੍ਰਿਤਸਰ ਵਿਚ ਸਿੱਖਾਂ ਦਾ ਨਹਾਉਣਾ ਰੋਕ ਦਿਤਾ। ਪਰ ਉਹ ਮੂਰਖ ਕੀ ਜਾਨਣ, ਸਿੱਖ ਕੱਚੀ ਮਿੱਟੀ ਦੇ ਘੜੇ ਨਹੀਂ ਹਨ, ਇਨ੍ਹਾਂ ਦੇ ਮਨ ਫੌਲਾਦ ਨਾਲੋਂ ਭੀ ਕਰੜੇ ਤੇ ਪੱਥਰ ਨਾਲੋਂ ਬੀ ਪੀਡੇ ਹਨ। ਖਾਲਸਾ ਰਾਤ ਨੂੰ ਚੋਰੀ ਇਸ਼ਨਾਨ ਕਰ ਜਾਇਆ ਕਰੇ। ਕਈ ਵਾਰੀ ਨ੍ਹਾਉਂਦੇ ਸਿੰਘ ਦਰਬਾਰ ਸਾਹਿਬ ਦੇ ਉਨ੍ਹਾਂ ਪਵਿੱਤਰ ਪੌੜਾਂ ਉਤੇ ਇਸ਼ਨਾਨ ਕਰਦੇ ਤੇ ਜਪੁ ਸਾਹਿਬ ਉਚਾਰਦੇ ਉਚਾਰਦੇ ਪਹਿਰੇਦਾਰਾਂ ਦੀਆਂ ਬੰਦੂਕਾਂ ਦਾ ਨਿਸ਼ਾਨਾ ਹੋ ਕੇ ਸ਼ਹੀਦੀ ਪਾਉਂਦੇ, ਪਰੰਤੂ ਹਠ ਨਾ ਛਡਦੇ। ਇਸ ਅਵਸਥਾ ਨੂੰ ਵੇਖ ਕੇ ਇਕ ਦਿਨ ਇਕ ਤੁਰਕ ਅਹੁਦੇਦਾਰ ਨੇ ਬੋਲੀ ਮਾਰੀ ਕਿ ਜੇ ਸਿੰਘ ਬਹਾਦਰ ਹਨ ਤਾਂ ਦਿਨ ਦਿਹਾੜੇ ਆ ਕੇ ਨ੍ਹਾਉਣ, ਰਾਤ ਗਿੱਦੜਾਂ ਵਾਂਗੂੰ ਕਿਉਂ ਆਉਂਦੇ ਹਨ? ਇਹ ਬੋਲੀ ਜਦ ਸਿੱਖਾਂ ਨੇ ਸੁਣੀ ਤਾਂ ਅੱਗ-ਭਬੂਕਾ ਹੋ ਗਏ।

ਸੁਖਾ ਸਿੰਘ ਨਾਮੇ ਇਕ ਸਿੰਘ ਸੀ, ਜੋ ਪਹਿਲੇ ਆਪਣੇ ਪਿੰਡ ਵਿਚ ਵਸਦਾ ਸੀ ਅਰ ਤੁਰਕਾਂ ਦੇ ਜ਼ੁਲਮ ਤੋਂ ਡਰਦੇ ਉਸ ਦੇ ਮਾਪਿਆਂ ਨੇ ਉਸ ਦੀ ਬੇਹੋਸ਼ੀ ਵਿਚ ਉਸ ਦੇ ਕੇਸ ਕਤਰਾ ਦਿਤੇ ਸਨ। ਸੁੱਖਾ ਸਿੰਘ ਇਹ ਅਨਰਥ ਦੇਖ ਕੇ ਆਤਮਘਾਤ ਕਰਨ ਲੱਗਾ ਸੀ ਕਿ ਇਕ ਸਿੱਖ ਨੇ ਕਿਹਾ, ਸ਼ਹੀਦ ਹੋ ਕੇ ਮਰ, ਅਜਾਈਂ ਮੌਤ ਕਿਉਂ ਮਰਦਾ ਹੈਂ? ਤਦੋਂ ਹੀ ਸੁੱਖਾ ਸਿੰਘ ਸਾਡੇ ਸਰਦਾਰ ਸ਼ਾਮ ਸਿੰਘ ਦੇ ਜਥੇ ਵਿਚ ਅਪੜਿਆ ਸੀ ਤੇ ਸਰਦਾਰ ਪਾਸੋਂ ਮੁੜ ਅੰਮ੍ਰਿਤ ਛਕ ਕੇ ਅਜਿਹਾ ਪੱਕਾ ਬਹਾਦਰ ਸਿੰਘ ਹੋ ਗਿਆ ਸੀ ਕਿ ਉਸ ਦੀਆਂ ਬਹਾਦਰੀਆਂ ਦੀ ਪੰਥ ਵਿਚ ਧਾਂਕ ਪੈ ਗਈ ਸੀ। ਐਥੋਂ ਤਾਈਂ ਕਿ ਪੰਥ ਨੇ ਉਸ ਨੂੰ ਇਕ ਜਥੇ ਦਾ ਸਰਦਾਰ ਥਾਪ ਦਿਤਾ ਸੀ। ਸੋ ਇਹ ਬਹਾਦਰ ਹਾਕਮਾਂ ਦਾ ਮਿਹਣਾ ਸੁਣ ਕੇ ਇਕ ਵੇਰ ਦਿਨ-ਦੀਵੀ ਸ੍ਰੀ ਅੰਮ੍ਰਿਤਸਰ ਇਸ਼ਨਾਨ ਕਰਨ ਗਿਆ ਸੀ। ਪਹਿਰੇ ਦੀ ਫੌਜ ਨੇ ਸਾਮ੍ਹਣਾ ਕੀਤਾ ਤਾਂ ਇਸ ਇਕੱਲੇ ਨੇ ਕਈਆਂ ਦੇ ਆਹੂ ਲਾਹੇ ਅਰ ਜੀਉਂਦਾ ਨਿਕਲ ਗਿਆ। ਇਸ ਗੱਲ ਤੇ ਸ਼ਰਮ ਖਾ ਕੇ ਹਾਕਮਾਂ ਨੇ ਸ੍ਰੀ ਅੰਮ੍ਰਿਤਸਰ ਜੀ ਦੇ ਤਾਲ ਵਿਚ ਮਿੱਟੀ ਪਾ ਕੇ ਭਰ ਦਿਤਾ ਅਰ ਨ੍ਹਾਉਣ ਦੀ ਕੋਈ ਵਾਹ ਨਾ ਰਹਿਣ ਦਿਤੀ। 1802 ਬਿ: ਵਿਚ ਖਾਨ ਬਹਾਦਰ ਮੋਇਆ ਤੇ ਯਾਹੀਯਾ ਖਾਂ ਨੇ ਹਕੂਮਤ ਸੰਭਾਲੀ, ਇਸ ਨੇ ਪਿਉ ਤੋਂ ਵੱਧ ਅੱਤ ਚਾਈ।

ਅਜਿਹਾ ਭਿਆਨਕ ਹਾਲ ਖਾਲਸੇ ਦਾ ਉਸ ਸਮੇਂ ਸੀ ਕਿ ਕੱਖ ਵੀ ਵੈਰੀ ਹੋ ਰਹੇ ਸਨ।

ਹੁਣ ਆਪਣੀ ਕਥਾ ਦੀ ਲੜੀ ਫੇਰ ਜੋੜਦੇ ਹਾਂ -

ਜਦ ਸੁੰਦਰੀ ਘੋੜੇ ਤੇ ਚੜ੍ਹ ਕੇ ਨੱਠੀ, ਤਦ ਪੱਤਣ ਤੋਂ ਅੱਗੇ ਦੀ ਕਿੱਡੀ ਵਿੱਥ ਪਰ ਹੋ ਕੇ ਨਿਕਲ ਗਈ ਤੇ ਇਸ ਨੂੰ ਖਾਲਸੇ ਦਾ ਦਲ ਕਿਤੇ ਨਾ ਮਿਲਿਆ, ਕਿਉਂਕਿ ਇਸ ਨੂੰ ਰਸਤਿਆਂ ਦਾ ਪਤਾ ਮਲੂਮ ਨਹੀਂ ਸੀ। ਹੁਣ ਕਦਮ ਕਦਮ ਤੇ ਇਹ ਸੰਸਾ ਉਤਪੰਨ ਹੁੰਦਾ ਸੀ ਕਿ ਵੈਰੀ ਮੇਰੇ ਮਗਰ ਆਏ ਕਿ ਆਏ। ਘੋੜੇ ਚੜ੍ਹੀ ਜਾਂਦੀ ਮੁੜ ਮੁੜ ਪਿਛੇ ਵੇਖਦੀ ਅਰ ਦਿਲ ਵਿਚ ਸ਼ੋਕ ਕਰਦੀ ਹੈ ਕਿ ਕਟਾਰ ਉਸ ਸਿਪਾਹੀ ਦੇ ਢਿੱਡ ਵਿਚ ਰਹੀ, ਜਿਸ ਨੂੰ ਪਹਾੜੀ ਉਤੇ ਮਾਰਿਆ ਸੀ ਅਰ ਤਲਵਾਰ ਉਸ ਅਮੀਰ ਨਾ-ਸ਼ੁਕਰੇ ਦੇ ਪੇਟ ਪਾਸ ਸੁੱਟੀ, ਕੋਈ ਹਥਿਆਰ ਨਾਲ ਨਾ ਲਿਆਈਂ। ਜੇ ਕੋਈ ਮਾਮਲਾ ਆ ਬਣਿਆ ਤਾਂ ਕੀ ਕਰਾਂਗੀ? ਫੇਰ ਜੀ ਵਿਚ ਇਹ ਸੋਚਦੀ ਕਿ ਜਿਸ ਗੁਰੂ ਗੋਬਿੰਦ ਸਿੰਘ ਜੀ ਨੇ ਐਡੇ ਕਸ਼ਟਾਂ ਵਿਚੋਂ ਕੱਢ ਲਿਆ ਹੈ ਉਹ ਹਰ ਵੇਲੇ ਸਹਾਈ ਹਨ; ਮੈਂ ਕਿਉਂ ਡੋਲਾਂ? ਇਸ ਸਿੰਘਣੀ ਦਾ ਜਿਗਰਾ ਕਿਹਾ ਹੌਂਸਲੇ ਵਾਲਾ ਸੀ। ਪੇਟੋਂ ਭੁੱਖੀ, ਸਫਰ ਦੀ ਥੱਕੀ ਟੁੱਟੀ ਹੋਈ, ਕੈਦ ਦੇ ਅਸਹਿ ਕਸਟਾਂ ਤੋਂ ਹੁਟੀ ਹੋਈ, ਭਰਾਵਾਂ ਦੇ ਵਿਛੋੜੇ ਤੋਂ ਘਾਬਰੀ ਹੋਈ, ਉਜਾੜ ਬੀਆਬਾਨ ਵਿਚ ਇਕੱਲੀ ਭਟਕਦੀ ਹੋਈ ਗੁਰੂ ਜੀ ਨੂੰ ਆਪਣਾ ਸੱਚਾ ਸਹਾਈ ਜਾਣ ਕੇ ਦਿਲ ਦੀ ਕੁਦਰਤੀ ਨਿਰਾਸ ਕਰਨ ਵਾਲੀ ਦਿਲਝਵੀਂ ਨੂੰ ਵਿਚਾਰ ਨਾਲ ਜਿੱਤ ਰਹੀ ਹੈ। ਕੁਛ ਦੂਰ ਜਾ ਕੇ ਅਚਾਨਕ ਇਕ ਛੰਭ ਨਿਰਮਲ ਜਲ ਦਾ ਦਿਸਿਆ ਜਿਸ ਦੇ ਕਿਨਾਰੇ ਰੰਗ ਰੰਗ ਦੇ ਪੰਛੀ ਕਲੋਲ ਕਰ ਰਹੇ ਸਨ। ਨਿਰਮਲ ਜਲ ਵੇਖ ਕੇ ਸੁੰਦਰੀ ਨੇ ਬੇਵਸੀ ਹੋ ਘੋੜੇ ਤੋਂ ਉਤਰ ਕੇ ਉਸ ਨੂੰ ਇਕ ਬੂਟੇ ਨਾਲ ਬੰਨ੍ਹਿਆਂ, ਜ਼ਰਾ ਸਸਤਾ ਕੇ ਇਸ਼ਨਾਨ ਕੀਤਾ, ਅਰ ਕੁਝ ਜਲ ਛਕਿਆ, ਫੇਰ ਜਪੁਜੀ ਸਾਹਿਬ ਦਾ ਪਾਠ ਕੀਤਾ, ਹਜ਼ਾਰੇ ਦੇ ਸ਼ਬਦ ਪੜ੍ਹੇ, ਪ੍ਰਾਰਥਨਾ ਕਰਦੀ ਹੋਈ ਅਜਿਹੀ ਮਗਨ ਹੋਈ ਕਿ ਮਾਨੋਂ ਪੱਥਰ ਦੀ ਮੂਰਤੀ ਬੈਠੀ ਹੈ। ਮੁਰਗਾਬੀਆਂ ਤੇ ਸਾਰਸ ਅਰ ਕਈ ਤਰ੍ਹਾਂ ਦੇ ਪੰਖੀ ਉਸ ਦੇ ਆਲੇ ਦੁਆਲੇ ਨਿਰਭੈ ਫਿਰਨ ਲੱਗ ਪਏ। ਇਸ ਦਸ਼ਾ ਵਿਚ ਉਸ ਨੂੰ ਕੋਈ ਚਾਰ ਪੰਜ ਘੜੀਆਂ ਬੀਤ ਗਈਆਂ, ਪਰ ਸੁੰਦਰੀ ਨੂੰ ਇਕ ਪਲ ਜਿੰਨਾ ਭੀ ਨਾ ਭਾਸਿਆ ਕਿਉਂਕਿ ਇਕਾਗਰ ਹੋਈ ਸੁਖੋਪਤੀ ਤੇ ਆਤਮਾਨੰਦ ਦੇ ਰਲਵੇਂ ਰੰਗ ਵਿਚ ਟਿਕ ਗਈ ਸੀ। ਦੁਨੀਆਂ ਦੇ ਸਾਰੇ ਦੁਖੜੇ ਐਸ ਵੇਲੇ ਭੁੱਲ ਗਏ ਸਨ। ਨਾਮ ਦੀ ਖਿੱਚ ਕਰਕੇ ਟਿਕੀ ਹੋਈ ਸੁੰਦਰੀ ਆਪ ਸੀ ਯਾ ਗੁਰੂ ਮਹਾਰਾਜ ਜੀ, ਜਿਨ੍ਹਾਂ ਵਿਚ ਉਸ ਦੀ ਸੁਰਤਿ ਲੱਗ ਰਹੀ ਸੀ।

ਇਸ ਦਸ਼ਾ ਵਿਚੋਂ ਸੁੰਦਰੀ ਦੀ ਜਾਗ ਇਕ ਬੰਦੂਕ ਦੀ ਗੋਲੀ ਦੀ ਆਵਾਜ਼ਾਂ ਨਾਲ ਖੁਲ੍ਹੀ। ਅੱਖਾਂ ਖੁਲ੍ਹੀਆਂ ਤਾਂ ਕੀ ਵੇਖਦੀ ਹੈ ਕਿ ਛੰਭ ਦੇ ਦੂਜੇ ਕੰਢੇ ਦੱਸ ਵੀਹ ਸਵਾਰ ਸ਼ਿਕਾਰ ਖੇਡ ਰਹੇ ਹਨ। ਉਨ੍ਹਾਂ ਦੀ ਗੋਲੀ ਸੁੰਦਰੀ ਦੇ ਕੋਲੋਂ ਦੀ ਇਕ ਗਿੱਠ ਭਰ ਫਰਕ ਤੇ ਸਰਰ ਕਰਦੀ ਲੰਘ ਗਈ ਸੀ ਅਰ ਇਸ ਦੇ ਨੇੜੇ ਇਕ ਸੁਰਖਾਬ ਨੂੰ ਫੁੰਡ ਗਈ ਸੀ। ਇਹ ਵੇਖ ਸੁੰਦਰੀ ਘਬਰਾ ਕੇ ਉਠੀ, ਛੇਤੀ ਨਾਲ ਘੋੜੇ ਤੇ ਚੜ੍ਹੀ ਅਰ ਦੂਰੋਂ ਤਾੜਨ ਲੱਗੀ ਕਿ ਇਹ ਕੌਣ ਹਨ? ਤਾਂ ਪਛਾਣਿਆ ਕਿ ਉਹ ਤੁਰਕ ਹਨ ਅਰ ਉਨ੍ਹਾਂ ਦੇ ਵਿਚ ਉਹ ਹਾਕਮ ਭੀ ਹੈ, ਜਿਸ ਨੇ ਸੁੰਦਰੀ ਨੂੰ ਬਿਪਤਾ ਵਿਚ ਘੱਤ ਸਿਟਿਆ ਸੀ। ਸੁੰਦਰੀ ਕੰਬੀ ਫੇਰ ਕੁਝ ਸੋਚੀ ਅਰ ਦਿਲ ਕਰੜਾ ਕਰਕੇ ਘੋੜੇ ਨੂੰ ਅੱਡੀ ਲਾ ਕੇ ਹਵਾ ਹੋ ਗਈ।

ਸ਼ਿਕਾਰੀ ਆਪਣੀ ਥਾਂ ਹੈਰਾਨ ਸਨ ਕਿ ਮੁਰਗਾਬੀਆਂ ਦੇ ਝੁੰਡ ਵਿਚੋਂ ਇਹ ਕਿਹੜਾ ਰਾਜ ਹੰਸ ਨਿਕਲ ਆਇਆ। ਹਰਿਨਾਗੀ ਦੇ ਮਾਰੇ, ਨਾਲੇ ਬੰਦੂਕ ਨਾਲ ਫੁੰਡ ਸ਼ਿਕਾਰ ਨੂੰ ਹਲਾਲ ਕਰਨ ਦੀ ਨੀਯਤ ਧਾਰ ਕੇ ਘੋੜਿਆਂ ਨੂੰ ਅੱਡੀ ਲਾ

(ਬਾਕੀ ਪੰਨਾ 60 ਤੇ)

# ਦੋਸੁ ਕਰੰਮਾ ਆਪਣਿਆ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ -37 )*

ਇਕ ਵਾਰੀ ਯੂਨਾਨ ਦਾ ਬਾਦਸ਼ਾਹ ਸਿਕੰਦਰ ਸੀ, ਸਾਰੀ ਦੁਨੀਆਂ ਨੂੰ ਫਤਹਿ ਕਰਕੇ ਜਿਸ ਵਕਤ ਇਥੇ ਆਇਆ, ਜਦੋਂ ਰਾਵੀ ਦਰਿਆ ਪਾਰ ਕੀਤਾ ਤਾਂ ਇਥੋਂ ਦੇ ਬਾਦਸ਼ਾਹ ਪੋਰਸ ਨਾਲ ਉਸ ਦਾ ਯੁਧ ਹੋਇਆ। ਇਹ ਕੋਈ 2400 ਸਾਲ ਦੀ ਗੱਲ ਹੈ ਅਤੇ ਇਤਿਹਾਸ ਦੇ ਅੰਦਰ ਇਹ ਵਾਕਯਾ ਬੜਾ ਮਸ਼ਹੂਰ ਹੈ। ਯੁਧ ਹੋਇਆ ਤਾਂ ਪਹਿਲਾਂ ਪੋਰਸ ਹਾਰ ਗਿਆ ਅਤੇ ਫੇਰ ਉਸ ਦੀ ਪੋਰਸ ਨਾਲ ਮਿਤਰਤਾ ਪੈ ਗਈ। ਪੋਰਸ ਨੂੰ ਕਹਿਣ ਲੱਗਿਆ ਕਿ ਮੈਂ ਸੁਣਿਆ ਹੋਇਆ ਹੈ ਕਿ ਹਿੰਦੋਸਤਾਨ ਵਿਚ ਉਚ ਕੋਟੀ ਦੇ ਮਹਾਂਪੁਰਸ਼ ਹਨ, ਕਿਰਪਾ ਕਰਕੇ ਮੈਨੂੰ ਕਿਸੇ ਮਹਾਂਪੁਰਸ਼ ਦੇ ਦਰਸ਼ਨ ਤਾਂ ਕਰਾਉ। ਪੋਰਸ ਕਹਿਣ ਲੱਗਿਆ ਕਿ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਦੇ ਕੁਝ ਅਸੂਲ ਹੁੰਦੇ ਹਨ। ਪਹਿਲਾ ਅਸੂਲ ਹੈ ਜੇ ਉਹਨਾਂ ਨੂੰ ਮਿਲਣ ਜਾਣਾ ਹੋਵੇ, ਘਰੋਂ ਸ਼ਰਧਾ ਨਾਲ ਜਾਉ। ਜਦੋਂ ਸ਼ਰਧਾ ਨਾਲ ਜਾਵਾਂਗੇ ਤਾਂ ਇਕ ਇਕ ਕਦਮ ਦਾ ਫਲ ਇਕ ਇਕ ਅਸ੍ਵਮੇਧ ਜੱਗ ਦੇ ਬਰਾਬਰ ਹੁੰਦਾ ਹੈ। ਦੂਜਾ, ਜੇਕਰ ਤੁਸੀਂ ਤਰਕ ਲੈ ਕੇ ਜਾਵੋਗੇ ਤਾਂ ਮਹਾਂਪੁਰਸ਼ ਭਾਵੇਂ ਕਿੱਡਾ ਵੱਡਾ ਹੋਵੇ ਤਾਂ ਮਨੁਖ ਹੀ ਲਗੇਗਾ ਅਤੇ ਕੋਈ ਵੀ ਫਲ ਉਸ ਤੋਂ ਪ੍ਰਾਪਤ ਨਹੀਂ ਹੋਵੇਗਾ। ਤੀਸਰਾ ਹੈ ਕਿ ਉਨ੍ਹਾਂ ਦੇ ਦਰਸ਼ਨਾਂ ਲਈ ਨਿਮਰਤਾ ਨਾਲ ਜਾਵੇ, ਨੀਵਾਂ ਹੋ ਕੇ ਜਾਵੇ, ਨੀਵਾਂ ਹੋ ਕੇ ਜਾਣ ਵਾਲੇ ਨੂੰ ਫਲ ਪ੍ਰਾਪਤ ਹੁੰਦਾ ਹੈ, ਅਭਿਮਾਨ ਨਾਲ ਜਾਣ ਵਾਲੇ ਨਾਲ ਤਾਂ ਮਹਾਂਪੁਰਸ਼ ਬੋਲਦੇ ਹੀ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਪਹਿਲਾਂ ਹੀ ਖਬਰ ਪਹੁੰਚ ਜਾਂਦੀ ਹੈ ਕਿ ਇਹ ਕੌਣ ਆਇਆ ਕਿਉਂਕਿ ਉਸ ਦੇ ਆਲੇ ਦੁਆਲੇ ਇਕ ਓਰਾ ਹੁੰਦਾ ਹੈ, ਉਲਟੇ ਮਨ ਦਾ ਜਿਹੜਾ ਪਰਭਾਵ ਹੈ, ਉਸ ਦਾ ਛਾਇਆ ਹੁੰਦਾ ਹੈ ਜਿਵੇਂ ਇਲੈਕਟ੍ਰੋਨਿਕ ਲਹਿਰ (wave) ਹੁੰਦੀ ਹੈ। ਉਹ ਇਕ ਦਮ ਉਨ੍ਹਾਂ ਦੇ ਮਨ ਨੂੰ ਜਾ ਲਗਦੀ ਹੈ ਤੇ ਉਹਨਾਂ ਨੂੰ ਪਤਾ ਲਗ ਜਾਂਦੈ ਕਿ ਇਹ ਤਾਂ ਬੰਦਾ ਹੋਰ ਤਰ੍ਹਾਂ ਦਾ ਹੈ। ਉਹ ਫਿਰ ਚੁਪ ਕਰੇ ਰਹਿੰਦੇ ਹਨ, ਮਸਤ ਰਹਿੰਦੇ ਹਨ, ਬੋਲਦੇ ਹੀ ਨਹੀਂ, ਨਾ ਹੀ ਕੋਈ ਗਲਬਾਤ ਕਰਿਆ ਕਰਦੇ ਹਨ। ਪੋਰਸ ਕਹਿਣ ਲੱਗਿਆ ਕਿ ਤੁਸੀਂ ਨਿਮਰਤਾ ਤੇ ਸ਼ਰਧਾ ਦੇ ਨਾਲ ਚਲੋ, ਤੁਹਾਨੂੰ ਦਰਸ਼ਨ ਕਰਵਾ ਦਿੰਦੇ ਹਾਂ। ਇਥੋਂ ਪੰਜ ਸਤ ਮੀਲ ਤੇ ਰਾਵੀ ਦੇ ਕੰਢੇ ਨਾਲ ਲਗਦੇ ਜੰਗਲ ਦੇ ਅੰਦਰ ਰਹਿੰਦੇ ਹਨ। ਦੂਜੇ ਦਿਨ ਸਾਰਾ ਇੰਤਜ਼ਾਮ ਕਰ ਲਿਆ ਤੇ ਸਿਕੰਦਰ ਪੋਰਸ ਦੇ ਨਾਲ ਦਰਸ਼ਨ ਕਰਨ ਵਾਸਤੇ ਚਲਿਆ ਗਿਆ ਤੇ ਜੰਗਲ ਦੇ ਵਿਚ ਪਹੁੰਚ ਗਿਆ। ਕਹਿਣ ਲੱਗਿਆ ਕਿ ਸੰਤ ਕਿਥੇ ਕੁ ਰਹਿੰਦੇ ਹਨ? ਪੋਰਸ ਨੇ ਕਿਹਾ ਕਿ ਆਹ ਨੇੜੇ ਹੀ ਜੰਗਲ ਦੇ ਅੰਦਰ ਰਹਿੰਦੇ ਹਨ। ਕਹਿਣ ਲਗਿਆ, ਤੁਸੀਂ ਸੰਤਾਂ ਨੂੰ ਖਬਰ ਨਹੀਂ ਸੀ ਕੀਤੀ? ਮੇਰੇ ਸਵਾਗਤ ਵਾਸਤੇ ਕੋਈ ਗੇਟ ਵਗੈਰਾ ਨਹੀਂ ਬਣਾਇਆ? ਪੋਰਸ ਕਹਿਣ ਲੱਗਿਆ, ਜੇ ਸੰਤਾਂ ਨੂੰ ਖਬਰ ਕਰ ਦਿਉ ਤਾਂ ਸੰਤ ਮਿਲਦੇ ਨਹੀਂ ਹੁੰਦੇ।

ਇਕ ਵਾਰੀ ਬਾਬਾ ਜੱਸਾ ਸਿੰਘ, ਜਿਨ੍ਹਾਂ ਦਾ ਅਸਲ ਨਾਮ ਜੱਸ ਕੌਰ ਸੀ ਅਤੇ ਬੀਬੀ ਦਾ ਸਰੀਰ ਸੀ, ਬਹੁਤ ਮਸ਼ਹੂਰ ਸੰਤ ਹੋਏ ਹਨ। ਤੇੜ ਕਛਹਿਰਾ ਤੇ ਚਾਦਰ ਦੀ ਬੁਕਲ ਮਾਰ ਕੇ ਰੱਖਦੇ ਸੀ। ਰੁੱਖ ਉਤੇ ਅੱਠ ਫੁਟ ਉਚਾ ਮਨ੍ਹਾ ਉਸਾਰ ਕੇ ਪੌੜੀ ਨਾਲ ਚੜ੍ਹ ਜਾਂਦੇ ਸੀ ਤੇ ਉਤੇ ਹੀ ਬੈਠਿਆ ਕਰਦੇ ਸੀ। ਹੇਠਾਂ ਨਹੀਂ ਸੀ ਬਹਿੰਦੇ ਕਿਉਂਕਿ ਲੋਕ ਮੱਥਾ ਟੇਕ ਟੇਕ ਕੇ ਮਹਾਤਮਾ ਨੂੰ ਤੰਗ ਕਰ ਦਿੰਦੇ ਹਨ। ਆਪਣੀ ਸ਼ਰਧਾ ਤਾਂ ਠੀਕ ਉਚੀ ਹੁੰਦੀ ਹੈ ਪਰ ਮਹਾਤਮਾ ਪਸੰਦ ਨਹੀਂ ਕਰਿਆ ਕਰਦੇ। ਫੇਰ ਲੋਕ ਗੱਲਾਂ ਕਰਨ ਲੱਗ ਜਾਂਦੇ ਹਨ ਕਿ ਮੱਥਾ ਟਿਕਾਉਂਦੇ ਹਨ। ਮੈਨੂੰ ਤਾਂ ਅਜ ਤੱਕ ਕੋਈ ਸੰਤ ਐਸਾ ਲੱਭਿਆ ਨਹੀਂ ਜਿਹੜਾ ਕਹਿੰਦਾ ਹੋਵੇ ਮੈਨੂੰ ਮੱਥਾ ਟੇਕੋ। ਸਾਰੇ ਹੀ ਮੱਥਾ ਟਿਕਾਉਣ ਤੋਂ ਸੰਕੋਚ ਕਰਦੇ ਹਨ ਕਿਉਂਕਿ ਆਪਣੀ ਕਮਾਈ ਜਾਂਦੀ ਹੈ ਤੇ ਮੱਥੇ ਟੇਕਣ ਵਾਲੇ ਹੀ ਖੋਹ ਕੇ ਲੈ ਜਾਂਦੇ ਹਨ। ਇਸ ਕਰਕੇ ਉਹਨਾਂ ਦੀ ਐਸੀ ਹੀ ਬਿਰਤੀ ਸੀ ਕਿ ਅੱਠ ਫੁਟ ਉਚੇ ਹੋ ਕੇ ਬੈਠਦੇ ਹੁੰਦੇ ਸਨ। ਸੰਗਤ ਉਹਨਾਂ ਦੇ ਦਰਸ਼ਨਾਂ ਨੂੰ ਆਉਂਦੀ ਹੁੰਦੀ ਸੀ, ਹੇਠਾਂ ਹੀ ਨਮਸ਼ਕਾਰ ਕਰਕੇ ਬਹਿ ਜਾਂਦੇ ਸੀ, ਆਪ ਉਪਰ ਬੈਠੇ ਹੀ ਬਚਨ ਕਰਦੇ ਰਹਿੰਦੇ ਸਨ, ਉਪਦੇਸ਼ ਦਿੰਦੇ ਰਹਿੰਦੇ ਸਨ। ਪਰ ਉਹ ਆਪ ਮਸਤਾਨੀ ਹਾਲਤ ਵਿਚ ਹੀ ਰਹਿੰਦੇ ਸੀ। ਨਾਭੇ ਦਾ ਮਹਾਰਾਜਾ ਹੀਰਾ ਸਿੰਘ, ਸੰਤਾਂ ਦਾ ਬੜਾ ਖੋਜੀ ਸੀ। ਬੜੇ ਸੰਤਾਂ ਨੂੰ ਇਹ ਮਿਲਦੇ ਸਨ ਤੇ ਉਹਨਾਂ ਨਾਲ ਬਹਿਸ ਕਰਦੇ ਸਨ ਤੇ ਜਿਥੇ ਪਤਾ ਲੱਗਣਾ ਕੋਈ ਸੰਤ ਹੈ, ਉਥੋਂ ਹੀ ਬੁਲਾ ਲੈਂਦੇ ਸੀ। ਬਾਬਾ ਜੱਸਾ ਸਿੰਘ ਨੂੰ ਵੀ ਇਸ ਨੇ ਕਈ ਵੇਰਾਂ ਬੁਲਾਇਆ ਪਰ ਇਹ ਗਏ ਹੀ ਨਹੀਂ।

ਇਹਨਾਂ ਤੋਂ ਬਾਅਦ ਬਾਬਾ ਨੰਦ ਸਿੰਘ ਜੀ ਹੋਏ ਹਨ। 138 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਸਰੀਰ ਛੱਡਿਆ ਸੀ ਤੇ ਆਖਰੀ ਦਮ ਤਕ ਸੁਰਤ ਵਿਚ ਰਹੇ। ਬਹੁਤ ਚੰਗੇ ਮਹਾਤਮਾ ਸੀ, ਸਾਰੀ ਜਿੰਦਗੀ ਮਕਾਨ ਥੱਲੇ ਨਹੀਂ ਸਨ ਬੈਠੇ ਤੇ ਸਾਰੀ ਉਮਰ ਦਰਖਤਾਂ ਹੇਠਾਂ ਰਹਿ ਕੇ ਗੁਜ਼ਾਰ ਦਿਤੀ ਸੀ। ਨਾਭੇ ਵਾਲੇ ਰਾਜੇ ਨੇ ਬਾਬਾ ਜੀ ਨੂੰ ਬੜੇ ਸੁਨੇਹੇ ਭੇਜੇ, ਬੜੇ ਲਾਲਚ ਦਿਤੇ ਪਰ ਉਹਨਾਂ ਨੇ ਕੋਈ ਪਰਵਾਹ ਨਹੀਂ ਕੀਤੀ ਤੇ ਨਾ ਹੀ ਗਏ। ਅਖੀਰ ਉਸ ਨੂੰ ਆਪ ਇਨ੍ਹਾਂ ਦੇ ਪਾਸ ਪਟਿਆਲੇ ਆਉਣਾ ਪਿਆ। ਜਦ ਇਹਦਾ ਪਤਾ ਲੱਗਾ ਤਾਂ ਮਹਾਂਪੁਰਸ਼ ਉਠ ਕੇ ਚਲੇ ਗਏ ਤੇ ਮੱਕੀ ਦੇ ਖੇਤ ਵਿਚ ਜਾ ਕੇ ਬਹਿ ਗਏ। ਇਹ ਕਾਫੀ ਦੇਰ ਇੰਤਜ਼ਾਰ ਕਰਦਾ ਰਿਹਾ ਤੇ ਇਸ ਨੇ ਸੇਵਾਦਾਰਾਂ ਤੋਂ ਪੁਛਿਆ ਤੇ ਉਹਨਾਂ ਦੱਸਿਆ ਕਿ ਜੀ! ਉਹ ਤਾਂ ਪਤਾ ਨਹੀਂ ਇਧਰ ਖੇਤਾਂ ਵੱਲ ਨੂੰ ਗਏ ਹਨ। ਇਹ ਖਾਲੀ ਵਾਪਸ ਮੁੜ ਗਿਆ। ਦੂਜੀ ਵਾਰੀ ਫੇਰ ਆਇਆ ਤੇ ਇਸੇ ਤਰ੍ਹਾਂ ਇਹ ਨੌਂ ਵੇਰਾਂ ਆਇਆ ਤੇ ਬਾਬਾ ਜੀ ਦੇ ਦਰਸ਼ਨ ਨਹੀਂ ਹੋਏ। ਜਦੋਂ ਇਹ ਨੌਂਵੀਂ ਵਾਰ ਆਇਆ ਤਾਂ ਕਿਸੇ ਪ੍ਰੇਮੀ ਨੇ ਦੱਸਿਆ ਕਿ ਮਹਾਰਾਜਾ ਸਾਹਿਬ! ਤੁਸੀਂ ਨੌਂ ਵੇਰਾਂ ਆ ਚੁਕੇ ਹੋ, ਬਾਬਾ ਜੀ ਤੁਹਾਨੂੰ ਮਿਲੇ ਨਹੀਂ ਹਨ, ਇਸ ਕਰਕੇ ਤੁਹਾਡੇ ਵਿਚ ਕੋਈ ਖੋਟ ਹੈ।

ਸੰਤਾਂ ਨੂੰ ਪਤਾ ਲੱਗ ਜਾਂਦਾ ਹੈ, ਜੇਕਰ ਕੋਈ ਸ਼ਰਧਾ

ਨਾਲ ਮਿਲਣ ਆਵੇ ਤਾਂ ਮਿਲ ਲੈਂਦੇ ਹਨ, ਜੇ ਕੋਈ ਮਨ ਵਿਚ ਖੋਟ ਰੱਖ ਕੇ ਆਵੇ, ਫੇਰ ਨਹੀਂ ਮਿਲਿਆ ਕਰਦੇ। ਮਹਾਰਾਜਾ ਨਾਭਾ ਘਰ ਤੋਂ ਹੀ ਅਰਦਾਸ ਕਰਕੇ ਚੱਲਿਆ ਕਿ ਬਾਬਾ ਜੀ! ਮੇਰੀ ਭੁਲ ਬਖਸ਼ਿਓ, ਮੈਨੂੰ ਆਪ ਦੇ ਦਰਸ਼ਨ ਹੋ ਜਾਣ। ਇਧਰ ਬਾਬਾ ਜੀ ਮਣ੍ਹੇ ਤੇ ਬੈਠੇ ਹਨ, ਸੇਵਾਦਾਰਾਂ ਨੂੰ ਕਹਿਣ ਲੱਗੇ ਕਿ ਉਤੇ ਸਾਡੇ ਕੋਲ ਅੱਠ ਤਕਾਰੀਆਂ ਗਾਰੇ ਦੀਆਂ ਭਰ ਕੇ ਰੱਖ ਦੇਵੋ। ਸਾਮ੍ਹਣੇ ਖੂਹ ਚਲਦਾ ਹੈ, ਉਥੇ ਚਿਕੜ ਹੋ ਕੇ ਗਾਰਾ ਬਣਿਆ ਪਿਆ ਹੈ। ਉਸ ਚੁਬੱਚੇ ਚੋਂ ਭਰ ਲਿਆਉ। ਬਾਬਾ ਜੀ ਨੇ ਗਾਰੇ ਦੇ ਅੱਠ ਤਸਲੇ ਆਪਣੇ ਕੋਲ ਮਣ੍ਹੇ ਉਤੇ ਭਰਵਾ ਕੇ ਰੱਖ ਲਏ। ਜਿਸ ਵਕਤ ਮਹਾਰਾਜਾ ਹੀਰਾ ਸਿੰਘ ਪਹੁੰਚਿਆ ਤੇ ਘੋੜੇ ਆਦਿ ਨੌਕਰਾਂ ਨੂੰ ਫੜਾ ਦਿਤੇ ਤੇ ਮੱਥਾ ਟੇਕਣ ਲਈ ਅੱਗੇ ਵੱਧਿਆ ਅਤੇ ਉਸ ਦੇ ਅੰਗ ਰੱਖਿਅਕ ਨਾਲ ਸਨ। ਬਾਬਾ ਜੀ ਪਾਸ ਪਹੁੰਚ ਗਿਆ। ਕਹਿਣ ਲੱਗਿਆ, ਬਾਬਾ ਜੀ! ਧੰਨਭਾਗ ਅੱਜ ਤੁਹਾਡੇ ਦਰਸ਼ਨ ਹੋ ਗਏ। ਤੇ ਨਮਸ਼ਕਾਰ ਕਰਨ ਲੱਗਿਆ ਤਾਂ ਉਨ੍ਹਾਂ ਨੇ ਚੁੱਕ ਕੇ ਗਾਰੇ ਦਾ ਤਸਲਾ ਉਹਦੇ ਸਿਰ ਤੇ ਢੇਰੀ ਕਰ ਦਿਤਾ, ਉਸ ਦੇ ਸ਼ਾਹੀ ਲਿਬਾਸ ਵਾਲੇ ਕੀਮਤੀ ਕਪੜੇ ਸਾਰੇ ਹੀ ਗਾਰੇ ਨਾਲ ਲਿਬੜ ਗਏ ਪਰ ਇਹ ਦੋਵੇਂ ਹੱਥ ਜੋੜ ਕੇ ਚੁਪ ਚਾਪ ਖੜ੍ਹਾ ਰਿਹਾ। ਉਧਰ ਅੰਗ ਰਖਿਅਕ ਹੁਕਮ ਦਾ ਇੰਤਜਾਰ ਕਰ ਰਹੇ ਸਨ ਤੇ ਕਹਿਣ ਲੱਗੇ ਕਿ ਮਹਾਰਾਜਾ ਸਾਹਿਬ! ਤੁਹਾਡੇ ਉਤੇ ਬਾਬਾ ਜੀ ਦੂਸਰਾ ਤਸਲਾ ਗਾਰੇ ਦਾ ਹੋਰ ਸੁਟਣ ਲੱਗੇ ਹਨ। ਉਹ ਕਹਿਣ ਲੱਗਿਆ ਕਿ ਸੁਟ ਲੈਣ ਦਿਓ। ਬਾਬਾ ਜੀ ਨੇ ਵਾਰੀ ਵਾਰੀ ਅੱਠ ਤੱਸਲੇ ਗਾਰੇ ਦੇ ਉਸ ਦੇ ਸਿਰ ਉਤੇ ਪਾਏ। ਨਾਲ ਦੀ ਨਾਲ ਬਚਨ ਕੀਤਾ, ਕਹਿਣ ਲੱਗੇ, ਮਹਾਰਾਜਾ! ਤੇਰੇ ਮਨ ਨੂੰ ਕੁਝ ਸ਼ਾਂਤੀ ਆਈ ਕਿ ਨਹੀਂ, ਹੁਣ ਤੇਰਾ ਦਿਮਾਗ ਠੰਢਾ ਹੋਇਆ ਜਾਂ ਨਹੀਂ? ਮਹਾਰਾਜਾ ਹੱਥ ਬੰਨ੍ਹੀ ਖੜ੍ਹਾ ਹੈ, ਕਹਿਣ ਲੱਗਿਆ, ਬਾਬਾ ਜੀ! ਤੁਸੀਂ ਤਾਂ ਬੜੀ ਕਿਰਪਾ ਕੀਤੀ, ਮੇਰੇ ਤੇ ਕੇਸਰ ਵਰ੍ਹਾ ਦਿੱਤਾ। ਸਾਧ ਸੰਗਤ ਜੀ! ਇਹ ਰੰਗ ਦੀ ਗੱਲ ਹੈ, ਮਹਾਤਮਾ ਬੇਪਰਵਾਹ ਹੋਇਆ ਕਰਦੇ ਹਨ। ਜਿਹੜੇ ਬਾਦਸ਼ਾਹ, ਰਾਜੇ ਹੋਇਆ ਕਰਦੇ ਹਨ –

***ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ॥***

***ਪੰਨਾ – 42***

ਇਨ੍ਹਾਂ ਨੂੰ ਸਹਿਸਾ ਰਿਹਾ ਕਰਦਾ ਹੈ ਕਿ ਮੈਨੂੰ ਕੋਈ ਮਾਰ ਨਾ ਦੇਵੇ, ਮੇਰੇ ਸਾਥੀ ਮੈਨੂੰ ਧੋਖਾ ਨਾ ਦੇ ਜਾਣ, ਕੋਈ ਦੂਸਰੇ ਦੇਸ਼ ਦਾ ਰਾਜਾ ਮੇਰੇ ਤੇ ਹੱਲਾ ਨਾ ਕਰ ਦੇਵੇ। ਰਾਜਾ ਬਣਨਾ ਤਾਂ ਪਾਪਾਂ ਦਾ ਫਲ ਹੋਇਆ ਕਰਦਾ ਹੈ, ਪੁੰਨਾ ਦਾ ਫਲ ਨਹੀਂ ਹੋਇਆ ਕਰਦਾ ਕਿਉਂਕਿ ਹਰ ਵਕਤ ਚਿੰਤਾ ਰਹਿੰਦੀ ਹੈ, ਕੰਡਿਆਂ ਦੇ ਤਾਜ ਤੇ ਬੈਠਾ ਰਹਿੰਦਾ ਹੈ। ਜੇ ਪੈਸੇ ਲੁਟ ਵੀ ਲਵੇਗਾ ਕੋਈ, ਖਾਣਾ ਪੀਣਾ ਤਾਂ ਓਨਾ ਕੁ ਹੀ ਹੈ। ਤਿੰਨ ਚੀਜ਼ਾਂ ਜਿੰਦਗੀ ਦੀ ਲੋੜ ਹੋਇਆ ਕਰਦੀ ਹੈ, ਉਹ ਹੈ ਕੁਲੀ, ਜੁਲੀ, ਗੁਲੀ। ਬਾਕੀ ਪੈਸੇ ਨੂੰ ਸਾਂਭ ਕੇ ਕੀ ਕਰੂ? ਗੱਦੀ ਤੋਂ ਲਹਿ ਗਿਆ, ਨਠਿਆ ਫਿਰੇਗਾ। ਕਿਤੇ ਇਨਕਮ ਟੈਕਸ ਵਾਲੇ ਆ ਜਾਣਗੇ ਤੇ ਕਿਧਰੋਂ ਚੋਰ ਉਚੱਕੇ ਆ ਜਾਣਗੇ ਤੇ ਬੱਚੇ ਖਰਾਬ ਹੋ ਜਾਣਗੇ। ਆਹ ਦੇਖ ਲਵੋ, ਈਰਾਨ ਵਾਲੇ ਸ਼ਾਹ ਦਾ ਕੀ ਹਾਲ ਹੋਇਐ, ਪਰਦੇਸ ਵਿਚ ਸ਼ਰਨ ਲੈਣੀ ਪਈ। ਬੰਗਲਾ ਦੇਸ਼ ਵਾਲੇ ਮੁਜੀਬ ਰਹਿਮਾਨ ਦਾ ਦੇਖ ਲਵੋ, ਕੀ ਹਾਲ ਹੋਇਐ? ਸਾਰਾ ਪਰਵਾਰ ਹੀ ਉਸੇ ਦੇ ਜਰਨੈਲ ਨੇ ਹੀ ਮਾਰ ਦਿਤਾ। ਸੋ ਇਸ ਤਰ੍ਹਾਂ ਨਾਲ ਬਾਦਸ਼ਾਹ ਲੋਕ, ਅਮੀਰ ਲੋਕਾਂ ਨੂੰ ਨੀਂਦ ਵੀ ਆਉਂਦੀ ਨਹੀਂ, ਨੀਂਦ ਲੈਣ ਵਾਸਤੇ ਕੰਮਪੋਜ਼ ਦੀਆਂ ਗੋਲੀਆਂ ਲੈ ਕੇ ਸੌਂਦੇ ਹਨ। ਬਾਬਾ ਜੀ ਮਹਾਰਾਜਾ ਨਾਭੇ ਨੂੰ ਕਹਿਣ ਲੱਗੇ ਕਿ ਪ੍ਰੇਮੀਆਂ! ਕੁਝ ਸ਼ਾਂਤੀ ਆਈ ਤੈਨੂੰ ਕਿ ਨਹੀਂ? ਕਹਿੰਦਾ, ਹਾਂ ਮਹਾਰਾਜ! ਬਹੁਤ ਸ਼ਾਂਤੀ ਆਈ, ਤੱਪਦਾ ਹਿਰਦਾ ਸ਼ਾਂਤ ਹੋ ਗਿਆ। ਸੋ ਇਸ ਤਰ੍ਹਾਂ ਨਾਲ ਮਹਾਤਮਾ ਬੇਪਰਵਾਹ ਹੋਇਆ ਕਰਦੇ ਹਨ।

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***

***ਪੰਨਾ – 473***

ਸਿਕੰਦਰ ਕਹਿਣ ਲੱਗਿਆ ਪੋਰਸ ਨੂੰ ਕਿ ਸੰਤਾਂ ਨੇ ਸਾਡੇ ਸਵਾਗਤ ਵਾਸਤੇ ਕੋਈ ਗੇਟ ਆਦਿ ਨਹੀਂ ਬਣਾਇਆ ਤੇ ਉਨ੍ਹਾਂ ਨੂੰ ਪਹਿਲਾਂ ਦੱਸਿਆ ਨਹੀਂ ਸੀ ਕਿ ਜਗਤ ਦਾ ਵਿਜੇਤਾ ਸਿਕੰਦਰ ਉਨ੍ਹਾਂ ਨੂੰ ਮਿਲਣ ਵਾਸਤੇ ਆ ਰਿਹਾ ਹੈ? ਪੋਰਸ ਕਹਿਣ ਲੱਗਿਆ ਕਿ ਸੰਤ ਨਹੀਂ ਕਿਸੇ ਦਾ ਆਦਰ ਕਰਿਆ ਕਰਦੇ, ਸੰਤ ਤਾਂ ਬੇਪਰਵਾਹ ਹੋਇਆ ਕਰਦੇ ਹਨ, ਉਹ ਕਿਸੇ ਦੀ ਮੁਹਤਾਜੀ ਨਹੀਂ ਝੱਲਿਆ ਕਰਦੇ।

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ – 186***

ਜਿਸ ਦਾ ਕਹਿਆ ਹੋਇਆ ਧਰਮਰਾਜ ਵੀ ਹੱਥ ਜੋੜ ਕੇ ਮੰਨਦੈ, ਉਸ ਨੂੰ ਦੁਨੀਆਦਾਰਾਂ ਨੂੰ ਨਜ਼ਰ ਥੱਲੇ ਲਿਆਉਣ ਦੀ ਕੀ ਲੋੜ ਹੈ? ਜਿਹੜਾ ਅਸਲੀ ਸਾਧ ਹੈ ਉਹ ਨਹੀਂ ਕਿਸੇ ਦੀ ਮੁਹਤਾਜੀ ਕਰਿਆ ਕਰਦਾ। ਪਰ ਜਿਸ ਨੂੰ ਗਰਜ਼ ਹੈ ਉਹ ਜਰੂਰ ਕਰੇਗਾ –

***ਧਾਰਨਾ – ਰੰਗ ਹਸਦੇ ਤੇ ਰੰਗ ਰੋਂਦੇ,***
***ਪਰਵਾਹ ਨਾ ਕਿਸੇ ਦੀ ਰੱਖਦੇ ਸਾਧੂ –2 , 2.***
***ਸਾਧੂ, ਪਰਵਾਹ ਨਾ ਕਿਸੇ ਦੀ ਰੱਖਦੇ, ਰੰਗ ਹਸਦੇ–2.***
***ਰੰਗ ਹਸਦੇ ਤੇ ਰੰਗ ਰੋਂਦੇ,...... –2.***

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***

***ਪੰਨਾ – 473***

ਵਾਹਿਗੁਰੂ ਤੋਂ ਬਗੈਰ, ਦੁਨੀਆਂ ਦੀ ਪਰਵਾਹ ਨਹੀਂ ਰੱਖਿਆ ਕਰਦੇ ਕਿਉਂਕਿ ਉਨ੍ਹਾਂ ਕੋਲ ਸਾਰੀਆਂ ਹੀ ਸ਼ਕਤੀਆਂ ਹੁੰਦੀਆਂ ਹਨ। ਰਹਿੰਦੇ ਤਾਂ ਉਹ ਹਮੇਸ਼ਾ ਨਿਮਰਤਾ ਵਿਚ ਹੀ ਹਨ ਲੇਕਿਨ ਜੇ ਕੋਈ ਇਹ ਜਿਤਾਉਣਾ ਚਾਹਵੇ ਕਿ ਤੁਹਾਨੂੰ ਮੇਰੀ ਜਰੂਰਤ ਹੈ, ਮੈਂ ਤੈਨੂੰ ਆਹ ਦੇਵਾਗਾਂ, ਮੈਂ ਫਲਾਣਾ ਕੰਮ ਕਰ ਦੇਵਾਂਗਾ, ਤੇ ਮੈਂ ਤੁਹਾਡੇ ਆਸ਼ਰਮ ਤਕ ਪੱਕੀ ਸੜਕ ਬਣਵਾ ਦਿਆਂਗਾ, ਸੰਤ ਇਸ ਤਰ੍ਹਾਂ ਨਹੀਂ ਮੰਨਿਆ ਕਰਦੇ। ਸ਼ਰਧਾ ਨਾਲ ਆਵੋ, ਕੁਝ ਵੀ ਕਹਿ ਦਿਓ, ਨੀਵੇਂ ਤੋਂ ਨੀਵੇਂ ਹੁੰਦੇ ਹਨ ਤੇ ਛੋਟੇ ਤੋਂ ਛੋਟੇ ਬੰਦੇ ਨਾਲ ਵੀ ਬੈਠ ਕੇ ਰਾਜ਼ੀ ਹੁੰਦੇ ਹਨ।

ਇਕ ਵਾਰੀ ਸਰਦਾਰ ਪਰਤਾਪ ਸਿੰਘ ਕੈਰੋਂ, ਚੀਫ ਮਨਿਸਟਰ, ਪੰਜਾਬ ਕਹਿਣ ਲੱਗਿਆ ਕਿ ਮੈਨੂੰ ਰਾੜੇ ਵਾਲੇ ਸੰਤ ਮਹਾਰਾਜ ਦੇ ਦਰਸ਼ਨ ਕਰਾਵੋ। ਉਸ ਵੇਲੇ ਪੰਜਾਬ ਸੈਕਟਰੀਏਟ ਸ. ਬਾਬੂ ਸਿੰਘ ਪਬਲਿਕ ਰਿਲੇਸ਼ਨ ਆਫੀਸਰ ਹੁੰਦੇ ਸਨ। ਉਹ ਇਥੇ ਆਏ ਤੇ ਮੈਨੂੰ ਉਨ੍ਹਾਂ ਨੇ ਦੱਸਿਆ ਕਿਉਂਕਿ ਉਸ ਵੇਲੇ ਮੈਂ ਸੰਗਤਾਂ ਨੂੰ ਸੰਤ ਮਹਾਰਾਜ ਜੀ ਨਾਲ ਮਿਲਾਇਆ ਕਰਦਾ ਸੀ। ਸੋ ਮੈਂ ਮਹਾਰਾਜ ਜੀ ਨੂੰ ਬੇਨਤੀ ਕੀਤੀ, ਮੈਨੂੰ ਕਹਿਣ ਲੱਗੇ, ਭਾਈ ਤੁਹਾਨੂੰ ਕੀ ਕਲਪਨਾ ਛਿੜੀ ਹੋਈ ਹੈ? ਮੈਂ ਕਿਹਾ ਮਹਾਰਾਜ! ਪੰਜਾਬ ਦੇ ਚੀਫ ਮਨਿਸਟਰ ਦਾ ਪੀ.ਆਰ.ਓ. ਆਇਆ ਹੋਇਐ ਤੇ ਆਪਜੀ ਪਾਸੋਂ ਮਿਲਣ ਦਾ ਟਾਈਮ ਮੰਗ ਰਿਹਾ ਹੈ। ਮਹਾਰਾਜ ਜੀ ਕਹਿਣ ਲੱਗੇ ਕਿ ਕੱਲ ਸਵੇਰੇ ਛੇ ਵਜੇ ਅਸੀਂ ਜਦੋਂ ਸੈਰ ਕਰਦੇ ਹੋਵਾਂਗੇ ਉਸ ਵੇਲੇ ਮਿਲਾ ਦੇਣਾ। ਉਸ ਨੂੰ ਸਵੇਰ ਛੇ ਵਜੇ ਦਾ ਟਾਈਮ ਦਿਤਾ ਪਰ ਉਸ ਨੇ ਕੈਰੋਂ ਸਾਹਿਬ ਨੂੰ ਸ਼ਾਮ ਦੇ ਛੇ ਵਜੇ ਦਾ ਟਾਈਮ ਦੱਸ ਦਿਤਾ ਤਾਂ ਉਹ ਸ਼ਾਮ ਨੂੰ ਪਹੁੰਚ ਗਿਆ। ਮੇਰੀ ਡਿਊਟੀ ਸੀ ਤਾਂ ਕਹਿਣ ਲੱਗਿਆ ਕਿ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਨੇ ਹਨ। ਮੈਂ ਉਸ ਨੂੰ ਕਿਹਾ ਕਿ ਤੁਹਾਨੂੰ ਤਾਂ ਕੱਲ ਦਾ ਟਾਈਮ ਦਿਤਾ ਹੈ। ਉਹ ਕਹਿਣ ਲੱਗਿਆ ਕਿ ਕਿਰਪਾ ਕਰੋ ਕਿਉਂਕਿ ਮੈਂ ਬੜੀ ਮੁਸ਼ਕਲ ਨਾਲ ਅਸੈਂਬਲੀ 'ਚੋਂ ਆ ਰਿਹਾ ਹਾਂ ਕਿਉਂਕਿ ਮੈਂ ਅੱਗੇ ਵੀ ਤਿੰਨ ਵਾਰੀ ਆ ਚੁਕਿਆ ਹਾਂ। ਮੈਂ ਇਨ੍ਹਾਂ ਦੇ ਦਰਸ਼ਨ ਨਹੀਂ ਕਰ ਸਕਿਆ। ਇਕ ਦਫਾ ਮੈਂ ਲਾਈਨ ਵਿਚ ਵੀ ਲੱਗਿਆ ਸੀ ਪਰ ਉਸ ਵੇਲੇ ਲਾਈਨ ਲੰਮੀ ਸੀ, ਮੇਰੀ ਵਾਰੀ ਨਹੀਂ ਆਈ। ਮੈਂ ਹੌਂਸਲਾ ਕਰਕੇ ਭੋਰੇ ਵਿਚ ਗਿਆ ਤਾਂ ਸੰਤ ਮਹਾਰਾਜ ਸਮਾਧੀ ਲਾਈਂ ਬੈਠੇ ਸਨ ਤੇ ਉਸ ਵੇਲੇ ਕੋਈ ਸਾਢੇ ਪੰਜ ਵਜੇ ਸਨ। ਮੈਂ ਥੋੜ੍ਹਾ ਜਿਹਾ ਖੜਾਕ ਕੀਤਾ ਪਰ ਉਨ੍ਹਾਂ ਨੇ ਨੇਤਰ ਨਾ ਖੋਲ੍ਹੇ, ਮੈਂ ਫੇਰ ਬਾਹਰ ਆ ਗਿਆ। ਕੈਰੋਂ ਸਾਹਿਬ ਕਹਿਣ ਲੱਗੇ ਕਿ ਕੀ ਬਣਿਆ, ਤਾਂ ਮੈਂ ਉਤਰ ਦਿਤਾ ਕਿ ਉਹ ਤਾਂ ਟਾਈਮ ਦੇ ਪੱਕੇ ਹਨ ਤੇ ਟਾਈਮ ਤੋਂ ਬਿਨਾਂ ਬਚਨ ਨਹੀਂ ਕਰਦੇ। ਕਹਿਣ ਲੱਗਿਆ, ਕਿਵੇਂ ਵੀ ਕਰੋ, ਮੈਨੂੰ ਮਿਲਾਵੋ। ਪੰਜ ਮਿੰਟ ਠਹਿਰ ਕੇ ਫੇਰ ਮੈਂ ਗਿਆ। ਜਦ ਫੇਰ ਜਾ ਕੇ ਮੈਂ ਖੜਾਕ ਕੀਤਾ ਤਾਂ ਕਹਿਣ ਲੱਗੇ, ਕੀ ਗੱਲ ਹੈ? ਤਾਂ ਮੈਂ ਉਤਰ ਦਿਤਾ ਕਿ ਮਹਾਰਾਜ! ਪਰਤਾਪ ਸਿੰਘ ਕੈਰੋਂ ਆਇਆ ਹੈ – ਆਪ ਜੀ ਦੇ ਦਰਸ਼ਨ ਕਰਨ ਵਾਸਤੇ। ਸੰਤ ਮਹਾਰਾਜ ਨੇ ਫੇਰ ਨੇਤਰ ਬੰਦ ਕਰ ਲਏ। ਮੈਂ ਉਸ ਨੂੰ ਕਿਹਾ ਕਿ ਮੈਂ ਤੁਹਾਡੇ ਬਾਰੇ ਦੱਸ ਤਾਂ ਦਿਤਾ ਹੈ ਪਰ ਉਨ੍ਹਾਂ ਨੇ ਕੋਈ ਜਵਾਬ ਨਹੀਂ ਦਿਤਾ। ਪੰਜ ਕੁ ਮਿੰਟ ਬਾਅਦ ਮੈਂ ਫਿਰ ਅੰਦਰ ਗਿਆ ਤਾਂ ਮੈਂ ਫੇਰ ਬੇਨਤੀ ਕੀਤੀ ਕਿ ਕੈਰੋਂ ਸਾਹਿਬ ਖੜ੍ਹੇ ਹਨ ਤੇ ਉਨ੍ਹਾਂ ਨੇ ਬੇਨਤੀ ਕੀਤੀ ਹੈ ਕਿ ਮੈਂ ਅਸੈਂਬਲੀ 'ਚੋਂ ਟਾਈਮ ਕੱਢ ਕੇ ਦਰਸ਼ਨਾਂ ਵਾਸਤੇ ਆਇਆ ਹਾਂ, ਕਿਰਪਾ ਕਰੋ ਦਰਸ਼ਨ ਦਿਉ। ਕਹਿਣ ਲੱਗੇ ਉਸ ਨੂੰ ਕਿਸਨੇ ਕਿਹਾ ਹੈ? ਮੈਂ ਉਤਰ ਦਿਤਾ, ਮਹਾਰਾਜ ਮੈਂ ਤਾਂ ਉਸ ਨੂੰ ਕਿਹਾ ਨਹੀਂ ਹੈ। ਮੈਂ ਤਾਂ ਉਸ ਦੇ ਪੀ.ਆਰ.ਓ. ਨੂੰ ਸਵੇਰ ਦਾ ਟਾਈਮ ਦਿਤਾ ਸੀ ਕਿ ਸੈਰ ਕਰਦਿਆਂ ਨੂੰ ਮਿਲ ਲਵੇ। ਪਰ ਉਸਨੇ ਘਬਰਾਏ ਹੋਏ ਨੇ ਇਸ ਨੂੰ ਸ਼ਾਮ ਦੇ ਛੇ ਵਜੇ ਦਾ ਕਹਿ ਦਿਤਾ, ਪੂਰੀ ਤਰ੍ਹਾਂ ਦੱਸ ਨਹੀਂ ਸਕਿਆ। ਫੇਰ ਸੰਤ ਮਹਾਰਾਜ ਚੁੱਪ ਕਰ ਗਏ। ਮੈਂ ਫਿਰ ਬਾਹਰ ਆ ਗਿਆ। ਚੌਥੀ ਵਾਰੀ ਜਦੋਂ ਮੈਂ ਕੋਈ ਵੀਹ ਮਿੰਟ ਬਾਅਦ ਗਿਆ ਤਾਂ ਸੰਤ ਮਹਾਰਾਜ ਕਹਿੰਦੇ ਕੀ ਗੱਲ ਹੈ? ਮੈਂ ਕਿਹਾ ਮਹਾਰਾਜ ਜੀ, ਉਹੀ ਹੈ, ਉਹ ਬਾਹਰ ਖੜ੍ਹਾ ਹੈ। ਸੰਤ ਮਹਾਰਾਜ ਕਹਿਣ ਲੱਗੇ, ਕਿੰਨੇ ਬੰਦੇ ਹੋਰ ਖੜ੍ਹੇ ਹਨ? ਤਾਂ ਮੈਂ ਕਿਹਾ, ਮਹਾਰਾਜ ਜੀ, ਬਾਰਾਂ ਬੰਦੇ ਹਨ। ਤਾਂ ਸੰਤ ਮਹਾਰਾਜ ਨੇ ਕਿਹਾ ਕਿ ਲਾਈਨ ਲਗਵਾਉ, ਜਿਹੜਾ ਪਹਿਲਾਂ ਆਇਆ ਹੈ ਪਹਿਲਾਂ ਆਵੇ, ਜਿਹੜਾ ਪਿਛੋਂ ਆਇਐ ਪਿਛੋਂ ਆਵੇ। ਮੈਂ ਬਾਹਰ ਆ ਕੇ ਕਹਿ ਦਿਤਾ ਕਿ ਭਾਈ ਮਹਾਂਪੁਰਸ਼ਾਂ ਦਾ ਹੁਕਮ ਆਹ ਹੈ ਤੇ ਅੱਗੇ ਤੁਸੀਂ ਦੇਖ ਲਵੋ ਕਿ ਕਿਵੇਂ ਕਰਨਾ ਹੈ, ਸੀ.ਐਮ. ਸਾਹਿਬ ਨੂੰ ਪਹਿਲ ਦੇਣੀ ਹੈ ਕਿ ਇਹ ਪਿਛੋਂ ਜਾਣ। ਕੈਰੋਂ ਸਾਹਿਬ ਕਹਿਣ ਲੱਗੇ ਕਿ ਹੁਣ ਤਾਂ ਜਿਸ ਤਰ੍ਹਾਂ ਮਹਾਂਪੁਰਸ਼ਾਂ ਦਾ ਹੁਕਮ ਹੈ, ਮੈਂ ਸਾਰਿਆਂ ਤੋਂ ਪਿਛੇ ਹੀ ਰਹਾਂਗਾ। ਲਾਈਨ ਲੱਗ ਗਈ, ਉਸ ਦਾ ਚੌਧਵਾਂ ਨੰਬਰ ਸੀ। ਜਿਹੜੇ ਮਹਾਂਪੁਰਸ਼ਾਂ ਦੇ ਜਾਂਦੇ ਨੇ ਉਨ੍ਹਾਂ ਨੇ ਮਨ ਦੀ ਗੱਲ ਕਰਨੀ ਹੁੰਦੀ ਹੈ। ਜੇਕਰ ਇਕ ਬੰਦੇ ਨੂੰ ਪੰਜ ਮਿੰਟ ਲਾਵੋ ਤਾਂ 70 ਮਿੰਟ ਬਣ ਜਾਂਦੇ ਹਨ। ਨਾਲੇ ਤਾਂ ਕੈਰੋਂ ਸਾਹਿਬ ਲਾਈਨ 'ਚ ਖੜ੍ਹੇ ਸਨ, ਨਾਲੇ ਕਹਿਣ ਕਿ ਬਈ ਅੱਜ ਮੈਨੂੰ ਸੁਆਦ ਆ ਗਿਆ। ਲੋਕਾਂ ਦੀਆਂ ਮੈਨੂੰ ਮਿਲਣ ਲਈ ਲਾਈਨਾਂ ਲੱਗਿਆ ਕਰਦੀਆਂ ਹਨ। ਅੱਜ ਮੈਂ ਵੀ ਲਾਈਨ 'ਚ ਖੜ੍ਹ ਕੇ ਦੇਖਿਆ ਹੈ। ਸੋ ਸਾਧ ਸੰਗਤ ਜੀ! ਮਹਾਂਪੁਰਸ਼ ਬੇਗਰਜ਼ ਹੋਇਆ ਕਰਦੇ ਹਨ ਤੇ ਕਿਸੇ ਦੀ ਪਰਵਾਹ ਨਹੀਂ ਕਰਿਆ ਕਰਦੇ।

***ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ॥***

***ਪੰਨਾ – 1374***

ਉਹ ਕਿਸੇ ਚੀਜ਼ ਨੂੰ ਮਹੱਤਤਾ ਨਹੀਂ ਦਿੰਦੇ, ਨਾ ਹੀ ਕਿਸੇ ਚੀਜ਼ ਤੇ ਦਾਅਵਾ ਹੈ ਕਿ ਇਹ ਮੇਰੀ ਹੈ ਜਾਂ ਮੇਰੀ ਹੋ ਜਾਵੇ। ਸੋ ਇਸ ਤਰ੍ਹਾਂ ਨਾਲ ਇੰਦਰ ਵਰਗੇ ਸਵਰਗਾਂ ਦੇ ਰਾਜੇ ਨੂੰ ਵੀ ਕੰਗਾਲ ਸਮਝਦੇ ਹਨ। ਕਿਸੇ ਨਾਲ ਗਰਜ਼ ਹੀ ਨਹੀਂ ਰੱਖਣੀ, ਪ੍ਰਮੇਸ਼ਰ ਨਾਲ ਪਿਆਰ ਹੈ, ਬਸ ਪ੍ਰਮੇਸ਼ਰ ਦਾ ਹੀ ਦਾਅਵਾ ਹੈ, ਪ੍ਰਮੇਸ਼ਰ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ, ਉਹ ਸਭ ਨੂੰ ਦੇਣ ਵਾਲਾ ਹੈ, ਫੇਰ ਦੁਨੀਆਂ ਦੀ ਗਰਜ਼ ਕਾਹਦੀ ਰਹਿ ਗਈ।

ਜਿਸ ਵਕਤ ਏਮਨਾਬਾਦ ਵਿਚ ਬਾਬਰ ਨੇ ਹਮਲਾ ਕੀਤਾ ਤਾਂ ਸਾਰੇ ਸਾਧੂ ਸੰਤਾਂ ਨੂੰ ਵੀ ਫੜ ਲਿਆ ਤੇ ਮਹਾਰਾਜ ਗੁਰੂ ਨਾਨਕ ਸਾਹਿਬ ਜੀ ਨੂੰ ਵੀ ਕੈਦ ਕਰ ਦਿਤਾ ਤੇ ਸਭ ਤੋਂ ਚੱਕੀਆਂ ਪਿਸਵਾ ਰਿਹੈ। ਜਦੋਂ ਦੇਖਿਆ ਕਿ ਇਥੇ ਤਾਂ ਕੋਈ ਜਾਹਰ ਪੀਰ ਹੈ ਜੋ ਖੁਦਾ ਦੀ ਕਲਾਮ ਗਾ ਰਿਹਾ ਹੈ ਤੇ ਚੱਕੀਆਂ ਆਪ ਹੀ ਚਲ ਰਹੀਆਂ ਹਨ ਤਾਂ ਹੱਥ ਬੰਨ੍ਹ ਕੇ ਖੜ੍ਹਾ ਹੋ ਗਿਆ ਤੇ ਮੁਰੀਦ ਬਣ ਗਿਆ, ਸਾਰੇ ਕੈਦੀਆਂ ਨੂੰ ਛੱਡ ਦਿਤਾ। ਮਹਾਰਾਜ ਜੀ ਨੂੰ ਕਹਿਣ ਲੱਗਾ ਕਿ ਤੁਹਾਨੂੰ ਕੁਝ ਦੇਣਾ ਚਾਹੁੰਦਾ ਹਾਂ ਤਾਂ ਗੁਰੂ ਮਹਾਰਾਜ ਜੀ ਨੇ ਉਤਰ ਦਿਤਾ ਕਿ ਐ ਬਾਬਰ!

***ਤੁਝ ਸੇ ਮਾਂਗੇ ਸੋ ਅਹਿਮਕ ਫਕੀਰ॥ ਜਨਮਸਾਖੀ***

ਪ੍ਰਮੇਸ਼ਰ ਨੇ ਤੈਨੂੰ ਦਿਤਾ ਹੈ ਤੇ ਅਸੀਂ ਸਿਧਾ ਪ੍ਰਮੇਸ਼ਰ ਤੋਂ ਹੀ ਲੈ ਲਵਾਂਗੇ।

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ - 186***

ਸਾਨੂੰ ਕੋਈ ਲੋੜ ਨਹੀਂ, ਤੂੰ ਦੱਸ ਤੈਨੂੰ ਕੀ ਚਾਹੀਦਾ ਹੈ।

ਸੋ ਇਸ ਤਰ੍ਹਾਂ ਸਿਕੰਦਰ ਕਹਿਣ ਲੱਗਿਆ ਕਿ ਮੇਰਾ ਆਦਰ ਨਹੀਂ ਹੋਇਆ। ਕਿਧਰੇ ਗੇਟ ਨਹੀਂ ਬਣਾਇਆ, ਕਿਧਰੇ ਝੰਡੀਆਂ ਨਹੀਂ ਲਾਈਆਂ ਅਤੇ ਨਾ ਹੀ ਰਸਤਾ ਸਾਫ ਕੀਤਾ ਹੈ। ਉਸ ਨੂੰ ਗੁੱਸਾ ਚੜ੍ਹਦਾ ਗਿਆ। ਜਿਹੜਾ ਅਭਿਮਾਨੀ ਆਦਮੀ ਹੁੰਦਾ ਹੈ, ਉਸ ਨੂੰ ਗੁਸਾ ਬਹੁਤ ਆਇਆ ਕਰਦੈ ਕਿਉਂਕਿ ਉਸਦੀ ਹਉਮੈ (ego) ਨੂੰ ਸੱਟ ਲੱਗਦੀ ਹੈ। ਜਿਤਨੀ ਬੜੀ ਹਉਮੈ ਹੋਵੇਗੀ, ਓਨੀ ਵੱਡੀ ਸੱਟ ਵਜੇਗੀ। ਅੱਗੇ ਪਹੁੰਚਿਆ ਤਾਂ ਪੋਰਸ ਨੂੰ ਪੁਛਣ ਲੱਗਿਆ ਕਿ ਸੰਤ ਕਿਥੇ ਹਨ? ਪੋਰਸ ਕਹਿੰਦਾ, ਉਹ ਸਾਮ੍ਹਣੇ ਬੈਠੇ ਹਨ। ਉਸ ਵਕਤ ਪੋਹ ਦਾ ਮਹੀਨਾ ਸੀ ਤੇ ਸੰਤ ਧੁਪ ਸੇਕ ਰਹੇ ਸੀ। ਤੇੜ ਇਕ ਕਪੜਾ ਪਾਇਆ ਹੋਇਐ, ਹੋਰ ਕੋਈ ਕਪੜਾ ਸਰੀਰ ਤੇ ਨਹੀਂ ਪਾਇਆ ਹੋਇਆ ਤੇ ਆਰਾਮ ਨਾਲ ਬੈਠੇ ਹਨ। ਹੇਠਾਂ ਘਾਹ ਫੂਸ ਵਛਾਇਆ ਹੋਇਐ ਤੇ ਆਰਾਮ ਦੇ ਨਾਲ ਆਪਣੀ ਮੌਜ ਵਿਚ ਬੈਠੇ ਹਨ। ਸਿਕੰਦਰ ਕਹਿਣ ਲੱਗਿਆ ਕਿ ਆਹ ਨੰਗਾ-ਧੜੰਗਾ ਜਿਹਾ ਇਹੋ ਸੰਤ ਹੈ? ਪੋਰਸ ਕਹਿਣ ਲੱਗਿਆ, ਇਹੋ ਹਨ। ਬੜਾ ਗੁਸਾ ਚੜ੍ਹ ਗਿਆ ਤੇ ਉਧਰ ਸੰਤਾਂ ਨੇ ਇਕ ਨਜ਼ਰ ਦੇਖਿਆ, ਕੋਈ ਆਏ ਹਨ ਪਰ ਫੇਰ ਨੇਤਰ ਬੰਦ ਕਰ ਲਏ ਤੇ ਮਸਤ ਹੋ ਗਏ। ਸਿਕੰਦਰ ਕਹਿਣ ਲੱਗਿਆ ਕਿ ਦੇਖੋ! ਇਸ ਸੰਤ ਨੇ ਤਾਂ ਮੇਰੀ ਬੇਇਜ਼ਤੀ ਕਰ ਦਿੱਤੀ, ਮੈਂ ਸਾਰੀ ਦੁਨੀਆਂ ਦਾ ਜੇਤੂ ਬਾਦਸ਼ਾਹ ਇਥੇ ਇਹਦੇ ਕੋਲ ਪਹੁੰਚਿਆ ਹਾਂ ਤੇ ਇਹ ਸੰਤ ਮੇਰੇ ਸਤਿਕਾਰ ਵਿਚ ਉਠ ਕੇ ਵੀ ਖੜ੍ਹਾ ਨਹੀਂ ਹੋਇਆ। ਇਹਦੇ ਮਨ ਵਿਚ ਬੜਾ ਗੁਸਾ ਆਇਆ। ਘੋੜੇ ਤੋਂ ਉਤਰਿਆ ਅਤੇ ਮਿਆਨ ਵਿਚੋਂ ਤਲਵਾਰ ਕੱਢ ਲਈ ਤੇ ਸੰਤਾਂ ਨੂੰ ਮਾਰਨ ਵਾਸਤੇ ਅਗੇ ਵਧਿਆ ਤੇ ਉਹ ਮੁਸਕਰਾ ਪਏ। ਕਹਿਣ ਲੱਗੇ, ਸਿਕੰਦਰ! ਹਾਲੇ ਤੇਰੀ ਇਸ ਤਲਵਾਰ ਦੀ ਪਿਆਸ ਲੱਖਾਂ ਭੈਣਾਂ ਦੇ ਭਰਾ ਮਾਰ ਕੇ ਬੁਝ ਨਹੀਂ ਸਕੀ? ਲੱਖਾਂ ਪਤਨੀਆਂ ਦੇ ਪਤੀ ਮਾਰ ਦਿਤੇ, ਲੱਖਾਂ ਮਾਵਾਂ ਦੇ ਪੁੱਤਰ ਮਾਰ ਦਿਤੇ। ਜੇ ਤੇਰੀ ਪਿਆਸ ਹਾਲੇ ਵੀ ਬੁਝੀ ਨਹੀਂ ਤਾਂ ਆ ਜਾ, ਸੰਤਾਂ ਦੇ ਖੂਨ ਨਾਲ ਬੁਝਾ ਲੈ, ਫੇਰ ਤੇਰੀ ਪਿਆਸ ਚੰਗੀ ਤਰ੍ਹਾਂ ਨਾਲ ਬੁਝ ਜਾਵੇਗੀ। ਸਿਕੰਦਰ ਹੈਰਾਨ ਹੋ ਰਿਹੈ ਤੇ ਉਸ ਦਾ ਹੱਥ ਉਥੇ ਹੀ ਪੱਥਰ ਵਾਂਗ ਜਾਮ ਹੋ ਗਿਆ, ਹਿਲਦਾ ਜੁਲਦਾ ਨਹੀਂ, ਉਸੇ ਤਰ੍ਹਾਂ ਪੱਥਰ ਵਾਂਗਰ ਬੁਤ ਬਣਿਆ ਖੜ੍ਹਾ ਹੈ, ਨਾ ਅੱਗੇ ਵੱਧ ਹੁੰਦੈ, ਨਾ ਪਿਛੇ ਹੱਟ ਹੁੰਦੈ। ਜਿਵੇਂ ਬਗਦਾਦ ਵਿਚ ਗੁਰੂ ਨਾਨਕ ਸਾਹਿਬ ਨੂੰ ਪੀਰ ਦਸਤਗੀਰ ਦੇ ਕਹਿਣ ਤੇ ਸਾਰਾ ਸ਼ਹਿਰ ਇਟਾਂ ਵੱਟੇ ਚੁਕ ਕੇ ਮਾਰਨ ਆਇਆ ਸੀ ਤਾਂ ਸਾਰਿਆਂ ਦੇ ਹੱਥਾਂ ਨਾਲ ਇੱਟਾਂ ਵੱਟੇ ਚਿਪਕ ਗਏ ਸਨ ਤੇ ਪੱਥਰ ਹੋ ਕੇ ਖੜ੍ਹ ਗਏ ਸਨ ਤੇ ਇਸੇ ਤਰ੍ਹਾਂ ਸਿਕੰਦਰ ਪੱਥਰ ਬਣਿਆ ਖੜ੍ਹਾ ਹੈ। ਸੰਤਾਂ ਨੇ ਸਿਕੰਦਰ ਵੱਲ ਦੇਖਿਆ ਤੇ ਮੁਸਕਰਾਏ ਤੇ ਪੁਛਿਆ ਕਿ ਤੂੰ ਆਪਣੀ ਤਲਵਾਰ ਚਲਾਉਂਦਾ ਕਿਉਂ ਨਹੀਂ, ਰੁਕ ਕਿਉਂ ਗਿਆ? ਪੋਰਸ ਨੇ ਕਿਹਾ ਕਿ ਮਹਾਰਾਜ ਖਿਮਾ ਕਰੋ। ਸੰਤ ਕਹਿਣ ਲੱਗੇ, ਇਹਨੂੰ ਕਹੋ ਕਿ ਇਸ ਨੂੰ ਵਿਚਾਰ ਨਾਲ ਗੱਲ ਕਰਨੀ ਚਾਹੀਦੀ ਹੈ, ਜਿਹੜਾ ਜੋਰ ਇਹ ਮੈਨੂੰ ਇਥੇ ਦਿਖਾ ਰਿਹੈ, ਉਹ ਕਿਧਰੇ ਹੋਰ ਦਿਖਾ ਲਵੇ। ਇਹ ਕੋਈ ਜੰਗ ਦਾ ਮੈਦਾਨ ਤਾਂ ਨਹੀਂ, ਇਥੇ ਤਾਂ ਅਸੀਂ ਇਕਾਂਤ ਵਿਚ ਇਕੱਲੇ ਆਪਣੀ ਮੌਜ ਵਿਚ ਬੈਠੇ ਹਾਂ। ਅਸੀਂ ਤਾਂ ਇਸ ਨੂੰ ਬੁਲਾਇਆ ਨਹੀਂ ਕਿ ਸਾਨੂੰ ਮਿਲਣ ਆਵੇ ਤੇ ਇਹ ਗੁੱਸਾ ਕਿਹੜੀ ਗੱਲ ਦਾ ਦਿਖਾਉਂਦਾ ਹੈ? ਸਿਕੰਦਰ ਕਹਿਣ ਲੱਗਿਆ, ਸੰਤ ਜੀ! ਮੈਂ ਸਾਰੀ ਦੁਨੀਆਂ ਨੂੰ ਜਿਤ ਕੇ ਇਥੇ ਪਹੁੰਚਿਆ ਹਾਂ। ਕੋਈ ਵੀ ਦੁਨੀਆਂ ਦਾ ਬਾਦਸ਼ਾਹ ਅੱਜ ਤਕ ਮੈਨੂੰ ਨਹੀਂ ਮਿਲਿਆ ਜਿਹੜਾ ਅੱਜ ਤਕ ਮੇਰੇ ਸਾਮ੍ਹਣੇ ਅੜਿਆ ਹੋਵੇ ਤੇ ਐਡਾ ਵੱਡਾ ਵਿਜੇਤਾ ਮੈਂ ਦੁਨੀਆਂ ਦਾ ਹੋਵਾਂ, ਤੇ ਤੁਸੀਂ ਮੇਰੇ ਆਏ ਤੇ ਖੜ੍ਹੇ ਨਹੀਂ ਹੋਏ। ਸੰਤ ਕਹਿਣ ਲੱਗੇ, ਸਿਕੰਦਰ ਬਾਦਸ਼ਾਹ! ਇਕ ਗੱਲ ਦੱਸ, ਜੇ ਤੇਰਾ ਗੁਲਾਮ ਆ ਜਾਵੇ, ਤੂੰ ਉਸ ਦੇ ਆਉਣ ਤੇ ਖੜ੍ਹਾ ਹੁੰਦਾ ਹੈਂ? ਕਹਿੰਦਾ, ਨਹੀਂ ਜੀ, ਮੈਂ ਤਾਂ ਗੁਲਾਮ ਨਹੀਂ। ਸੰਤ ਕਹਿਣ ਲੱਗੇ, ਮੇਰੀ ਗੱਲ ਦਾ ਹਾਂ, ਤੇ ਨਾਂਹ ਵਿਚ ਜਵਾਬ ਦੇਹ। ਕਹਿੰਦਾ, ਨਹੀਂ ਜੀ। ਕਹਿਣ ਲੱਗੇ, ਜੇ ਤੇਰੇ ਗੁਲਾਮ ਦਾ ਗੁਲਾਮ ਆ ਜਾਵੇ, ਫੇਰ ਤੂੰ ਖੜ੍ਹਾ ਹੁੰਦੈ? ਕਹਿੰਦਾ, ਨਹੀਂ। ਕਹਿੰਦੇ ਜੇ ਉਸ ਦਾ ਗੁਲਾਮ ਆ ਜਾਵੇ? ਸਿਕੰਦਰ ਕਹਿਣ ਲੱਗਿਆ, ਜੀ ਸਵਾਲ ਹੀ ਪੈਦਾ ਨਹੀਂ ਹੁੰਦਾ। ਸੰਤ ਕਹਿਣ ਲੱਗੇ ਕਿ ਇਹੋ ਗੱਲ ਤੇਰੀ ਤੇ ਸਾਡੀ ਹੈ। ਤੇਰੀ ਥਾਂ ਤੇ ਜੇ ਕੋਈ ਮਹਾਂਪੁਰਸ਼ ਆਉਂਦੇ ਤਾਂ ਅਸੀਂ ਸੀਸ ਭਾਰ ਹੋ ਕੇ ਲੈਣ ਜਾਂਦੇ ਪਰ ਤੂੰ ਤਾਂ ਗੁਲਾਮ ਦੇ ਗੁਲਾਮ ਦਾ ਗੁਲਾਮ ਹੈਂ ਤੇ ਤੇਰੇ ਵਾਸਤੇ ਅਸੀਂ ਕਿਉਂ ਖੜ੍ਹੇ ਹੋਈਏ? ਕਹਿੰਦਾ, ਮਹਾਰਾਜ! ਕਿਵੇਂ? ਸੰਤ ਕਹਿਣ ਲੱਗੇ, ਸਾਨੂੰ ਇਹ ਦੱਸ ਕਿ ਤੇਰੇ ਯੂਨਾਨ ਦੇ ਅੰਦਰ ਕੁਲੀ, ਜੁਲੀ, ਗੁਲੀ ਹੈ ਜਾਂ ਨਹੀਂ ਕਿਉਂਕਿ ਆਦਮੀ ਨੂੰ ਤਿੰਨ ਚੀਜ਼ਾਂ ਦੀ ਲੋੜ ਹੋਇਆ ਕਰਦੀ ਹੈ - ਰਹਿਣ ਵਾਸਤੇ ਘਰ, ਪਹਿਨਣ ਵਾਸਤੇ ਕੱਪੜੇ ਤੇ ਖਾਣ ਵਾਸਤੇ ਰੋਟੀ, ਇਹ ਚੀਜ਼ਾਂ ਹਨ ਕਿ ਨਹੀਂ। ਕਹਿੰਦਾ, ਹੈਗੀਆਂ। ਸੰਤ ਕਹਿਣ ਲੱਗੇ, ਫੇਰ ਦੁਨੀਆਂ ਨੂੰ ਕਿਉਂ ਰੌਂਦਦਾ ਫਿਰਦੈਂ, ਮਾਰਦਾ ਫਿਰਦੈਂ ਤੇ ਦੋ ਲੱਖ ਬੰਦਾ ਨਾਲ ਲਈ ਫਿਰਦਾ ਹੈਂ। ਸਾਰੀ ਦੁਨੀਆਂ ਵਿਚ ਕੁਹਰਾਮ ਮੱਚਿਆ ਪਿਆ ਹੈ ਤੇ ਬਾਰਾਂ ਸਾਲ ਹੋ ਗਏ ਤੈਨੂੰ ਘਰੋਂ ਨਿਕਲੇ ਨੂੰ ਤੇ ਤੂੰ ਉਸੇ ਵੇਲੇ ਤੋਂ ਹੀ ਬੰਦੇ ਮਾਰਦਾ ਫਿਰਦੈਂ ਤੇ ਲੁਟ ਮਾਰ ਕਰਦਾ ਫਿਰਦਾ ਹੈਂ ਤੇ ਕਿਹੜੀ ਚੀਜ਼ ਹੈ ਜਿਹੜੀ ਤੈਨੂੰ ਲਈ ਫਿਰਦੀ ਹੈ। ਸੋਚਣ ਲੱਗ ਪਿਆ, ਅਖੀਰ ਮਹਾਤਮਾ ਕਹਿੰਦੇ ਜੇ ਨਹੀਂ ਪਤਾ ਲਗਦਾ, ਤਾਂ ਅਸੀਂ ਤੈਨੂੰ ਦੱਸ ਦਿੰਦੇ ਹਾਂ। ਕਹਿੰਦੇ ਤੂੰ ਮਨ ਦਾ ਗੁਲਾਮ ਹੈਂ, ਤੈਨੂੰ ਤੇਰਾ ਮਨ ਕਹਿੰਦੈ ਕਿ ਇਧਰ ਨੂੰ ਚਲ, ਉਧਰ ਨੂੰ ਚੱਲ। ਤੇਰਾ ਮਨ ਹਿਰਸ ਦਾ ਗੁਲਾਮ ਹੈ ਕਿ ਮੈਂ ਦੁਨੀਆਂ ਦਾ ਚੱਕਰਵਰਤੀ ਬਾਦਸ਼ਾਹ ਬਣ ਜਾਵਾਂ। ਕਹਿਣ ਲੱਗੇ ਜਿਹੜੀ ਹਿਰਸ ਹੈ, ਉਹ ਅਸੀਂ ਆਪਣੀਆਂ ਖੜਾਵਾਂ ਦੇ ਥੱਲੇ ਰੱਖੀ ਹੋਈ ਹੈ ਤੇ ਸਾਡੀ ਹਿਰਸ ਗੁਲਾਮ ਹੈ ਤੇ ਹਿਰਸ ਦਾ ਗੁਲਾਮ ਤੇਰਾ ਮਨ ਹੈ, ਤੇ ਮਨ ਦਾ ਗੁਲਾਮ ਤੂੰ ਹੈਂ। ਹੁਣ ਤੂੰ ਦੱਸ ਕਿ ਤੂੰ ਗੁਲਾਮਾਂ ਦੇ ਗੁਲਾਮ ਦਾ ਗੁਲਾਮ ਆ ਗਿਆ ਤੇ ਅਸੀਂ ਤੇਰੇ ਵਾਸਤੇ ਕਿਉਂ ਖੜ੍ਹੇ ਹੋਈਏ। ਸਾਧ ਸੰਗਤ ਜੀ! ਸਿਕੰਦਰ ਚੁਪ ਕਰ ਗਿਆ, ਹੁਣ ਕੋਈ ਗਲ ਕਰਨ ਜੋਗਾ ਨਹੀਂ ਰਿਹਾ ਤੇ ਗੱਲ ਦੀ ਸਮਝ ਆ ਗਈ ਤੇ ਉਹਨੇ ਕਿਹਾ, ਇਹ ਤਾਂ ਬ੍ਰਹਮ ਗਿਆਨੀ ਮਹਾਂਪੁਰਸ਼

ਹਨ ਤੇ ਇਨ੍ਹਾਂ ਦੀ ਪਦਵੀ ਤਾਂ ਬਹੁਤ ਉਚੀ ਹੈ। ਅਖੀਰ ਬਚਨ ਕੀਤੇ ਤੇ ਕਹਿਣ ਲੱਗਿਆ ਕਿ ਮਹਾਂਪੁਰਸ਼ੋ! ਮੈਂ ਕੁਝ ਭੇਟਾ ਕਰਨਾ ਚਾਹੁੰਦਾ ਹਾਂ। ਕਹਿਣ ਲੱਗੇ, ਕੀ ਭੇਟਾ ਕਰਨੈ? ਕਹਿੰਦਾ, ਆਹ ਜਿਹੜਾ ਜੰਗਲ ਹੈ, ਇਹਦੇ ਵਿਚ ਬਾਗ ਲਗਵਾ ਦਿੰਦਾ ਹਾਂ, ਨਹਿਰਾਂ ਚਲਾ ਦਿੰਦਾ ਹਾਂ, ਫੁਹਾਰੇ ਚਲਾ ਦਿੰਦਾ ਹਾਂ, ਫੁਲਾਂ ਦੀਆਂ ਬਗੀਚੀਆਂ ਤੇ ਘਾਹ ਲਗਵਾ ਦਿੰਦਾ ਹਾਂ। ਸਾਰਾ ਖਰਚਾ ਸਰਕਾਰੀ ਹੋਵੇਗਾ। ਸੰਤ ਕਹਿਣ ਲੱਗੇ, ਰਹਿਣ ਦੇ ਭਾਈ, ਸਾਨੂੰ ਲੋੜ ਨਹੀਂ ਇਨ੍ਹਾਂ ਚੀਜ਼ਾਂ ਦੀ, ਮੱਖੀਆਂ ਬਹੁਤੀਆਂ ਆ ਜਾਣਗੀਆਂ। ਅਸੀਂ ਇਸੇ ਤਰ੍ਹਾਂ ਚੰਗੇ ਹਾਂ। ਫੇਰ ਕਹਿਣ ਲੱਗਿਆ, ਆਪ ਦੇ ਨਾਮ ਜਗੀਰ ਲਗਵਾ ਦਿੰਦਾ ਹਾਂ, ਛੇਤਰ (ਲੰਗਰ) ਚਲਦਾ ਰਹੇਗਾ। ਕਹਿਣ ਲੱਗੇ, ਰਹਿਣ ਦੇ ਭਾਈ, ਤੁਸੀਂ ਬਾਹਰ ਹੀ ਚਲਾ ਲਵੋ, ਪੋਰਸ ਨੂੰ ਕਹਿ ਦੇ, ਇਹੀ ਚਲਾ ਦੇਵੇਗਾ। ਬਾਰ ਬਾਰ ਕਹੀ ਜਾਂਦਾ ਹੈ ਕਿ ਮਹਾਰਾਜ ਆਹ ਲੈ ਲਵੋ, ਆਹ ਲੈ ਲਵੋ, ਤੇ ਕਹਿੰਦਾ ਮਹਾਰਾਜ ਮੈਂ ਜ਼ਰੂਰ ਕੁਝ ਭੇਟ ਕਰਨਾ ਹੈ ਤੇ ਜ਼ਰੂਰ ਕੁਝ ਨਾ ਕੁਝ ਅੰਗੀਕਾਰ ਕਰੋ। ਕਹਿਣ ਲੱਗੇ, ਕਰ ਲੈਂਦੇ ਹਾਂ। ਸਿਕੰਦਰ ਕਹਿਣ ਲੱਗਿਆ, ਦੱਸੋ ਮਹਾਰਾਜ। ਕਹਿੰਦੇ ਸਾਨੂੰ ਧੁੱਪ ਛੱਡ ਦੇ, ਪਾਸੇ ਹੋ ਜਾ, ਤੇ ਸਾਨੂੰ ਧੁਪ ਦੀ ਲੋੜ ਹੈ ਤੇ ਸਾਡੇ ਉਤੇ ਛਾਂ ਨਾ ਕਰ। ਸੋ ਸੰਤ ਬੇਪਰਵਾਹ ਹੋਇਆ ਕਰਦੇ ਹਨ।

***ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥***
***ਪੰਨਾ - 711***

ਜਿਹਦਾ ਪੱਖ ਪ੍ਰਮੇਸ਼ਰ ਕਰਦਾ ਹੋਵੇ ਉਹ ਬੇਪਰਵਾਹ ਹੋਇਆ ਕਰਦੇ ਹਨ, ਉਹ ਕਿਸੇ ਦੁਨੀਆਂਦਾਰ ਦੀ ਪਰਵਾਹ ਨਹੀਂ ਕਰਿਆ ਕਰਦੇ।

ਸੋ ਨਾਮ ਦੀ ਬਦੌਲਤ, ਅਰਸ਼ਾਂ ਤੇ ਫਰਸ਼ਾਂ ਦੀ ਬਾਦਸ਼ਾਹੀ ਮਿਲ ਜਾਂਦੀ ਹੈ। ਦਰਗਾਹ ਵਿਚ ਤੇ ਸਾਰੇ ਸਵਰਗਾਂ ਵਿਚ ਉਸ ਦਾ ਹੁਕਮ ਚਲਦਾ ਹੈ। ਧਰਮਰਾਜ ਵੀ ਧੰਨਭਾਗ ਸਮਝਦਾ ਹੈ। ਜਦੋਂ ਮਹਾਂਪੁਰਸ਼ ਹੁਕਮ ਕਰ ਦਿੰਦੇ ਹਨ ਕਿ ਔਹ ਜੀਵ ਨੂੰ ਛੱਡ ਦੇ ਤੇ ਉਨ੍ਹਾਂ ਦੇ ਹੁਕਮ ਨਾਲ ਛੱਡ ਦਿੰਦਾ ਹੈ। ਬੇਅੰਤ ਐਸੀਆਂ ਮਿਸਾਲਾਂ ਹਨ ਜਿਨ੍ਹਾਂ ਨੂੰ ਐਸ ਵੇਲੇ ਦੱਸਣ ਦਾ ਐਨਾ ਸਮਾਂ ਨਹੀਂ ਹੈ। ਇਹ ਸਾਰੀ ਬਰਕਤ ਕਿਸ ਚੀਜ਼ ਦੀ ਹੈ, ਇਹ ਨਾਮ ਦੀ ਸ਼ਕਤੀ ਹੈ। ਨਾਮ ਦੀ ਸ਼ਕਤੀ ਪ੍ਰਾਪਤ ਹੋ ਕੇ ਜੀਵਨ ਪਦਵੀ ਪ੍ਰਾਪਤ ਹੋ ਜਾਂਦੀ ਹੈ ਤੇ ਉਹ ਸਦਾ ਲਈ ਜੀਉਂਦੇ ਰਹਿੰਦੇ ਹਨ। ਜਿਸ ਨੂੰ ਨਹੀਂ ਪ੍ਰਾਪਤ ਹੋਈ, ਉਹ ਨਾਮ ਤੋਂ ਬਿਨਾਂ ਮਰ ਜਾਂਦਾ ਹੈ। ਸਾਰਾ ਸੰਸਾਰ ਮਰ ਜਾਂਦਾ ਹੈ ਨਾਮ ਤੋਂ ਬਿਨਾਂ। ਸਾਧ ਸੰਗਤ ਜੀ! ਦੱਸੋ ਤਾਂ ਭਗਤ ਨਾਮ ਦੇਵ ਜੀ ਵੇਲੇ ਦਿਲੀ ਦਾ ਬਾਦਸ਼ਾਹ ਕੌਣ ਸੀ? ਨਾਮਦੇਵ ਜੀ ਨੂੰ ਸਭ ਜਾਣਦੇ ਹਨ, ਕਬੀਰ ਸਾਹਿਬ ਨੂੰ ਸਭ ਜਾਣਦੇ ਹਨ ਪਰ ਰਾਜਿਆਂ ਬਾਰੇ ਕਿਸੇ ਨੂੰ ਪਤਾ ਨਹੀਂ। ਆਮ ਜਨਤਾ ਨੂੰ ਪਤਾ ਨਹੀਂ ਪਰ ਕੋਈ ਹਿਸਟਰੀ ਦਾ ਪੜ੍ਹਿਆ ਹੋਇਆ ਵਿਦਿਆਰਥੀ ਤਾਂ ਦੱਸ ਸਕਦਾ ਹੈ। ਲੇਕਿਨ ਨਾਮਦੇਵ ਜੀ ਨੂੰ ਸਭ ਜਾਣਦੇ ਹਨ।

***'ਚਲਦਾ'***

(ਪੰਨਾ 55 ਦੀ ਬਾਕੀ)

ਕੇ ਓਹ ਉਸ ਪਾਸ ਆਏ ਤੇ ਨਾਲੇ ਸੁੰਦਰੀ ਨੂੰ ਨੱਸਦਿਆਂ ਵੇਖ ਕੇ ਆਪਣੀ ਹਰਿਆਨਗੀ ਮੱਠੀ ਕਰਨ ਲਈ ਪਿਛੇ ਦੌੜੇ ਅਰ ਉਸ ਦੇ ਘੋੜੇ ਨੂੰ ਕੁਛ ਦੂਰ ਜਾ ਘੇਰਿਆ। ਹਾਕਮ ਨੇ ਸੁੰਦਰੀ ਨੂੰ ਪਛਾਣਿਆ ਅਰ ਬੇਵਸਾ ਹੋ ਕੇ ਬੋਲਿਆ, ਸ਼ੁਕਰ ਖੁਦਾਵੰਦ ਕਰੀਮ ਦਾ, ਜਿਹਨੇ ਇਸ ਤਰ੍ਹਾਂ ਮੇਲ ਕਰਾ ਦਿਤਾ। ਸ਼ੁਕਰ ਹੈ, ਲੱਖ ਲੱਖ ਸ਼ੁਕਰ ਹੈ। ਇਹ ਕਹਿੰਦਾ ਹੀ ਘੋੜੇ ਤੇ ਬੇਹੋਸ਼ ਜਿਹਾ ਹੋ ਗਿਆ। ਸਾਰੇ ਸਾਥੀ ਅਚੰਭਤ ਖੜ੍ਹੇ ਸਨ, ਸੁੰਦਰੀ ਚਾਰ ਚੁਫੇਰਿਓਂ ਘਿਰੀ ਹੋਈ ਪਰੇਸ਼ਾਨ ਮਨ ਨਾਲ ਆਪਣੀ ਨਵੀਂ ਅਪਦਾ ਨੂੰ ਵੇਖ ਰਹੀ ਸੀ। ਹਾਕਮ ਨੇ ਫੇਰ ਅੱਖਾਂ ਖੋਲ੍ਹੀਆਂ ਅਰ ਕਿਹਾ, ਤੇਰਾ ਜਨਮ ਕਿਨ੍ਹਾਂ ਕਾਫਰਾਂ ਦੇ ਹੋਯਾ, ਆਹ ਕਿਹੀ ਬਹਾਦਰ ਹੈਂ। ਘੋੜੇ ਪਰ ਕਿਹੀ ਰਾਨ ਪਟੜੀ ਜਮਾਈ ਉਡਦੀ ਰਹੀ ਹੈਂ। ਮਰਦਾਂ ਨੂੰ ਪਰ੍ਹੇ ਸਿੱਟਦੀ ਹੈਂ, ਬੇਸ਼ਕ ਇਹ ਮਾਹ-ਰੂ (ਸੁੰਦਰੀ) ਬੇਗਮ ਬਨਾਉਣ ਦੇ ਲਾਇਕ ਹੈ, ਪਰ ਪਤਾ ਨਹੀਂ ਮੈਥੋਂ ਕਿਉਂ ਡਰਦੀ ਹੈ? ਸੁੰਦਰ ਤਾਂ ਮੈਂ ਵੀ ਹਾਂ, ਖਬਰੇ ਇਸ ਗੱਲੋਂ ਨੱਸਦੀ ਹੈ ਕਿ ਇਸ ਦਾ ਮਨ ਐਸ ਤਰ੍ਹਾਂ ਖੁਲ੍ਹੇ ਫਿਰਨ ਨੂੰ ਚਾਹੁੰਦਾ ਹੈ ਕਿ ਹਰਨਾਂ ਵਾਂਗ ਬਨਾਂ ਵਿਚ ਚੌਂਕੜੀਆਂ ਭਰਦੀ ਫਿਰਾਂ, ਪਰ ਮੇਰੇ ਮਹਿਲਾਂ ਵਿਚ ਪਰਦੇ ਦੀ ਕੈਦ ਹੈ। ਹੂੰ ਠੀਕ ਹੈਂ। ਠੀਕ ਬੁੱਝਿਆ ਹੈ। ਤੁਸੀਂ ਘਾਬਰੋ ਨਾ, ਮੈਂ ਤੁਹਾਨੂੰ ਦਿਲੋਂ ਪਿਆਰ ਕਰਦਾ ਹਾਂ, ਮੈਂ ਸ਼ਾਇਰ ਹਾਂ, ਜੱਟ ਗਵਾਰ ਨਹੀਂ, ਚਲੋ ਹੁਣ ਸ਼ਹਿਰ ਲੈ ਚੱਲੀਏ। ਇਹ ਕਹਿ ਕੇ ਹੱਸ ਪਿਆ।

ਸੁੰਦਰੀ ਇਸ ਵੇਲੇ ਬਾਤ ਚੀਤ ਨੂੰ ਸੁਣ ਰਹੀ ਸੀ, ਅੱਖਾਂ ਮੀਟੀ ਪ੍ਰਾਰਥਨਾ ਕਰ ਰਹੀ ਸੀ ਕਿ ਹੇ ਅਕਾਲ ਪੁਰਖ, ਇਸ ਵੇਲੇ ਥੰਮ੍ਹਾਂ ਵਿਚੋਂ ਬਹੁੜੋ ਅਰ ਮੇਰੇ ਧਰਮ ਦੀ ਰੱਖਿਆ ਕਰੋ, ਕੋਈ ਆਸਰਾ ਆਪ ਦੀ ਕ੍ਰਿਪਾ ਬਿਨਾਂ ਨਹੀਂ ਹੈ। ਇਸ ਪ੍ਰਕਾਰ ਦੀ ਪ੍ਰਾਰਥਨਾ ਡੂੰਘੇ, ਅਰ ਇਕਾਗਰ ਚਿੱਤੋਂ ਅਜਿਹੀ ਨਿਕਲੀ ਕਿ ਕਰਤਾਰ ਦੇ ਚਰਨਾਂ ਵਿਚ ਅਪੜੀ ਅਰ ਬੰਦ ਅੱਖਾਂ ਵਿਚ ਹੀ ਸੁੰਦਰੀ ਨੂੰ ਆਪਣੇ ਭਰਾ ਅਰ ਕੁਛ ਸਿੱਖਾਂ ਦਾ ਦਰਸ਼ਨ ਹੋਇਆ ਕਿ ਘੋੜਿਆਂ ਤੇ ਸਵਾਰ ਚਲੇ ਆ ਰਹੇ ਹਨ ਅਰ ਅਕਾਸ਼ ਵਿਚੋਂ ਗੁਰੂ ਸਾਹਿਬ ਵੀ ਆਪਣੇ ਤੇਜ ਵਿਚ ਖੜ੍ਹੇ ਇਸ਼ਾਰਾ ਕਰ ਰਹੇ ਹਨ ਕਿ ਐਸ ਰਸਤੇ ਜਾਓ। ਸੁੰਦਰੀ ਬੇਵਸੀ ਹੋ ਕੇ ਚੀਕ ਉਠੀ, ਪਿਆਰੇ ਵੀਰ! ਪਿਆਰੇ ਵੀਰ! ਛੇਤੀ ਪਹੁੰਚ ਵੀਰ ਵੇ, ਐਸ ਪਾਸੇ। ਇਹ ਦੁਹਾਈ ਇੱਡੀ ਕੜਕਵੀਂ ਆਵਾਜ਼ ਵਿਚ ਨਿਕਲੀ ਕਿ ਘੋੜੇ ਤੱਕ ਤ੍ਰਬਕ ਉਠੇ ਅਰ ਸੁੰਦਰੀ ਦੀਆਂ ਅੱਖਾਂ ਭੀ ਖੁਲ੍ਹ ਗਈਆਂ। ਕੀ ਵੇਖਦੀ ਹੈ ਕਿ ਸੱਚਮੁੱਚ ਵੀਰ ਜੀ ਕਈ ਸਿੱਖਾਂ ਸਣੇ ਘੋੜੇ ਸੁੱਟੀ ਆ ਰਹੇ ਹਨ ਅਰ ਦੁਹਾਈ ਸੁਣ ਕੇ ਹੋਰ ਭੀ ਹਵਾ ਵਾਂਗੂ ਉਡੇ ਹਨ। ਅੱਖ ਦੇ ਫੋਰ ਵਿਚ ਬਹਾਦਰ ਆ ਪਹੁੰਚੇ। ਇਕ ਛੋਟੀ ਜਿਹੀ ਲੜਾਈ ਮੁਗਲਾਂ ਤੇ ਸਿੱਖਾਂ ਦੀ ਹੋਈ। ਦੋ ਮੁਗਲ ਮੋਏ, ਬਾਕੀ ਦੇ ਜਾਨਾਂ ਬਚਾ ਕੇ ਨੱਸ ਗਏ ਅਰ ਧਰਮੀ ਸੁੰਦਰੀ ਦੀ ਪਤ ਕਰਤਾਰ ਨੇ ਰੱਖ ਲਈ, ***'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ।'*** ਭੈਣ ਭਰਾ ਘੋੜਿਆਂ ਤੋਂ ਉਤਰ ਕੇ ਅਜਿਹੇ ਵਿਛੜ ਕੇ ਮਿਲੇ ਕਿ ਦੁਹਾਂ ਦੀਆਂ ਅੱਖਾਂ ਤੋਂ - ***ਨੀਰ ਵਹਿ ਤੁਰਿਆ, 'ਮੈਂ ਨੀਰੁ ਵਹੇ ਵਹਿ ਚਲੈ ਜੀਉ।'***

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਬਿਰਤੀ

ਜੀਵਨ ਸਮਰੂਪਤਾ ਨਾਲ ਜੀਓ, ਜੋ ਕਰੋ ਪੂਰੇ ਧਿਆਨ, ਪੂਰੀ ਸੁਰਤੀ ਲਗਾ ਕੇ ਕਰੋ, ਜੋ ਕਰ ਰਹੇ ਹੋ ਉਸ ਨੂੰ ਸੰਪੂਰਨਤਾ ਦਾ ਰੂਪ ਦਿਓ, ਇਹ ਸਮਝ ਕੇ ਕਰੋ ਕਿ ਇਹ ਘੜੀ ਜੋ ਕਰ ਰਹੇ ਹੋ ਉਹ ਹੀ ਤੁਹਾਡੇ ਜੀਵਨ ਦਾ ਧੇਅ ਹੈ। ਕਦੀ ਇਹ ਨਾ ਸੋਚੋ, ਮੈਂ ਜੋ ਹੁਣ ਕਰ ਰਿਹਾ ਹਾਂ, ਉਹ ਠੀਕ ਹੈ ਪਰ ਮੈਂ ਜੋ ਕੱਲ੍ਹ ਕਰਾਂਗਾ ਉਹ ਪੂਰੀ ਤਰ੍ਹਾਂ ਕਰ ਲਵਾਂਗਾ। ਰੋਜ਼ ਸਵੇਰੇ ਉਠ ਕੇ ਆਪਣੇ ਆਪ ਨੂੰ ਕਹੋ, ਮੈਂ ਆਪਣੇ ਆਪ ਨੂੰ ਠੀਕ ਕਰ ਰਿਹਾ ਹਾਂ, ਮੈਂ ਅੱਗੇ ਨਾਲੋਂ ਚੰਗਾ ਹੋ ਰਿਹਾ ਹਾਂ। ਆਪਣੇ ਆਪ ਨੂੰ ਉਚਾ ਕਰਨ, ਚੰਗਾ ਬਣਾਉਣ ਦੇ ਤੱਤ ਤੁਹਾਡੇ ਅੰਦਰ ਹਨ। ਨਖੇਧੀ ਦੇ ਵਿਚਾਰ ਤੁਹਾਡੇ ਲਈ ਬਹੁਤ ਹੀ ਹਾਨੀਕਾਰਕ ਹਨ, ਚੰਗੇ ਸ਼ੁਧ ਪਵਿੱਤਰ ਵਿਚਾਰ ਤੁਹਾਡੇ ਸਰੀਰ ਲਈ ਔਸ਼ਧੀ ਹਨ, ਜੇ ਮਨ ਅਸ਼ਾਂਤ ਹੋਵੇ, ਉਦਾਸ ਹੋਵੇ, ਮਨ ਵਿਚ ਉਥੱਲ ਪੁਥੱਲ ਹੋ ਰਹੀ ਹੋਵੇ, ਮਨ ਵਿਚ ਪ੍ਰਸੰਨਤਾ ਨਾ ਹੋਵੇ, ਤੁਸੀਂ ਅਨੰਦ ਨਹੀਂ ਮਾਣ ਸਕਦੇ, ਤੁਸੀਂ ਖੁਸ਼ ਨਹੀਂ ਹੋ ਸਕਦੇ। ਤੁਸੀਂ ਚੰਗੀ ਸਿਹਤ ਚਾਹੁੰਦੇ ਹੋ, ਤੁਹਾਨੂੰ ਖੁਸ਼ ਰਹਿਣਾ ਚਾਹੀਦਾ ਹੈ। ਤੁਹਾਡੀ ਬਿਰਤੀ ਇਹ ਹੋਣੀ ਚਾਹੀਦੀ ਹੈ ਕਿ ਭਾਵੇਂ ਕੁਝ ਵੀ ਕਿਉਂ ਨਾ ਹੋਵੇ, ਤੁਸੀਂ ਸਦਾ ਹੀ ਮੁਸਕਰਾਉਂਦੇ ਰਹੋਗੇ। ਅਨੰਦ ਤੁਹਾਡੇ ਅੰਦਰ ਹੈ, ਖੁਸ਼ੀ ਤੁਹਾਡੇ ਅੰਦਰ ਹੈ, ਖੁਸ਼ੀ ਤੁਸੀਂ ਬਾਹਰੋਂ ਨਹੀਂ ਲੈਣੀ। ਜੀਵਨ ਦਾ ਹਰ ਪਲ ਤੁਸੀਂ ਅਨੰਦ ਮਾਣੋ, ਘਬਰਾਓ ਨਹੀਂ। ਜਿਹੜਾ ਤੱਤ ਤੁਹਾਡੇ ਅੰਦਰ ਹੈ ਉਹ ਹੀ ਸਾਰਿਆਂ ਦੇ ਅੰਦਰ ਦੇਖੋ। ਜੇ ਤੁਸੀਂ ਉਹ ਹੀ ਤੱਤ ਸਾਰਿਆਂ ਦੇ ਅੰਦਰ ਦੇਖੋਗੇ ਤਾਂ ਹੀ ਤੁਸੀਂ ਮੁਸਕਰਾ ਸਕੋਗੇ, ਹੱਸ ਸਕੋਗੇ। ਜੀਵਨ ਆਦਰਨੀ ਹੈ, ਸਾਡੇ ਸਬੰਧ ਆਦਰਨੀ ਹਨ, ਅਨਮੋਲ ਹਨ। ਜੋ ਤੱਤ ਜੋ ਆਤਮਾ ਤੁਹਾਡੇ ਅੰਦਰ ਹੈ ਉਹ ਹੀ ਸਾਰਿਆਂ ਦੇ ਅੰਦਰ ਹੈ। ਉਦਾਸੀਨਤਾ ਦੀ ਕੋਈ ਜਗ੍ਹਾ ਨਹੀਂ ਹੈ। ਸਦਾ ਇਹ ਚੇਤੇ ਰੱਖੋ, ਪਿਆਰ ਤੁਹਾਡੇ ਅੰਦਰ ਹੈ। ਚਾਨਣ ਤੁਹਾਡੇ ਅੰਦਰ ਹੈ, ਇਸ ਚਾਨਣ ਦੇ ਸਮੂੰਹ ਨਾਲ, ਇਸ ਪ੍ਰੇਮ ਦੇ ਸਰੋਤ ਨਾਲ ਆਪਣੇ ਆਪ ਨੂੰ ਜੋੜੋ।

ਆਪਣੇ ਕੰਮ ਨਾਲ, ਆਪਣੀ ਡੀਊਟੀ ਨਾਲ ਪ੍ਰੇਮ ਕਰੋ, ਜੇ ਤੁਸੀਂ ਆਪਣੇ ਕੰਮ ਨਾਲ ਪਿਆਰ ਕਰੋਗੇ ਤੁਹਾਨੂੰ ਕਦੀ ਵੀ ਖਿਚਾਵਟ ਨਹੀਂ ਹੋਵੇਗੀ। ਕੰਮ ਕਦੀ ਵੀ ਬੋਝ ਨਹੀਂ ਲੱਗੇਗਾ। ਪ੍ਰੇਮ ਪੂਰਵਕ ਕੰਮ ਕਰਕੇ ਪ੍ਰਸੰਨਤਾ ਮਿਲਦੀ ਹੈ। ਕਦੀ ਵੀ ਕਾਰਜਾਂ ਵਿਚੋਂ ਆਪਣੇ ਲਾਭ ਬਾਰੇ ਨਾ ਸੋਚੋ, ਇਸੇ ਤਰ੍ਹਾਂ ਸਹਿਜੇ ਸਹਿਜੇ ਤੁਸੀਂ ਨਿਸੁਆਰਥ ਕਾਰਜ ਕਰਨੇ ਸਿੱਖ ਜਾਓਗੇ। ਇਸ ਤਰ੍ਹਾਂ ਕਰਨਾ ਹੀ ਅਧਿਆਤਮਕ ਅਨੁਸ਼ਾਸਨ ਹੈ।

ਜੇ ਤੁਸੀਂ ਆਪਣੇ ਜੀਵਨ ਦੇ ਜਾਣੇ ਅਣਜਾਣੇ ਹਿੱਸਿਆਂ ਨੂੰ ਸਮਝਦੇ ਹੋ, ਸਰੀਰ ਤੇ ਮਨ ਦੇ ਰਿਸ਼ਤੇ ਨੂੰ ਸਮਝਦੇ ਹੋ ਤੇ ਇਹ ਸਮਝਦੇ ਹੋ ਕਿ ਸਰੀਰ ਤੇ ਮਨ ਕਿਵੇਂ ਆਤਮਾ ਨਾਲ ਸਬੰਧ ਰਖਦੇ ਹਨ, ਤੁਸੀਂ ਛੇਤੀ ਹੀ ਸਮਝ ਜਾਓਗੇ ਕਿ ਤੁਹਾਡੇ ਅੰਦਰ ਕੁਝ ਹੈ, ਤੁਹਾਡੀ ਆਤਮਾ ਹੈ, ਭੈ ਦੀ ਕੋਈ ਥਾਂ ਨਹੀਂ ਹੈ, ਤੁਸੀਂ ਨਿਰਭੈ ਹੋ ਜਾਂਦੇ ਹੋ। ਤੁਹਾਡੀ ਆਤਮਾ, ਤੁਹਾਡਾ ਧੁਰਾ ਤੁਹਾਨੂੰ ਸ਼ਾਂਤੀ ਦਿੰਦਾ ਹੈ, ਅਨੰਦ ਦਿੰਦਾ ਹੈ, ਬਖਸ਼ਿਸ਼ ਕਰਦਾ ਹੈ, ਭੈ ਕੇਵਲ ਮਾਨਸਿਕ ਸਤਰ ਤਕ ਹੀ ਹੁੰਦਾ ਹੈ। ਉਸ ਤੋਂ ਅੱਗੇ ਨਹੀਂ। ਜਦੋਂ ਤੁਸੀਂ ਉਪਰ ਦੀ ਝਲਕ, ਇਲਾਹੀ ਝਲਕ ਪਛਾਨਣ ਲਗ ਪੈਂਦੇ ਹੋ, ਆਪਣੀ ਆਤਮਾ ਤੋਂ ਜਾਣੂੰ ਹੋ ਜਾਂਦੇ ਹੋ, ਆਪਣੀ ਚੇਤਨਤਾ ਤੋਂ ਜਾਣੂੰ ਹੋ ਜਾਂਦੇ ਹੋ, ਚੇਤਨਤਾ ਜਦੋਂ ਵੱਖ ਵੱਖ ਪੱਧਰਾਂ ਤੇ ਆਪਣੇ ਆਪ ਨੂੰ ਪ੍ਰਗਟ ਕਰਦੀ ਹੈ, ਭੈ ਦਾ ਕੋਈ ਸਥਾਨ ਹੀ ਨਹੀਂ ਰਹਿੰਦਾ। ਜਦੋਂ ਤੁਸੀਂ ਨਿਰਭੈ ਹੋ ਜਾਂਦੇ ਹੋ, ਜੀਵਨ ਰਹੱਸ ਉਸੇ ਵੇਲੇ ਉਥੇ ਹੀ ਸਾਮ੍ਹਣੇ ਆ ਜਾਂਦਾ ਹੈ। ਨਿਰਭੈ ਹੋ ਕੇ ਜੀਣਾ ਹੀ ਇਕ ਸਥਾਈ ਅਨੰਦਿਤ ਜੀਵਨ ਹੈ। ਸਦਾ ਖੁਸ਼ ਰਹਿਣਾ ਸਿੱਖੋ, ਸਦਾ ਹੀ ਅਨੰਦ ਵਿਚ ਰਹੋ।

ਪ੍ਰਮਾਤਮਾ ਨੂੰ ਹਰ ਜਗ੍ਹਾ, ਹਰ ਚੀਜ਼ ਵਿਚ ਦੇਖਣਾ, ਹਰ ਕਿਸੇ ਵਿਚ ਦੇਖਣਾ, ਦੂਸਰਿਆਂ ਲਈ ਸਦਾ ਸਹਾਇਕ ਹੋਣਾ ਹੀ ਅਨੰਦਿਤ ਜੀਵਨ ਹੈ। ਪਰ ਇਹ ਹੀ ਕਰਨਾ ਬਹੁਤ ਔਖਾ ਹੈ। ਇਹ ਕਰਨ ਦਾ ਅਭਿਆਸ ਕਰਨਾ ਪੈਂਦਾ ਹੈ। ਅਭਿਆਸ ਰਾਹੀਂ ਪ੍ਰਮਾਤਮਾ ਨੂੰ ਸਦਾ ਹੀ ਆਪਣੇ ਹਿਰਦੇ ਵਿਚ ਵਸਾਓ, ਸਦਾ ਉਸ ਦੀ ਯਾਦ ਵਿਚ ਰਹੋ, ਕਦੀ ਨਾ ਕਦੀ ਹੁਣ ਹੀ ਜਾਂ ਫੇਰ ਤੁਹਾਡੀ ਕਾਇਆ ਕਲਪ ਹੋ ਹੀ ਜਾਵੇਗੀ।

### ਅਧਿਆਇ ਛੇਵਾਂ

## ਦੁਖ ਸੁਖ ਦੇ ਦਿਨ

ਬੈਲ ਗੱਡੀ ਰਸਤੇ ਤੇ ਖੜ੍ਹੀ ਸੀ। ਰਸਤਾ ਚੜ੍ਹਾਈ ਵਾਲਾ ਸੀ, ਮੈਨੂੰ ਗੁੱਸਾ ਚੜ੍ਹਿਆ, ਇਹ ਹਰ ਸਮੇਂ ਗੱਡੀ ਬਿਲਕੁਲ ਰਸਤੇ ਦੇ ਵਿਚ ਹੀ ਕਿਉਂ ਖੜ੍ਹੀ ਕਰ ਲੈਂਦੇ ਹਨ, ਪਿਛੇ ਸਾਰੇ ਖੜ੍ਹੇ ਹੋ ਕੇ ਇੰਤਜ਼ਾਰ ਕਰਦੇ ਰਹਿੰਦੇ ਹਨ, ਮੈਂ ਸਾਰੀ ਰਾਤ ਇਥੇ ਪਹਾੜ ਉਤੇ ਨਹੀਂ ਕੱਟ ਸਕਦਾ, ਮੈਂ ਕਿਸੇ ਤਰ੍ਹਾਂ ਗੱਡੇ ਦੇ ਅੱਗੇ ਜਾਂਦਾ ਹਾਂ, ਅੱਗੇ ਹੋ ਜਾਂਦਾ ਹਾਂ।

ਮੈਂ ਬਿਲਕੁਲ ਕੰਢੇ ਤੇ ਹੋ ਗਿਆ ਤੇ ਆਪਣਾ ਰਸਤਾ ਬਣਾਇਆ, ਮੈਂ ਗੱਡੇ ਦੀ ਲਕੜੀ ਤੇ ਹੱਥ ਰੱਖ ਲਿਆ। ਜ਼ੋਰ ਦੀ ਹਵਾ ਚੱਲੀ, ਮੇਰੀ ਕਮੀਜ਼ ਉਡੀ ਤੇ ਮੇਰੇ ਮੂੰਹ ਤੇ ਵੀ ਮਿੱਟੀ ਪੈ ਗਈ। ਜਦੋਂ ਮੈਂ ਬਲਦ ਦੇ ਅੱਗੇ ਹੋਇਆ ਉਸ ਨੇ ਜ਼ੋਰ ਦੀ ਫਰਾਟਾ ਮਾਰਿਆ, ਮੈਂ ਥੱਲੇ ਖੱਡ ਵਿਚ ਡਿਗਦਾ ਡਿਗਦਾ ਬਚ ਗਿਆ।

ਸਵਾਮੀ ਜੀ ਨੇ ਗੱਡੇ ਦੇ ਪਿਛੋਂ ਆਵਾਜ਼ ਮਾਰੀ, ਜੇ ਡਿੱਗ ਪਏ ਮੈਂ ਅਮਰੀਕੀ ਸਰੀਰ ਨਹੀਂ ਦੇ ਸਕਾਂਗਾ ਤੇ ਤੁਸੀਂ ਮੈਨੂੰ ਅਗਲੇ ਜਨਮ ਵਿਚ ਸਹਾਇਤਾ ਕਰਨ ਦਾ ਵਾਅਦਾ ਕੀਤਾ ਹੈ।

ਬਸ ਇਥੇ ਹੀ ਇਕ ਦਮ ਸੁਪਨਾ ਖਤਮ ਹੋ ਗਿਆ, ਮੈਂ ਜਾਗ ਪਿਆ। ਜਿਵੇਂ ਕਿ ਮੈਂ ਪਹਿਲਾਂ ਵੀ ਦੱਸਿਆ ਹੈ ਇਹ ਸੁਪਨਾ ਮੇਰੀਆਂ ਅੱਖਾਂ ਅੱਗੇ ਸਾਰਾ ਦਿਨ ਆਉਂਦਾ ਰਿਹਾ। ਅਗਲੀ ਵਾਰੀ ਜਦੋਂ ਮੈਂ ਤੇ ਥਰੀਸਾ ਸਵਾਮੀ ਜੀ ਨੂੰ ਮਿਲਣ ਗਏ, ਅਸੀਂ ਸਵਾਮੀ ਜੀ ਨੂੰ ਦੱਸਿਆ।

ਜਸਟਿਨ! ਸਵਾਮੀ ਜੀ ਕਹਿਣ ਲੱਗੇ, ਉਹ ਕੋਈ ਸੁਪਨਾ ਨਹੀਂ ਸੀ, ਉਹ ਤਾਂ ਇਕ ਯਾਦ ਹੈ, ਉਹ ਸੱਚਮੁੱਚ ਹੀ ਇਕ ਘਟਨਾ ਹੈ ਜਿਹੜੀ ਤੁਹਾਡੇ ਪਿਛਲੇ ਜਨਮ ਵਿਚ ਵਾਪਰੀ ਸੀ। ਤੁਸੀਂ ਬਹੁਤ ਸਾਰੇ ਲੋਕਾਂ ਨੂੰ ਮਿਲੋਗੇ, ਜਿਨ੍ਹਾਂ ਦਾ ਸਬੰਧ ਤੁਹਾਡੇ ਪਿਛਲੇ ਜਨਮ ਨਾਲ ਰਿਹਾ ਹੈ।

ਤੁਹਾਨੂੰ ਕਿਵੇਂ ਪਤਾ ਹੈ? ਮੈਂ ਹੈਰਾਨ ਹੋ ਕੇ ਪੁਛਿਆ।

ਕੁਰਸੀ ਤੇ ਬੈਠੇ ਹੋਏ ਪਿਛੇ ਨੂੰ ਕੁਰਸੀ ਮੋੜ ਕੇ ਆਪਣਾ ਸਿਰ ਇਕ ਪਾਸੇ ਕਰਕੇ ਸਵਾਮੀ ਜੀ ਕਹਿਣ ਲੱਗੇ, ਕਿਉਂਕਿ ਮੈਂ ਤੇਰੇ ਨਾਲ ਹੀ ਸੀ। ਫੇਰ ਇਕ ਸ਼ਰਾਰਤ ਭਰੀ ਮੁਸਕਰਾਹਟ ਨਾਲ ਕਹਿਣ ਲੱਗੇ, ਕੀ ਤੂੰ ਜਾਣਦਾ ਹੈਂ ਮੇਰਾ ਸਭ ਤੋਂ ਵੱਡਾ ਡਰ ਕੀ ਹੈ?

ਕਿਉਂਕਿ ਅਸੀਂ ਕਦੀ ਸੋਚ ਹੀ ਨਹੀਂ ਸਕਦੇ ਕਿ ਸਵਾਮੀ ਜੀ ਨੂੰ ਕਿਸੇ ਕਿਸਮ ਦਾ ਕੋਈ ਡਰ ਲਗ ਸਕਦਾ ਹੈ, ਅਸੀਂ ਦੋਨਾਂ ਨੇ ਕਿਹਾ, ਨਹੀਂ। "ਮੁੜ ਕੇ ਜਨਮ ਲੈਣਾ ਤੇ ਆਪਣੇ ਮੂਰਖ ਸ਼ਿਸ਼ਾਂ ਨੂੰ ਮੁੜ ਕੇ ਸਿਖਿਆ ਦੇਣੀ।" ਇਹ ਮੂਰਖ ਨਿਸ਼ਸ਼ ਮੈਨੂੰ ਕਾਫੀ ਦੁਖੀ ਕਰਦੇ ਹਨ।

ਇਹ ਗੱਲ ਕਰਦਿਆਂ ਹੀ ਸਾਰਾ ਵਾਤਾਵਰਣ ਹੀ ਬਦਲ ਗਿਆ, ਸ਼ਾਮ ਦੀ ਗੱਲਬਾਤ ਦਾ ਵਿਸ਼ਾ ਤਹਿ ਹੋ ਗਿਆ, ਮੈਂ ਸਮਝ ਗਿਆ ਕਿ ਅਸੀਂ ਅੱਜ ਵੀ ਚੰਗੀ ਗੱਲਬਾਤ ਕਰਾਂਗੇ।

ਜਨਮ ਲੈਣ ਵਿਚ ਐਡੀ ਵੱਡੀ ਕੀ ਮੁਸ਼ਕਿਲ ਹੈ? ਮੈਂ ਪੁਛਿਆ। ਕੀ ਕੋਈ ਇਕੋ ਜਨਮ ਵਿਚ ਪੂਰਨ ਹੋ ਸਕਦਾ ਹੈ? ਗਿਆਨ ਤਾਂ ਨਿਰਾਸਤਾ ਵਿਚ ਹੀ ਆਉਂਦਾ ਹੈ, ਲੋਕੀ ਜੀਵਨ ਜੀਉਂਦੇ ਹਨ, ਉਹ ਸੋਚਦੇ ਹਨ ਕਿ ਉਨ੍ਹਾਂ ਨੇ ਪੂਰਨ ਜੀਵਨ ਜੀਵਿਆ ਹੈ ਪਰ ਉਨ੍ਹਾਂ ਦੀ ਤਸੱਲੀ ਨਹੀਂ ਹੁੰਦੀ, ਉਹ ਮੁੜ ਕੇ ਜਨਮ ਲੈਂਦੇ ਹਨ।

ਮੇਰੇ ਦਿਮਾਗ ਵਿਚ ਫਤੂਰ ਉਠਿਆ, ਮੈਂ ਪ੍ਰਸ਼ਨ ਪੁਛਿਆ, ਰੱਬ ਦੇ ਘਰ ਇਹ ਕਿਸੇ ਦਾ ਇਨਸਾਫ ਹੈ, ਜਦੋਂ ਅਸੀਂ ਬਹੁਤ ਸਾਰੇ ਬੰਦੇ ਦੇਖਦੇ ਹਾਂ ਸਾਨੂੰ ਲਗਦਾ ਹੈ ਇਹ ਕਿਵੇਂ ਜੀ ਰਹੇ ਹਨ ਫੇਰ ਮਨ ਵਿਚ ਸੁਆਲ ਉਠਦਾ ਹੈ ਇਹ ਕੀ ਇਨਸਾਫ ਹੈ?

ਸਵਾਮੀ ਜੀ ਨੇ ਇਕ ਦਮ ਉਤਰ ਦਿਤਾ, ਅੰਤ ਵਿਚ ਕੇਵਲ ਚਾਰ ਪ੍ਰਸ਼ਨਾਂ ਦਾ ਹੀ ਉਤਰ ਜ਼ਰੂਰੀ ਹੈ 1. ਮੈਂ ਕਿਥੋ ਆਇਆ ਹਾਂ? 2. ਮੈਂ ਕਿਉਂ ਆਇਆ ਹਾਂ? 3. ਮੈਂ ਕਿਥੇ ਜਾ ਰਿਹਾ ਹਾਂ 4. ਮੈਂ ਉਥੇ ਕਿਵੇਂ ਪਹੁੰਚਾਂਗਾ?

ਫੇਰ ਮੈਨੂੰ ਇਕ ਹੋਰ ਗੱਲ ਤੇ ਹੈਰਾਨੀ ਹੋਈ। ਸਵਾਮੀ ਜੀ ਕਹਿਣ ਲੱਗੇ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਦੇਣ ਲਈ ਇਹ ਜ਼ਰੂਰੀ ਨਹੀਂ ਕਿ ਤੁਸੀਂ ਪੁਨਰ ਜਨਮ ਵਿਚ ਵਿਸ਼ਵਾਸ਼ ਰਖਦੇ ਹੋਵੋ, ਪਰ ਇਨ੍ਹਾਂ ਪ੍ਰਸ਼ਨਾਂ ਨੂੰ ਪਾਸੇ ਨਹੀਂ ਕਰ ਦੇਣਾ ਚਾਹੀਦਾ, ਮੇਰਾ ਕਹਿਣ ਤੋਂ ਭਾਵ ਹੈ ਜੇ ਤੁਸੀਂ ਪ੍ਰਸ਼ਨ ਨਹੀਂ ਪੁਛਦੇ ਤਾਂ ਤੁਸੀਂ ਸੰਪੂਰਨ ਕਿਵੇਂ ਹੋ ਸਕਦੇ ਹੋ? ਹਾਂ ਬਈ ਟਿਲਕ (ਸਵਾਮੀ ਜੀ ਦੁਧ ਵਿਚ ਇਕ ਖਾਸ ਚਾਹ ਵਰਤਦੇ ਸੀ) ਕੌਣ ਬਣਾ ਰਿਹਾ ਹੈ?

ਥਰੀਸਾ ਇਕ ਦਮ ਉਠੀ ਤੇ ਰਸੋਈ ਵਿਚ ਚਲੀ ਗਈ। ਮੇਰਾ ਦਿਮਾਗ ਇਥੇ ਉਥੇ ਜਾਣ ਲਗ ਪਿਆ। ਮੈਂ ਸੋਚਣ ਲਗ ਪਿਆ ਕਿ ਇਨ੍ਹਾਂ ਚਾਰ ਪ੍ਰਸ਼ਨਾਂ ਦਾ ਉਤਰ ਹਰ ਕਿਸੇ ਨੂੰ ਦੇਣਾ ਹੀ ਪੈਣਾ ਹੈ ਭਾਵੇਂ ਅੱਜ ਤੇ ਭਾਵੇਂ ਕੱਲ੍ਹ। ਮੈਨੂੰ ਯਾਦ ਹੈ ਕਿ ਮੈਂ ਬਚਪਨ ਵਿਚ ਵੀ ਇਨ੍ਹਾਂ ਪ੍ਰਸ਼ਨਾਂ ਬਾਰੇ ਸੋਚਦਾ ਸੀ ਜਦੋਂ ਮੈਂ ਸ਼ਿਕਾਗੋ ਰਹਿੰਦਾ ਸੀ। ਇਹ ਗੱਲ ਵਖਰੀ ਹੈ ਕਿ ਮੈਂ ਜਦੋਂ ਸਾਥੀਆਂ ਨਾਲ ਇਹ ਗੱਲ ਕਰਦਾ ਹਾਂ, ਉਹ ਹਸਦੇ ਹਨ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਨੌਂ ਸਾਲ ਦੀ ਉਮਰ ਵਿਚ ਮੈਂ ਦੱਸ ਦਿਤਾ ਸੀ ਕਿ ਮੈਂ ਕਿਹੜੇ ਕਾਲਜ ਵਿਚ ਜਾਵਾਂਗਾ। ਜਿਥੇ ਜਿਥੇ ਮੈਂ ਕਿਹਾ ਸੀ ਮੈਂ ਗਿਆ, ਹੁਣ ਕੇਵਲ ਆਖਰੀ ਥਾਂ ਜਿਥੇ ਮੈਂ ਦੱਸਿਆ ਸੀ ਉਹ ਹੀ ਇਕ ਰਹਿੰਦਾ ਹੈ।

ਸਵਾਮੀ ਜੀ ਆਪਣਾ ਗਲਾ ਸਾਫ ਕਰਦੇ ਹੋਏ ਕਹਿਣ ਲੱਗੇ, ਪੁਨਰ ਜਨਮ ਇਕ ਸਚਾਈ ਹੈ ਇਸ ਦਾ ਸਬੰਧ ਕਿਸੇ ਮਜ਼ਹਬ ਨਾਲ ਨਹੀਂ। ਮਨੁੱਖ ਦਾ ਸੁਭਾਅ ਹੈ ਕਿ ਉਹ ਸੰਪੂਰਨਤਾ ਵਲ ਹੀ ਜਾਂਦਾ ਹੈ, ਸੰਪੂਰਨਤਾ ਕੀ ਹੈ? ਜੋ ਤੁਸੀਂ ਹੋ ਉਹ ਹੀ ਪੂਰਨ ਰੂਪ ਵਿਚ ਬਣਨਾ। ਮੌਤ ਕੇਵਲ ਸਰੀਰ

ਦਾ ਸੁਭਾਅ ਹੈ, ਇਹ ਅਚੇਤ ਦਾ ਸੁਭਾਅ ਨਹੀਂ ਹੈ।

ਵਾਹ! ਸਵਾਮੀ ਜੀ ਨੇ ਹੁਣੇ ਕਿੰਨੀ ਸੋਹਣੀ ਗੱਲ ਦੱਸੀ ਕਿ ਮਰਣਾ ਸਰੀਰ ਦਾ ਸੁਭਾਅ ਹੈ ਭਾਵ ਇਹ ਕੋਈ ਸਥਾਈ ਗੁਣ ਨਹੀਂ ਹੈ। ਕੀ ਅਸੀਂ ਇਸ ਆਦਤ ਨੂੰ ਤਿਆਗ ਸਕਦੇ ਹਾਂ? ਕੀ ਅਸੀਂ ਮੌਤ ਤੋਂ ਛੁਟਕਾਰਾ ਪਾ ਸਕਦੇ ਹਾਂ? ਕੀ ਕੈਮਬਰਿਜ ਵਿਚ ਪੜ੍ਹਦੇ ਯੋਗੀ ਆਰਬਿੰਦੋ ਵੀ ਕੁਝ ਇਸ ਤਰ੍ਹਾਂ ਹੀ ਦਸਦੇ ਸੀ। ਮੇਰਾ ਦਿਮਾਗ ਇਧਰ ਉਧਰ ਘੁੰਮਦਾ ਰਿਹਾ ਤੇ ਇਹੋ ਜਿਹੇ ਵਿਚਾਰਾਂ ਦੀ ਢੂੰਡ ਕਰਦਾ ਰਿਹਾ। ਐਨੇ ਵਿਚ ਥਰੀਸਾ ਨੇ ਆਵਾਜ਼ ਮਾਰ ਕੇ ਟਿਲਕ ਦਿਤਾ।

ਬੀਜ ਇਕ ਦਰਖਤ ਬਣ ਜਾਂਦਾ ਹੈ, ਸਵਾਮੀ ਜੀ ਕਹਿਣ ਲੱਗੇ, ਉਸ ਦਰਖਤ ਤੋਂ ਫੇਰ ਹੋਰ ਬੀਜ ਬਣਦੇ ਹਨ। ਇਕ ਪੱਧਰ ਤੋਂ ਬਾਅਦ ਦੂਸਰਾ, ਇਕ ਸਟੇਜ ਤੋਂ ਬਾਅਦ ਦੂਸਰੀ ਸਟੇਜ ਆਉਂਦੀ ਹੈ। ਜਾਨਵਰਾਂ ਦਾ ਸੁਭਾਅ ਆਪਣਾ ਹੈ। ਫੇਰ ਵੀ ਉਹ ਬਹੁਤ ਗੱਲਾਂ ਵਿਚ ਮਨੁੱਖ ਦੇ ਪੱਧਰ ਤੇ ਪਹੁੰਚੇ ਹੋਏ ਹਨ। ਖਾਸ ਤੌਰ ਤੇ ਜੇ ਤੁਸੀਂ ਪਾਲਤੂ ਜਾਨਵਰਾਂ ਨੂੰ ਦੇਖੋ ਤਾਂ ਉਹ ਬਹੁਤ ਕੁਝ ਸਿੱਖ ਜਾਂਦੇ ਹਨ। ਮੌਤ ਨੂੰ ਬਹੁਤ ਮਹੱਤਤਾ ਦਿਤੀ ਜਾਂਦੀ ਹੈ। ਇਸ ਤਰ੍ਹਾਂ ਕਰਨਾ ਠੀਕ ਨਹੀਂ। ਆਪਣੇ ਧਰਮ ਸਾਸ਼ਤਰਾਂ ਨੂੰ ਇਸ ਗੱਲ ਤੇ ਕਿੰਤੂ ਕਰੋ। ਤੁਸੀਂ ਕਿੰਨੇ ਈਸਾਈਆਂ ਨੂੰ ਕਿੰਨੇ ਯਹੂਦੀਆਂ ਨੂੰ ਜਾਣਦੇ ਹੋ ਜਿਹੜੇ ਮੌਤ ਤੋਂ ਨਹੀਂ ਡਰਦੇ।

ਸਵਾਮੀ ਜੀ ਦੇ ਵਿਚਾਰਾਂ ਨੇ ਮੈਨੂੰ ਮਜਬੂਰ ਕੀਤਾ ਕਿ ਮੈਂ ਆਪਣੇ ਧਰਮ ਸ਼ਾਸਤਰ ਬਾਰੇ ਸੋਚਾਂ। ਉਸ ਵਿਚ ਮੌਤ ਬਾਰੇ ਕੀ ਲਿਖਿਆ ਹੋਇਆ ਹੈ ਮੈਂ ਇੰਤਜ਼ਾਰ ਕਰ ਰਿਹਾ ਸੀ, ਸਵਾਮੀ ਜੀ ਕੀ ਕਹਿੰਦੇ ਹਨ।

ਸਵਾਮੀ ਜੀ ਕਹਿਣ ਲੱਗੇ, ਬਹੁਤ ਸਾਰੇ ਲੋਕਾਂ ਵਿਚ ਸਭ ਤੋਂ ਵੱਡੀ ਇੱਛਾ ਤਾਂ ਜੀਉਣ ਦੀ ਹੀ ਹੁੰਦੀ ਹੈ, ਹੈ ਵੀ ਠੀਕ। ਜੋ ਕੁਝ ਵੀ ਉਨ੍ਹਾਂ ਨੂੰ ਮਿਲਦਾ ਹੈ ਉਹ ਉਨ੍ਹਾਂ ਦੀ ਇੱਛਾ ਅਨੁਸਾਰ ਹੀ ਮਿਲਦਾ ਹੈ। ਇੱਛਾ ਅਨੁਸਾਰ ਹੀ ਅਸੀਂ ਕਰਮ ਕਰਦੇ ਹਾਂ। ਅਸੀਂ ਆਪਣਾ ਸੁਭਾਅ ਨਹੀਂ ਬਦਲ ਸਕਦੇ, ਸਾਡੇ ਕੰਮ ਹੀ ਸਾਡੇ ਕਰਮ ਬਣ ਜਾਂਦੇ ਹਨ, ਲੋਕੀ ਕਰਮਾਂ ਤੋਂ ਕਿਉਂ ਐਨਾ ਡਰਦੇ ਹਨ? ਕਰਮ ਸ਼ਬਦ ਸੰਸਕ੍ਰਿਤ ਦੇ ਸ਼ਬਦ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਕੰਮ, ਹਰ ਇਕ ਨੇ ਕੰਮ ਤਾਂ ਕਰਨਾ ਹੀ ਹੈ ਇਸ ਤੋਂ ਬਿਨਾਂ ਤਾਂ ਜੀਵਨ ਦਾ ਅਰਥ ਹੀ ਨਹੀਂ। ਕਿਉਂਕਿ ਅਸੀਂ ਪ੍ਰਮਾਤਮਾ ਦੇ ਬਹੁਤ ਨੇੜੇ ਹਾਂ ਇਸ ਕਰਕੇ ਅਸੀਂ ਵਧੇਰੇ ਜ਼ਿੰਮੇਵਾਰ ਹਾਂ, ਵਧੇਰੇ ਸਮਝਦਾਰ ਹਾਂ।

ਮੈਂ ਸੋਚਿਆ ਜੇ ਕਿਤੇ ਸਵਾਮੀ ਜੀ ਇਹ ਕਹਿ ਕੇ ਥੋੜ੍ਹਾ ਰੁਝ ਜਾਣ ਤਾਂ ਚੰਗਾ ਹੋਵੇ ਪਰ ਉਹ ਤਾਂ ਐਡੀ ਵੱਡੀ ਗੱਲ ਕਹਿ ਕੇ ਅੱਗੇ ਟੁਰ ਪਏ। ਇਸ ਸਮੇਂ ਹੋਰ ਸ਼ਰਧਾਲੂ ਦਬੇ ਪੈਰੀਂ ਅੰਦਰ ਆਏ ਤੇ ਬੈਠ ਗਏ।

ਜੇ ਤੁਸੀਂ ਇਹ ਸੋਚਦੇ ਹੋ ਕਿ ਤੁਸੀਂ ਕਰਮ ਨਹੀਂ ਕਰਦੇ ਤਾਂ ਹੁਣ ਜਦੋਂ ਭੁੱਖ ਲੱਗੇਗੀ, ਰਸੋਈ ਵਿਚ ਜਾ ਕੇ ਬੈਠ ਜਾਣਾ ਤੇ ਇਸ ਗੱਲ ਦਾ ਇੰਤਜ਼ਾਰ ਕਰਨਾ ਕਿ ਰੱਬ ਹੀ ਆ ਕੇ ਤੁਹਾਨੂੰ ਰੋਟੀ ਖਵਾਏਗਾ। ਜਦੋਂ ਅਸੀਂ ਰਸੋਈ ਵਿਚ ਜਾਂਦੇ ਹਾਂ ਤਾਂ ਉਥੇ ਅਸੀਂ ਇਹ ਉਮੀਦ ਤਾਂ ਨਹੀਂ ਕਰਦੇ ਕਿ ਇਥੇ ਕਿਤਾਬਾਂ ਹੋਣਗੀਆਂ। ਇਕ ਵਿਚਾਰ ਹੈ ਇਕ ਤਰੀਕਾ ਹੈ। ਹਰ ਇਕ ਕੰਮ ਦਾ ਕੋਈ ਨਤੀਜਾ ਹੈ। ਲੋਕੀ ਆਪਣੇ ਆਪ ਨੂੰ ਕਰਮ ਨਾਲ ਨਹੀਂ, ਕਰਮ ਦੇ ਫਲ ਨਾਲ ਜੋੜ ਲੈਂਦੇ ਹਨ। ਇਕ ਕਰਮ ਕਰਨਾ, ਉਸ ਦਾ ਫਲ ਹੋਣਾ ਫੇਰ ਹੋਰ ਕਰਮ ਕਰਨਾ ਇਸ ਤਰ੍ਹਾਂ ਹੀ ਇਕ ਲੜੀ ਚਲਦੀ ਰਹਿੰਦੀ ਹੈ। ਹਰ ਕਰਮ ਦਾ ਇਕ ਪ੍ਰਤੀਕਰਮ ਹੁੰਦਾ ਹੈ। ਹਰ ਪ੍ਰਤੀਕਰਮ ਦਾ ਇਕ ਕਰਮ ਹੁੰਦਾ ਹੈ, ਇਸ ਸਭ ਕੁਝ ਵਿਚ ਇਕ ਸਮਤਾ ਹੋਣੀ ਚਾਹੀਦੀ ਹੈ। ਸਾਨੂੰ ਆਪਣੇ ਸਾਰੇ ਕਰਮਾਂ ਨੂੰ ਸਮ ਕਰਨਾ ਚਾਹੀਦਾ ਹੈ, ਜੀਵਨ ਵਿਚ ਕਰਮ ਦੀ ਸਮਤਾ ਲਿਆਉਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਵਿਚ ਬਹੁਤ ਵਾਰੀ ਕੋਈ ਮਹਾਂਪੁਰਖ ਤੁਹਾਡੀ ਸਹਾਇਤਾ ਕਰ ਸਕਦੇ ਹਨ।

ਜੇ ਤੁਸੀਂ ਕਰਮ ਕੇਵਲ ਆਪਣੇ ਲਈ ਹੀ ਕਰਦੇ ਹੋ ਤਾਂ ਤੁਸੀਂ ਉਸ ਦਾ ਫਲ ਭੋਗਦੇ ਹੋ, ਜੇ ਤੁਸੀਂ ਦੂਸਰਿਆਂ ਲਈ ਕਰਮ ਕਰਦੇ ਹੋ ਤਾਂ ਤੁਸੀਂ ਫਲ ਤੋਂ ਮੁਕਤ ਹੋ। ਤੁਸੀਂ ਤੇ ਥਰੀਸਾ ਮੁੜ ਕੇ ਇਕੱਠੇ ਹੋ ਗਏ ਹੋ ਕਿਉਂਕਿ ਤੁਸੀਂ ਇਹ ਹੀ ਫੈਸਲਾ ਕੀਤਾ ਸੀ। ਅਸੀਂ ਤਿੰਨੋ ਹੀ ਇਕੱਠੇ ਹੋ ਗਏ ਹਾਂ ਕਿਉਂਕਿ ਅਸੀਂ ਇਕੱਠਾ ਹੋਣਾ ਚਾਹੁੰਦੇ ਸੀ। ਪਿਛਲੇ ਜਨਮ ਵਿਚ ਤੁਸੀਂ ਦੋਨਾਂ ਨੇ ਮੇਰੀ ਸਹਾਇਤਾ ਕਰਨ ਦਾ ਵਾਅਦਾ ਕੀਤਾ ਸੀ, ਅਸੀਂ ਕੁਝ ਕੰਮ ਕਰਨਾ ਹੈ, ਪ੍ਰਮਾਤਮਾ ਦੀ ਕ੍ਰਿਪਾ ਨਾਲ ਆਓ ਕਰੀਏ।

ਕ੍ਰਿਪਾ, ਗੁਰ ਪ੍ਰਸਾਦਿ ਤੋਂ ਬਿਨਾਂ ਕੁਝ ਨਹੀਂ, ਤੁਸੀਂ ਇਕ ਦਰਖਤ ਖਰੀਦਦੇ ਹੋ, ਦਰਖਤ ਦੀ ਛਾਂ ਕ੍ਰਿਪਾ ਹੈ। ਜਦੋਂ ਤੁਸੀਂ ਆਪਣੇ ਕਰਮ ਕਰ ਚੁਕਦੇ ਹੋ, ਫਲ ਦੀ ਕੋਈ ਪ੍ਰਵਾਹ ਨਹੀਂ ਕਰਦੇ, [illegible] ਸਾਰਿਆਂ ਨੇ ਬੜੀ ਹੀ ਬੇਦਿਲੀ ਨਾਲ ਸ਼ੁਭ ਰਾਤਰੀ ਕਿਹਾ, ਰਾਤ ਦੇ ਦੋ ਵਜ ਚੁੱਕੇ ਸੀ।

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 4, 11, 18, 25 ਅਗਸਤ।

**ਸੰਗਰਾਂਦ** – 16 ਅਗਸਤ, ਦਿਨ ਸ਼ੁਕਰਵਾਰ।

**ਪੂਰਨਮਾਸ਼ੀ** – 22 ਅਗਸਤ, ਦਿਨ ਵੀਰਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

For more information
please visit us on internet at -
http://www.atammarg.org
&
http://www.atammarg.com

## ਮਹਾਂਪੁਰਸ਼ਾਂ ਦੀ ਪਿਆਰੀ ਮਿੱਠੀ ਯਾਦ ਵਿਚ

# 12ਵਾਂ ਸਾਲਾਨਾ ਗੁਰਮਤਿ ਸਮਾਗਮ-ਮਿਤੀ 30 ਅਕਤੂਬਰ ਤੋਂ 2 ਨਵੰਬਰ 2002

## 15 ਅਗਸਤ 2002 ਨੂੰ ਹੋਣ ਵਾਲੀ ਪਹਿਲੀ ਮੀਟਿੰਗ ਲਈ ਸੱਦਾ

ਸੰਸਾਰੀ ਮਨੁੱਖ ਚਾਹੇ ਰਾਜੇ ਮਹਾਰਾਜੇ ਵੀ ਹੋਣ, ਉਨ੍ਹਾਂ ਦੇ ਜਾਣ ਤੋਂ ਬਾਅਦ ਜਿਉਂ ਜਿਉਂ ਸਮਾਂ ਲੰਘਦਾ ਹੈ ਤਿਉਂ ਤਿਉਂ ਉਨ੍ਹਾਂ ਦੀ ਯਾਦ ਘਟਦੀ ਤੇ ਮਿਟਦੀ ਜਾਂਦੀ ਹੈ ਪਰ ਪ੍ਰਭੂ ਪਿਆਰੇ ਮਹਾਂਪੁਰਸ਼ਾਂ ਦੇ ਪੰਚ ਭੂਤਕ ਸਰੀਰ ਤਿਆਗਣ ਤੋਂ ਬਾਅਦ ਵੀ ਸਮਾਂ ਜਿਉਂ ਜਿਉਂ ਉਸ ਦਿਨ ਨੂੰ ਪਿਛੇ ਧਕਦਾ ਹੈ, ਤਿਉਂ ਤਿਉਂ ਯਾਦ ਵਧੇਰੇ ਤੀਬਰ ਹੁੰਦੀ ਜਾਂਦੀ ਹੈ। ਪਿਆਰੇ ਤੋਂ ਬਿਨਾਂ ਇਹ ਸੰਸਾਰ ਸਾਰਾ ਉਜਾੜ ਉਜਾੜ ਲਗਦਾ ਹੈ। ਕਦੀ ਚੁੱਪ ਹੀ ਚੁੱਪ, ਕਦੀ ਨੇਤਰਾਂ 'ਚੋਂ ਹੰਝੂ ਆਪ ਮੁਹਾਰੇ ਕਿਰਦੇ ਹਨ। ਆਪਣੇ ਪਿਆਰੇ ਨਾਲ ਗੁਜ਼ਰੇ ਸਮੇਂ ਦੇ ਦ੍ਰਿਸ਼ ਤੁਫਾਨ ਬਣ ਬਣ ਦਿਲ ਸਮੁੰਦਰ ਨੂੰ ਉਛਾਲਦੇ ਹਨ। ਹੁਣ ਤਾਂ ਐਸੀ ਅਵਸਥਾ ਬਣ ਜਾਂਦੀ ਹੈ ਜਿਵੇਂ ਗੁਰਬਾਣੀ ਦਾ ਫੁਰਮਾਨ ਹੈ -

*ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥*
*ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥* *ਪੰਨਾ - 558*

31 ਅਕਤੂਬਰ 2002 ਨੂੰ ਆਪਣੇ ਪਿਆਰੇ ਮਹਾਂਪੁਰਸ਼ਾਂ ਦੀਆਂ ਮਿੱਠੀਆਂ ਯਾਦਾਂ ਪਹਿਲੀ ਬਰਸੀ ਮਨਾਉਣ ਦਾ ਦਿਵਸ ਨੇੜੇ ਆ ਰਿਹਾ ਹੈ। ਪ੍ਰਭੂ ਪਿਆਰੀਆਂ ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਮਹਾਂਪੁਰਸ਼ਾਂ ਦੀ ਪਿਆਰੀ ਯਾਦ ਮਨਾਉਣ ਵਾਸਤੇ 12ਵੇਂ ਮਹਾਨ ਗੁਰਮਤਿ ਸਮਾਗਮਾਂ ਦੀ ਸਫਲਤਾ ਹਿਤ ਪਹਿਲੀ ਮੀਟਿੰਗ 15 ਅਗਸਤ 2002 ਨੂੰ ਰਤਵਾੜਾ ਸਾਹਿਬ ਵਿਖੇ ਸਵੇਰੇ 11 ਵਜੇ ਤੋਂ 2 ਵਜੇ ਤਕ ਹੋਵੇਗੀ। ਸਰਬੱਤ ਸੰਗਤਾਂ ਨੂੰ ਇਸ ਮੀਟਿੰਗ ਵਿਚ ਪਹੁੰਚਣ ਵਾਸਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਵਲੋਂ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ। ਭਾਵੇਂ ਪਹਿਲਾਂ ਵੀ ਹਰ ਸਾਲ ਸੰਗਤਾਂ ਦਾ ਮੀਟਿੰਗਾਂ ਵਿਚ ਭਰਪੂਰ ਹੁੰਗਾਰਾ ਮਿਲਦਾ ਰਿਹਾ ਹੈ ਪਰ ਹੁਣ ਤਾਂ ਆਪ ਜੀ ਦੇ ਸਹਿਯੋਗ ਦੀ ਲੋੜ ਅੱਗੇ ਨਾਲੋਂ ਵੀ ਬਹੁਤ ਹੀ ਜ਼ਿਆਦਾ ਹੈ ਕਿਉਂਕਿ ਮਹਾਂਪੁਰਸ਼ਾਂ ਦੇ ਸਰੀਰ ਦੇ ਹੁੰਦਿਆਂ ਸਾਨੂੰ ਕਿਸੇ ਨੂੰ ਵੀ ਕੋਈ ਫਿਕਰ ਨਹੀਂ ਸੀ ਹੁੰਦਾ। ਪਹਾੜ ਜਿੱਡਾ ਕੰਮ ਸਾਨੂੰ ਰਾਈ ਬਰਾਬਰ ਨਜ਼ਰ ਆਉਂਦਾ ਸੀ ਪਰ ਹੁਣ ਰਾਈ ਦਾ ਦਾਣਾ ਵੀ ਪਹਾੜ ਜਿੱਡਾ ਲਗਦਾ ਹੈ। ਅਸੀਂ ਸਮੂੰਹ ਸੇਵਾਦਾਰ ਸੰਗਤ ਦੇ ਸਹਾਰੇ ਨਾਲ ਹੀ ਚਲ ਸਕਦੇ ਹਾਂ। ਮਹਾਂਪੁਰਸ਼ ਜਨਮ ਮਰਣ ਤੋਂ ਰਹਿਤ ਹੁੰਦੇ ਹਨ, ਉਹ ਸਦੀਵਤਾ ਵਿਚ ਜੀਉਂਦੇ ਹਨ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥* *ਪੰਨਾ - 749*

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥* *ਪੰਨਾ - 273*

ਉਨ੍ਹਾਂ ਦੀ ਯਾਦ ਮਨਾਉਣ ਵਿਚ ਸਾਡਾ ਹੀ ਭਲਾ ਹੈ। ਉਨ੍ਹਾਂ ਦੇ ਬਚਨਾਂ ਨੂੰ ਦ੍ਰਿੜ੍ਹ ਕਰੀਏ। ਆਖਰੀ ਬਚਨਾਂ ਵਿਚ ਆਪ ਜੀ ਨੇ ਕਿਹਾ ਸੀ ਕਿ ਗੁਰੂ ਗ੍ਰੰਥ ਸਾਹਿਬ ਜੀ ਤੋਂ ਵੱਡਾ ਗੁਰੂ ਹੋਰ ਕੋਈ ਨਹੀਂ, ਤੁਸਾਂ ਗੁਰਬਾਣੀ ਦਾ ਲੜ ਨਹੀਂ ਛੱਡਣਾ। ਐਸੇ ਬਚਨ ਹੀ ਸਾਡੇ ਜੀਵਨ ਦਾ ਸਹਾਰਾ ਹਨ। ਰਤਵਾੜਾ ਸਾਹਿਬ ਦੇ ਸਲਾਨਾ ਸਮਾਗਮ ਮਹਾਂਪੁਰਖਾਂ ਦੀ ਯਾਦ ਵਿਚ ਚਾਰ ਦਿਨ ਲਈ 30 ਅਕਤੂਬਰ 2002 ਤੋਂ 2 ਨਵੰਬਰ 2002 ਤਕ ਰੱਖਣ ਦਾ ਵੀਚਾਰ ਹੋਇਆ ਹੈ ਜਿਸ ਦਾ ਸਾਰਾ ਵੇਰਵਾ 15 ਅਗਸਤ ਦੀ ਮੀਟਿੰਗ ਵਿਚ ਵਿਚਾਰਿਆ ਜਾਵੇਗਾ। ਅਸੀਂ ਸਾਰੇ ਸੇਵਾਦਾਰ ਆਉਣ ਵਾਲੀਆਂ ਸੰਗਤਾਂ ਦੇ ਰਸਤਿਆਂ ਉਤੇ ਆਪਣੇ ਨੈਣ ਵਿਛਾ ਕੇ ਆਪ ਜੀ ਦੀ ਉਡੀਕ ਕਰਾਂਗੇ। ਜੋ ਪ੍ਰੇਮੀ ਕਿਸੇ ਕਾਰਨ ਇਸ ਮੀਟਿੰਗ ਵਿਚ ਨਹੀਂ ਪਹੁੰਚ ਸਕਦੇ, ਉਹ ਆਪਣੇ ਵੀਚਾਰ ਟੈਲੀਫੋਨ, ਫੈਕਸ, ਈ.ਮੇਲ ਜਾਂ ਪੱਤਰਕਾ ਰਾਹੀਂ ਜ਼ਰੂਰ ਭੇਜਣ ਦੀ ਕ੍ਰਿਪਾਲਤਾ ਕਰਨ ਤਾਕਿ ਇਹ ਮਹਾਨ ਸਮਾਗਮ ਪੂਰੇ ਪਿਆਰ ਅਤੇ ਸਤਿਕਾਰ ਨਾਲ ਸਫਲਤਾ ਸਹਿਤ ਮਨਾਇਆ ਜਾ ਸਕੇ।

***ਪ੍ਰਾਰਥਕ***
***ਭਾਈ ਲਖਬੀਰ ਸਿੰਘ***